
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 52
April 7, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## Desh Doaba takes pride in congratulating Mahatma Jyotirao Phule on his happy birthday



Mahatma Jyotirao Phule stood against the Manuwad (Manusmriti Article 1.91) and started the first Indian school for Bahujans in 1848. He also demanded reservation based on caste population in services and in educational fields for the first time. Mahatma Phule exposed the misdeeds of Brahmins as to how they cheat the gullible Bahujan Samaj by creating in them a fear of God.




ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ। ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਦੇ ਜਨਮ ਦਿਨ ਨੂੰ ਸਮਰਪਿਤ ਸੰਪਾਦਕੀ ਅਤੇ ਲੇਖ ਦੇਖੋ ਸਫਾ 6 ਅਤੇ *23* ਤੋਂ *27* 'ਤੇ)

# 19 ਅਪ੍ਰੈਲ ਤੋਂ ਹਰ ਬਾਲਗ ਅਮਰੀਕੀ ਨੂੰ ਲੱਗੇਗਾ ਟੀਕਾ

## ਟੀਕੇ ਲਵਾਉਣ ਵਾਲਿਆਂ ਦੀਆਂ ਲੱਗ ਰਹੀਆਂ ਹਨ ਲੰਬੀਆਂ ਕਤਾਰਾਂ

**ਸੈਕਰਾਮੈਂਟੋ 7 ਅਪ੍ਰੈਲ –** ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ 19 ਅਪ੍ਰੈਲ ਤੋਂ ਹਰ ਬਾਲਗ ਅਮਰੀਕੀ ਲਈ ਕੋਰੋਨਾ ਤੋਂ ਬਚਾਅ ਲਈ ਟੀਕਾ ਲਵਾਉਣ ਵਾਸਤੇ ਦਰਵਾਜ਼ੇ ਖੋਲ ਦਿੱਤੇ ਹਨ ਪਰ ਸਪਲਾਈ ਦੀ ਘਾਟ ਕਾਰਨ ਟੀਕਾਕਰਣ ਪ੍ਰਭਾਵਿਤ ਹੋ ਸਕਦਾ ਹੈ। ਇਸ ਵੇਲੇ ਹਾਲਤ ਇਹ ਹੈ ਕਿ ਟੀਕਾ ਲਵਾਉਣ ਲਈ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ ਤੇ ਲੋਕ ਰੋਜਾਨਾ ਆਪਣੇ ਕੰਪਿਊਟਰ ਉਪਰ 'ਮਾਈ ਟਰਨ ਵੈੱਬ ਪੇਜ਼' ਖੋਲ ਕੇ ਵੇਖਦੇ ਹਨ ਕਿ ਟੀਕਾ ਲਵਾਉਣ ਲਈ ਵਾਰੀ ਆਈ ਹੈ ਕਿ ਨਹੀਂ। ਬਹੁਤ ਸਾਰੇ ਲੋਕਾਂ ਨੂੰ ਵਾਰੀ ਨਾ ਆਉਣ ਕਾਰਨ ਨਿਰਾਸ਼ਤਾ ਹੱਥ ਲੱਗ ਰਹੀ ਹੈ। ਜਦੋਂ ਸਾਰੇ ਅਮਰੀਕੀਆਂ ਨੂੰ ਟੀਕੇ ਲੱਗਣੇ ਸ਼ੁਰੂ ਹੋਣਗੇ ਤਾਂ ਹਾਲਾਤ ਹੋਰ ਵੀ ਪੇਚੀਦਾ ਹੋ ਸਕਦੇ ਹਨ। ਰਾਸ਼ਟਰਪਤੀ ਬਾਇਡੇਨ ਨੇ ਐਲਾਨ ਕੀਤਾ ਹੈ ਕਿ 19 ਅਪ੍ਰੈਲ ਤੋਂ ਸਾਰੇ ਅਮਰੀਕੀ ਟੀਕਾ ਲਵਾ ਸਕਣਗੇ ਪਹਿਲਾਂ ਉਨਾਂ ਨੇ ਸਾਰੇ ਅਮਰੀਕੀਆਂ ਲਈ ਟੀਕਾਕਰਣ 1 ਮਈ ਤੱਕ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਬਾਇਡੇਨ ਨੇ ਆਪਣੇ ਐਲਾਨ ਵਿਚ ਕਿਹਾ ਹੈ " ਬਹੁਤ ਸਾਰੇ ਰਾਜ ਪਹਿਲਾਂ ਹੀ ਸਾਰੇ ਅਮਰੀਕੀਆਂ ਲਈ ਟੀਕਾਕਰਣ ਸ਼ੁਰੂ ਕਰ ਚੁੱਕੇ ਹਨ ਪਰੰਤੂ 19 ਅਪ੍ਰੈਲ ਤੱਕ ਹਰ ਬਾਲਗ ਅਮਰੀਕੀ ਕੋਵਿਡ ਵੈਕਸੀਨ ਲਵਾ ਸਕੇਗਾ।" ਮਾਹਿਰਾਂ ਤੇ ਮੈਡੀਕਲ ਖੇਤਰ ਨਾਲ ਜੁੜੇ ਵਿਅਕਤੀਆਂ ਦਾ ਕਹਿਣਾ ਹੈ ਕਿ ਸਾਰੇ ਅਮਰੀਕੀਆਂ ਦੇ ਟੀਕਾਕਰਣ ਲਈ ਸਪਲਾਈ ਕੁਝ ਹਫਤਿਆਂ ਤੱਕ ਮੰਗ ਪੂਰੀ ਸਕੇਗੀ ਤੇ ਅਮਰੀਕੀਆਂ ਨੂੰ ਟੀਕਾ ਲਵਾਉਣ ਲਈ ਉਡੀਕ ਕਰਨੀ ਪਵੇਗਾ ਤੇ ਸਬਰ ਰਖਣਾ ਪਵੇਗਾ। ਯੇਲ ਯੁਨੀਵਰਸਿਟੀ ਵਿਖੇ ਸਿਹਤ ਨੀਤੀ ਬਾਰੇ ਅਸਿਸਟੈਂਟ ਪ੍ਰੋਫਸਰ ਤੇ ਕੋਨੈਕਟੀਕਟ ਵੈਕਸੀਨ ਸਲਾਹਕਾਰ ਕਮੇਟੀ ਮੈਂਬਰ ਜੈਸਨ ਐਲ ਸ਼ਵਰਟਜ਼ ਦਾ ਕਹਿਣਾ ਹੈ ਕਿ "ਸ਼ੁਰੂ ਵਿਚ ਭੀੜ ਹੋ ਸਕਦੀ ਹੈ ਪਰੰਤੂ ਵਧੀਆ ਗੱਲ ਇਹ ਹੈ ਕਿ ਅਸੀਂ ਵੈਕਸੀਨ ਸਪਲਾਈ ਦੀ ਉਸ ਸਥਿੱਤੀ ਵੱਲ ਵਧ ਰਹੇ ਹਾਂ ਜਿਥੇ ਲੰਬ ਸਮੇ ਦੀ ਉਡੀਕ ਖਤਮ ਹੋ ਜਾਵੇਗੀ। ਅਸੀਂ ਇਕ ਅਹਿਮ ਪੜਾਅ ਵਿਚ ਦਾਖਲ ਹੋ ਰਹੇ ਹਾਂ ਜਿਥੇ ਸਾਡੇ ਕੋਲ ਲੋੜੀਂਦੀ ਮਾਤਰਾ ਵਿਚ ਵੈਕਸੀਨ ਹੋਵੇਗੀ।" ਵਾਈਟ ਹਾਊਸ ਕੋਵਿਡ-19 ਟੀਮ ਦੇ ਸੀਨੀਅਰ ਸਲਾਹਕਾਰ ਐਂਡੀ ਸਲਾਵਿਟ ਨੇ ਕਿਹਾ ਹੈ ਕਿ ਪਿਛਲੇ ਹਫਤੇ ਪਹਿਲੀ ਵਾਰ ਰੋਜਾਨਾ ਔਸਤ 31 ਲੱਖ ਲੋਕਾਂ ਦੇ ਟੀਕਾਕਰਣ ਹੋਇਆ ਹੈ ਤੇ ਇਕ ਦਿਨ ਵਿਚ ਰਿਕਾਰਡ 41 ਲੱਖ ਲੋਕਾਂ ਦੇ ਕੋਵਿਡ-19 ਵੈਕਸੀਨ ਲਾਇਆ ਗਿਆ ਹੈ।



### ਇਸ ਹਫਤੇ 2 ਕਰੋੜ 80 ਲੱਖ ਹੋਰ ਲੋਕਾਂ ਦੇ ਟੀਕਾ ਲੱਗ ਜਾਵੇਗਾ

ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਅਨੁਸਾਰ ਤਕਰੀਬਨ 33% ਅਮਰੀਕੀ ਇਕ ਟੀਕਾ ਲਵਾ ਚੁੱਕੇ ਹਨ ਤੇ 19% ਦੇ ਦੋਨੋਂ ਟੀਕੇ ਲੱਗ ਚੁੱਕੇ ਹਨ। ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਨ ਫਰਾਂਸਿਸਕੋ ਵਿਖੇ ਮੈਡੀਸਨ ਵਿਭਾਗ ਦੇ ਮੁੱਖੀਤੇ ਪ੍ਰੋਫੈਸਰ ਡਾ ਰਾਬਰਟ ਵਾਚਰ ਨੇ ਯੂ.ਐਸ ਵੈਕਸੀਨ ਕੋਸ਼ਿਸ਼ਾਂ ਨੂੰ ਬੀ+ ਗਰੇਡ ਦਿੱਤਾ ਹੈ ਜਦ ਕਿ ਟਰੰਪ ਪ੍ਰਸ਼ਾਸਨ ਨੂੰ ਪਹਿਲੇ ਪੰਜ ਹਫਤਿਆਂ ਦੌਰਾਨ ਐਫ ਗਰੇਡ ਮਿਲਿਆ ਸੀ। ਉਨਾਂ ਕਿਹਾ ਕਿ ਇਕ ਵੱਡਾ ਦੇਸ਼ ਹੋਣ ਦੇ ਨਾਤੇ ਅਸੀਂ ਇੰਗਲੈਂਡ ਤੋਂ ਕੁਝ ਪਿਛੇ ਹਾਂ ਪਰੰਤੂ ਵਿਸ਼ਵ ਵਿਚ ਬਾਕੀ ਸਭ ਨਾਲੋਂ ਅੱਗੇ ਹਾਂ।



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# Sri Guru Ravidass Sabha Pittsburg organized a health camp for Vaccination

Sri Guru Ravidass Sabha organized a health camp for Vaccination on last Saturday, 4/3/21 at 10AM Volunteers from Contra Costa County Health Services administered the Janssen vaccine to 350 Gurghar members and other community members. Some people came from Fremont, San Jose and Sunnyvale. Janssen vaccine requires only one dose. Committee members helped with maintaining social distance, set up and directing traffic. They made sure that everyone was wearing a mask and provided masks to people who came without one.

Sangat was served tea and snacks after vaccination.

This was a great community service (SEWA )by the Gurughar committee members and other volunteers.

We look forward to more health camps and community service programs by the committee of Sri Guru Ravidass Temple.

We are thankful to all the volunteers for their help.



**Ramesh Summan**
Former President & Chairman
Sri Guru Ravidass Sabha
Pittsburgh (CA)



















# Congratulatory Message

It is matter of gratification to note that the esteemed mouth piece of the weaker sections of the society, The Ambedkar Times has entered its 13th year of publishing last week on Mach 13, 2021. I take this opportunity to congratulate its Editor-in-Chief Prem K. Chumber and fondly remember its founder and motivator Late C.L. Chumber on the occasion and wish it further success and prosperity in the service of the community and the society at large.

I am confident that the "Ambedkar Times" will continue to provide due space and priority to the issues of the marginalized sections of the society to realize the mission of Babasaheb Ambedkar, Babu Mangu Ram Mugowalia and Manyawar Kanshi Ram in the years to come to whom the paper is dedicated.

**(Ramesh Chander)**



**Ramesh Chander**
Ambassador - I.F.S. (Retired)
91-99885-10940



INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਪੀਟਲ ਬਿਲਡਿੰਗ ਦੇ ਬਾਹਰਵਾਰ ਲੱਗੇ ਨਾਕੇ 'ਤੇ ਇਕ ਕਾਰ ਦੋ ਪੁਲਿਸ ਅਧਿਕਾਰੀਆਂ ਉਪਰ ਚੜ੍ਹਾਈ

## 1 ਦੀ ਮੌਤ 1 ਜ਼ਖਮੀ, ਕਾਰ ਦੇ ਡਰਾਈਵਰ ਦੀ ਪੁਲਿਸ ਗੋਲੀ ਨਾਲ ਮੌਤ






**ਸੈਕਰਾਮੈਂਟੋ 3 ਅਪੈਰੈਲ** – ਯੂ.ਐਸ ਕੈਪੀਟਲ ਬਿਲਡਿੰਗ ਦੇ ਬਾਹਰਵਾਰ ਲੱਗੇ ਇਕ ਸੁਰੱਖਿਆ ਨਾਕੇ 'ਤੇ ਤਾਇਨਾਤ 2 ਪੁਲਿਸ ਅਧਿਕਾਰੀਆਂ ਉਪਰ ਇਕ ਵਿਅਕਤੀ ਨੇ ਆਪਣੀ ਕਾਰ ਚੜ੍ਹਾ ਦਿੱਤੀ ਜਿਸ ਨਾਲ ਇਕ ਅਧਿਕਾਰੀ ਦੀ ਮੌਤ ਹੋ ਗਈ ਜਦ ਕਿ ਦੂਸਰਾ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਾਅਦ ਵਿਚ ਪੁਲਿਸ ਵੱਲੋਂ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਕਾਰ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਗਈ। ਪੁਲਿਸ ਨੇ ਇਸ ਘਟਨਾ ਨੂੰ ਹਮਲਾ ਕਰਾਰ ਦਿੱਤਾ ਹੈ। ਯੂ ਐਸ ਕੈਪੀਟਲ ਪੁਲਿਸ ਮੁੱਖੀ ਯੋਗਾਨੰਦਾ ਪਿਟਮੈਨ ਨੇ ਕਿਹਾ ਕਿ ਹਮਲਾਵਰ ਦੇ ਹਮਲੇ ਵਿਚ ਜ਼ਖਮੀ ਹੋਇਆ ਉੱਤਰੀ ਨਾਕੇ ਉਪਰ ਤਾਇਨਾਤ ਅਧਿਕਾਰੀ ਵਿਲੀਅਮ ਬਿਲੀ ਏਵਾਨਜ ਬਾਅਦ ਵਿਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਪੁਲਿਸ ਅਧਿਕਾਰੀ ਦੀ ਉਮਰ 18 ਸਾਲ ਸੀ। ਉਸ ਨੇ ਦੱਸਿਆ ਕਿ ਕਾਰ ਦਾ ਡਰਾਈਵਰ ਨਾਕੇ ਵਿਚ ਟੱਕਰ ਮਾਰਨ ਤੋਂ ਬਾਅਦ ਰੁਕਿਆ ਨਹੀਂ ਤੇ ਉਹ ਹਮਲਾਵਰ ਰੁਖ ਅਪਣਾਉਂਦਿਆਂ ਹੋਇਆਂ ਕਾਰ ਨੂੰ ਅੱਗੇ ਤੱਕ ਲੈ ਗਿਆ। ਬਾਅਦ ਵਿਚ ਉਹ ਚਾਕੂ ਲੈ ਕੇ ਕਾਰ ਵਿਚੋਂ ਨਿਕਲਿਆ ਤੇ ਉਸ ਨੇ ਪੁਲਿਸ ਅਫਸਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਪੁਲਿਸ ਵੱਲੋਂ ਦਿੱਤੀ ਚਿਤਾਵਨੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ 'ਤੇ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ। ਸ਼ੱਕੀ ਹਮਲਾਵਰ ਦੀ ਪਛਾਣ ਨੋਆਹ ਗਰੀਨ (25) ਵਜੋਂ ਹੋਈ ਹੈ ਜੋ ਇੰਡਿਆਨਾ ਦਾ ਰਹਿਣ ਵਾਲਾ ਸੀ। ਡੀ ਸੀ ਮੈਟਰੋਪੋਲੀਟਨ ਪੁਲਿਸ ਮੁੱਖੀ ਰਾਬਰਟ ਜੇ ਕੋਨਟੀ ਨੇ ਕਿਹਾ ਹੈ ਕਿ ਇਹ ਮਾਮਲਾ ਅੱਤਵਾਦ ਨਾਲ ਸਬੰਧਿਤ ਨਹੀਂ ਲੱਗਦਾ ਫਿਰ ਵੀ ਪੁਲਿਸ ਗਰੀਨ ਦੇ ਇਰਾਦੇ ਦਾ ਪਤਾ ਲਾਉਣ ਲਈ ਜਾਂਚ ਕਰ ਰਹੀ ਹੈ। ਕੋਨਟੀ ਨੇ ਸਪੱਸ਼ਟ ਕੀਤਾ ਕਿ ਸ਼ੱਕੀ ਹਮਲਾਵਰ ਬਾਰੇ ਪੁਲਿਸ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ ਤੇ ਨਾ ਹੀ ਜਨਵਰੀ ਵਿਚ ਕੈਪੀਟਲ ਹਿੱਲ ਉਪਰ ਹੋਏ ਹਮਲੇ ਵਿਚ ਉਸ ਦੀ ਕੋਈ ਸ਼ਮੂਲੀਅਤ ਸੀ। ਇਸ ਘਟਨਾ ਉਪਰੰਤ ਕੈਪੀਟਲ ਬਿਲਡਿੰਗ ਨੂੰ ਬੰਦ ਕਰ ਦਿੱਤਾ ਗਿਆ ਹੈ।

# ਅਮਰੀਕਾ ਵਿਚ ਦੋ ਹਫਤਿਆਂ ਦੌਰਾਨ ਗੋਲੀਬਾਰੀ ਦੀਆਂ 20 ਘਟਨਾਵਾਂ ਵਾਪਰੀਆਂ, ਏਸ਼ੀਅਨ ਲੋਕਾਂ ਵਿਚ ਡਰ ਦਾ ਮਾਹੌਲ

**ਸੈਕਰਾਮੈਂਟੋ 2 ਅਪੈਰੈਲ** – ਅਮਰੀਕਾ ਦੇ ਐਟਲਾਂਟਾ ਖੇਤਰ ਵਿਚ 16 ਮਾਰਚ ਨੂੰ ਏਸ਼ੀਅਨ ਮਸਾਜ਼ ਕੇਂਦਰਾਂ ਉਪਰ ਹੋਏ ਹਮਲਿਆਂ ਤੋਂ ਬਾਅਦ ਦੋ ਹਫਤਿਆਂ ਦੇ ਅੰਦਰ ਗੋਲੀਬਾਰੀ ਦੀਆਂ ਘੱਟੋ ਘੱਟ 20 ਘਟਨਾਵਾਂ ਵਾਪਰੀਆਂ ਹਨ। ਇਹ ਘਟਨਾਵਾਂ ਕੈਲੀਫੋਰਨੀਆ ਤੋਂ ਲੈ ਕੇ ਵਾਸ਼ਿੰਗਟਨ ਡੀ ਸੀ ਤੱਕ ਵਾਪਰੀਆਂ ਹਨ। ਵਿਸ਼ਲੇਸ਼ਣਕਾਰਾਂ ਅਨੁਸਾਰ ਜਦੋਂ ਵੀ ਅਮਰੀਕਾ ਵਿਚ ਹਾਲਾਤ ਆਮ ਵਾਂਗ ਹੋਣ ਲੱਗਦੇ ਹਨ ਤਾਂ ਸਮਝੋ ਗੋਲੀਬਾਰੀ ਦੀ ਕੋਈ ਘਟਨਾ ਵਾਪਰਨ ਵਾਲੀ ਹੈ।

ਐਟਲਾਂਟਾ ਵਿਚ ਸਮੂਹਿਕ ਹੱਤਿਆਵਾਂ ਤੋਂ ਬਾਅਦ ਇਕ ਹਫਤੇ ਦੇ ਅੰਦਰ ਬੋਲਡਰ ਤੇ ਕੋਲੋਰਾਡੋ ਦੇ ਗਰੌਸਰੀ ਸਟੋਰਾਂ ਵਿਚ ਗੋਲੀਬਾਰੀ ਦੀਆਂ 7 ਘਟਨਾਵਾਂ ਵਾਪਰੀਆਂ ਹਨ।

ਇਸ ਤੋਂ ਅਗਲੇ ਹਫਤੇ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਦੀ ਗਿਣਤੀ ਵਧ ਕੇ ਦੁੱਗਣੀ ਹੋ ਗਈ। ਔਰੇਂਜ, ਕੈਲੀਫੋਰਨੀਆ ਵਿਚ 31 ਮਾਰਚ ਨੂੰ ਹੋਈ ਗੋਲੀਬਾਰੀ ਵਿਚ ਇਕ ਬੱਚੇ ਸਮੇਤ 4 ਵਿਅਕਤੀ ਮਾਰੇ ਗਏ। ਇਸੇ ਹੀ ਦਿਨ ਵਾਸ਼ਿੰਗਟਨ ਡੀ ਸੀ ਵਿਚ ਇਕ ਝਗੜੇ ਉਪਰੰਤ ਚੱਲੀਆਂ ਗੋਲੀਆਂ ਨਾਲ 2 ਵਿਅਕਤੀ ਮਾਰੇ ਗਏ ਤੇ 3 ਹੋਰ ਜ਼ਖਮੀ ਹੋ ਗਏ। ਇਸ ਤੋਂ ਪਹਿਲਾਂ 28 ਮਾਰਚ ਨੂੰ ਕਲੀਵਲੈਂਡ ਨਾਇਟ ਕਲੱਬ ਵਿਚ 7 ਲੋਕਾਂ ਨੂੰ ਗੋਲੀਆਂ ਮਾਰਨ ਦੀ ਘਟਨਾ ਵਾਪਰੀ ਸੀ। 28 ਮਾਰਚ ਨੂੰ ਹੀ ਸ਼ਿਕਾਗੋ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਜ਼ਖਮੀ ਹੋਏ 4 ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਸੀ।

27 ਮਾਰਚ ਨੂੰ ਸ਼ਿਕਾਗੋ ਦੇ ਦੱਖਣੀ ਆਸਟਿਨ ਵਿਚ 4 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਬਾਇਡੇਨ ਪ੍ਰਸ਼ਾਸਨ ਵੱਲੋਂ ਗੋਲੀਬਾਰੀ ਦੀਆਂ ਘਟਨਾਵਾਂ ਰੋਕਣ ਲਈ ਵਿਸ਼ਵਾਸ ਦਿਵਾਉਣ ਦੇ ਬਾਵਜੂਦ ਅਜੇ ਤੱਕ ਅਮਲ ਵਿਚ ਕੋਈ ਵੀ ਕਾਰਗਰ ਕਦਮ ਨਹੀਂ ਚੁੱਕਿਆ ਗਿਆ।

ਪਤਾ ਨਹੀਂ ਕਦੋਂ ਕਿਥੇ ਗੋਲੀ ਚੱਲ ਜਾਵੇ, ਇਹ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਬਾਇਡੇਨ ਪ੍ਰਸ਼ਾਸਨ ਹਥਿਆਰਾਂ ਦੀ ਖਰੀਦ ਸਬੰਧੀ ਨਿਯਮਾਂ ਵਿਚ ਸਖ਼ਤੀ ਵਰਤਣਾ ਚਾਹੁੰਦਾ ਹੈ ਤੇ ਹਥਿਆਰ ਵੇਚਣ ਤੋਂ ਪਹਿਲਾਂ ਸਬੰਧਿਤ ਵਿਅਕਤੀ ਦੇ ਪਿਛੋਕੜ ਬਾਰੇ ਚੰਗੀ ਤਰਾਂ ਛਾਣਬੀਣ ਕਰਨ ਦੀ ਗੱਲ ਕਹਿ ਰਿਹਾ ਹੈ। ਗੋਲੀਬਾਰੀ ਦੀਆਂ ਘਟਨਾਵਾਂ ਤੋਂ ਖਾਸ ਕਰਕੇ ਏਸ਼ੀਅਨ ਲੋਕ ਭੈਭੀਤ ਹਨ ਕਿਉਂਕਿ ਬੀਤੇ ਵਿਚ ਉਨ੍ਹਾਂ ਨੂੰ ਵਿਸ਼ੇਸ਼ ਰੂਪ ਵਿਚ ਨਿਸ਼ਾਨਾ ਬਣਾਇਆ ਗਿਆ ਹੈ।

*****

# ਫਾਈਜ਼ਰ ਦਾ ਟੀਕਾ ਘੱਟੋ ਘੱਟ 6 ਮਹੀਨੇ ਲਈ ਕੋਵਿਡ ਵਾਇਰਸ ਤੋਂ ਕਰਦਾ ਹੈ ਬਚਾਅ

**ਸੈਕਰਾਮੰਟੋ 2 ਅਪ੍ਰੈਲ**– ਫਾਈਜ਼ਰ -ਬਾਇਓਟੈਕ ਕੰਪਨੀ ਨੇ ਆਪਣੀ ਇਕ ਤਾਜ਼ਾ ਖੋਜ ਵਿਚ ਕਿਹਾ ਹੈ ਕਿ ਉਸ ਦਾ ਟੀਕਾ ਕੋਵਿਡ-19 ਵਿਰੁੱਧ 90% ਪ੍ਰਭਾਵਸ਼ਾਲੀ ਹੈ ਤੇ ਇਹ ਘੱਟੋ ਘੱਟ 6 ਮਹੀਨੇ ਕੋਰੋਨਾ ਤੋਂ ਬਚਾਅ ਕਰਨ ਦੇ ਸਮਰੱਥ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਦਾ ਇਹ ਸਿੱਟਾ 46000 ਵਿਅਕਤੀਆਂ ਉਪਰ ਕੀਤੀ ਗਈ ਕਲੀਨੀਕਲ ਪਰਖ ਉਪਰੰਤ ਸਾਹਮਣੇ ਆਇਆ ਹੈ। ਕੰਪਨੀ ਵੱਲੋਂ ਜਾਰੀ ਪ੍ਰੈਸ ਰਲੀਜ਼ ਵਿਚ ਕਿਹਾ ਗਿਆ ਹੈ ਕਿ ਨਵੀਆਂ ਲੱਭਤਾਂ ਅਨੁਸਾਰ 12000 ਵਾਲੰਟੀਅਰਾਂ ਜਿਨ੍ਹਾਂ ਦੇ ਦੂਸਰਾ ਟੀਕਾ ਲਾਏ ਨੂੰ 6 ਮਹੀਨੇ ਹੋ ਗਏ ਹਨ, ਦੀ ਸੁਰੱਖਿਆ ਨੂੰ ਲੈ ਕੇ ਕਿਸੇ ਕਿਸਮ ਦੀ ਗੰਭੀਰ ਸਮੱਸਿਆ ਸਾਹਮਣੇ ਨਹੀਂ ਆਈ ਹਾਲਾਂ ਕਿ ਕਈਆਂ ਵਿਚ ਥੋੜੇ ਸਮੇਂ ਲਈ ਥਕਾਨ ਜਾਂ ਦਰਦ ਵਰਗੀਆਂ ਅਲਾਮਤਾਂ ਜਰੂਰ ਵੇਖਣ ਨੂੰ ਮਿਲੀਆਂ ਹਨ। ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਦਾ ਟੀਕਾ ਦੱਖਣੀ ਅਫਰੀਕੀ ਵਾਇਰਸ ਜਿਸ ਨੂੰ ਬੀ.1.351 ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਰੁੱਧ ਵੀ ਕਾਰਗਰ ਹੈ।

# ਅਲਾਬਾਮਾ ਵਿਚ ਯੋਗਾ ਉਪਰ ਲੱਗੀ ਰੋਕ ਹਟਾਉਣ ਬਾਰੇ ਬਿੱਲ ਸੈਨਿਟ ਕਮੇਟੀ ਨੇ ਰੋਕਿਆ

**ਸੈਕਰਾਮੰਟੋ 3 ਅਪ੍ਰੈਲ**– ਅਲਾਬਾਮਾ ਰਾਜ ਵਿਚ ਪਿਛਲੇ 28 ਸਾਲ ਤੋਂ ਪਬਲਿਕ ਸਕੂਲਾਂ ਵਿਚ ਯੋਗਾ ਕਰਵਾਉਣ ਉਪਰ ਲੱਗੀ ਰੋਕ ਹਟਾਉਣ ਸਬੰਧੀ ਬਿੱਲ ਸੈਨਿਟ ਦੀ ਕਮੇਟੀ ਨੇ ਰੋਕ ਲਿਆ ਹੈ। ਬਿੱਲ ਦੇ ਵਿਰੋਧੀਆਂ ਦਾ ਦਾਅਵਾ ਹੈ ਕਿ ਇਸ ਨਾਲ ਪਬਲਿਕ ਸਕੂਲਾਂ ਵਿਚ ਹਿੰਦੂਵਾਦ ਦਾਖਲ ਹੋ ਜਾਵੇਗਾ। ਇਹ ਬਿੱਲ ਇਸ ਸਾਲ ਦੇ ਸ਼ੁਰੂ ਵਿਚ ਰਿਪਬਲੀਕਨ ਮੈਂਬਰ ਜਰੇਮੀ ਗਰੇਅ ਵੱਲੋਂ ਲਿਆਂਦਾ ਗਿਆ ਸੀ ਜਿਸ ਵਿਚ ਪਬਲਿਕ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਯੋਗਾ ਕਰਨ ਦੀ ਇਜਾਜ਼ਤ ਦੇਣ ਦੀ ਵਿਵਸਥਾ ਕੀਤੀ ਗਈ ਹੈ ਹਾਲਾਂ ਕਿ ਯੋਗਾ ਨੂੰ ਇਕ 'ਆਪਸ਼ਨ' ਵਜੋਂ ਸ਼ਾਮਿਲ ਕੀਤਾ ਗਿਆ ਹੈ। ਬਿੱਲ ਉਪਰ ਰੋਕ ਉਪਰੰਤ ਬੀਬੀ ਗਰੇਅ ਨੇ ਕਿਹਾ ਹੈ ਕਿ ਮੇਰੀ ਜਾਣਕਾਰੀ ਅਨੁਸਾਰ ਅਜਿਹੀ ਕੋਈ ਗੱਲ ਨਹੀਂ ਹੈ ਕਿ ਯੋਗਾ ਨਾਲ ਲੋਕ ਹਿੰਦੂਵਾਦ ਅਪਨਾ ਲੈਣਗੇ। ਉਨ੍ਹਾਂ ਕਿਹਾ ਕਿ ਯੋਗਾ ਅਭਿਆਸ ਨਾਲ ਨਾ ਕੇਵਲ ਸਰੀਰਕ ਲਾਭ ਹੁੰਦਾ ਹੈ ਬਲਕਿ ਸੰਤੁਲਨ, ਲੱਚਕਤਾ ਤੇ ਕੇਂਦਰੀ ਤਾਕਤ ਵਧਦੀ ਹੈ। ਇਸ ਨਾਲ ਦਿਮਾਗ ਤੰਦਰੁਸਤ ਹੁੰਦਾ ਹੈ ਤੇ ਵਿਦਿਆਰਥੀਆਂ ਲਈ ਦਬਾਅ ਤੇ ਗੁੱਸੇ ਉਪਰ ਕਾਬੂ ਪਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ। ਇਸ ਦੇ ਉਲਟ ਈਗਲ ਫੋਰਮ ਅਲਾਬਾਮਾ ਦੇ ਕਾਰਜਕਾਰੀ ਡਾਇਰੈਕਟਰ ਬੈਕੀ ਗੈਰਿਸਟਨ ਤੇ ਹੋਰਨਾਂ ਨੇ ਸੈਨੇਟ ਜੁਡੀਸ਼ੀਅਰੀ ਕਮੇਟੀ ਅੱਗੇ ਆਪਣਾ ਪੱਖ ਰਖਦਿਆਂ ਕਿਹਾ ਕਿ ਇਹ ਬਿੱਲ ਗੈਰ ਜਰੂਰੀ ਹੈ। ਇਸ ਦੀ ਕੋਈ ਲੋੜ ਨਹੀਂ ਹੈ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਪਹਿਲੇ ਹਫਤੇ 19 ਗਵਾਹੀਆਂ ਭੁਗਤੀਆਂ

**ਸੈਕਰਾਮੈਂਟੋ 4 ਅਪ੍ਰੈਲ**– ਵਿਸ਼ਵ ਭਰ ਵਿਚ ਚਰਚਾ ਦਾ ਵਿਸ਼ਾ ਬਣੇ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਪਹਿਲੇ ਹਫਤੇ 14 ਮੈਂਬਰੀ ਜੁਡੀਸ਼ਰੀ ਅੱਗੇ ਕੁਲ 19 ਗਵਾਹੀਆਂ ਹੋਈਆਂ। ਮਿਨੀਪੋਲਿਸ ਦੇ ਪੁਲਿਸ ਅਧਿਕਾਰੀ ਸ਼ੌਵਿਨ ਡੈਰਕ ਵਿਰੁੱਧ ਲੱਗੇ ਹੱਤਿਆ ਦੇ ਦੋਸ਼ਾਂ ਬਾਰੇ ਸੁਣਵਾਈ ਦੀ ਸ਼ੁਰੂਆਤ ਦੌਰਾਨ ਫਲਾਇਡ ਦੀ ਗ੍ਰਿਫਤਾਰੀ ਤੋਂ ਲੈ ਕੇ ਉਸ ਦੀ ਮੌਤ ਤੱਕ ਦੀ ਵੀਡੀਓ ਅਦਾਲਤ ਵਿਚ ਵਿਖਾਈ ਗਈ। ਗਵਾਹੀ ਦੌਰਾਨ ਅਨੇਕਾਂ ਗਵਾਹ ਫਲਾਇਡ ਦੀ ਮੌਤ ਦਾ ਦ੍ਰਿਸ਼ ਯਾਦ ਕਰਕੇ ਆਪਣੇ ਅੱਥਰੂ ਰੋਕੇ ਬਿਨਾਂ ਨਹੀਂ ਰਹਿ ਸਕੇ। ਹਫਤੇ ਦੇ ਦੂਸਰੇ ਅੱਧ ਦੌਰਾਨ ਅਦਾਲਤ ਦਾ ਧਿਆਨ ਪੁਲਿਸ ਦੇ ਬਾਡੀ ਕੈਮਰਾ ਵੀਡੀਓ ਉਪਰ ਕੇਂਦਰਿਤ ਰਿਹਾ। ਅਜੇ ਮੈਡੀਕਲ ਮਾਹਿਰਾਂ ਦੀਆਂ ਗਵਾਹੀਆਂ ਹੋਣੀਆਂ ਹਨ ਜੋ ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ ਕਿਉਂਕਿ ਬਚਾਅ ਪੱਖ ਦਾ ਕਹਿਣਾ ਹੈ ਕਿ ਫਲਾਇਡ ਦੀ ਮੌਤ ਡਰੱਗ ਦੀ ਵਰਤੋਂ ਤੇ ਹੋਰ ਸਿਹਤ ਸਮੱਸਿਆਵਾਂ ਕਾਰਨ ਹੋਈ ਹੈ ਜਦ ਕਿ ਇਸਤਗਾਸਾ ਧਿਰ ਦਾ ਦੋਸ਼ ਹੈ ਕਿ ਮਿਨੀਪੋਲਿਸ ਦੀ ਪੁਲਿਸ ਵੱਲੋਂ ਵਰਤੀ ਗਈ ਤਾਕਤ ਕਾਰਨ ਫਲਾਇਡ ਦਮ ਤੋੜ ਗਿਆ ਸੀ। ਖਾਸ ਕਰਕੇ ਪੁਲਿਸ ਅਧਿਕਾਰੀ ਸ਼ੌਵਿਨ ਡੈਰਕ ਵੱਲੋਂ ਧੌਣ ਨੂੰ 9 ਮਿੰਟ ਤੋਂ ਵੀ ਵਧ ਸਮਾਂ ਦਬਾਅ ਕੇ ਰੱਖਣ ਕਾਰਨ ਫਲਾਇਡ ਦਾ ਸਾਹ ਬੰਦ ਹੋ ਗਿਆ ਸੀ। ਜ਼ਿਆਦਾਤਰ ਗਵਾਹਾਂ ਨੇ ਵੀ ਇਸਤਗਾਸਾ ਪੱਖ ਦੀ ਇਸ ਦਲੀਲ ਦੀ ਪੁਸ਼ਟੀ ਕੀਤੀ ਹੈ ਤੇ ਉਨ੍ਹਾਂ ਕਿਹਾ ਹੈ ਕਿ ਫਲਾਇਡ ਵਾਰ ਵਾਰ ਸਾਹ ਨਾ ਆਉਣ ਦੀ ਗੱਲ ਕਰ ਰਿਹਾ ਸੀ ਤੇ ਉਹ ਪੁਲਿਸ ਨੂੰ ਛੱਡ ਦੇਣ ਦੀ ਬੇਨਤੀ ਕਰ ਰਿਹਾ ਸੀ। ਇਥੇ ਜਿਕਰਯੋਗ ਹੈ ਕਿ ਮਿਨੀਪੋਲਿਸ ਦੇ ਕੱਪ ਫੂਡਜ਼ ਸਟੋਰ ਤੋਂ ਫਲਾਇਡ ਵੱਲੋਂ ਸਿਗਰਟ ਖਰੀਦਣ ਉਪਰੰਤ ਉਸ ਵੱਲੋਂ ਦਿੱਤੇ ਗਏ 20 ਡਾਲਰ ਦੇ ਨੋਟ ਤੋਂ ਬਾਅਦ ਝਗੜਾ ਸ਼ੁਰੂ ਹੋਇਆ ਸੀ। ਸੇਲਜ਼ਮੈਨ ਦਾ ਕਹਿਣਾ ਸੀ ਕਿ 20 ਡਾਲਰ ਦਾ ਨੋਟ ਜਾਹਲੀ ਹੈ। ਉਸ ਵੱਲੋਂ ਕੀਤੀ ਕਾਲ 'ਤੇ ਪਹੁੰਚੀ ਪੁਲਿਸ ਨੇ ਫਲਾਇਡ ਨੂੰ ਹਿਰਾਸਤ ਵਿਚ ਲੈ ਲਿਆ ਸੀ ਤੇ ਉਸ ਦੇ ਹੱਥ ਪਿਛੇ ਬੰਨ੍ਹ ਦਿੱਤੇ ਸਨ ਤੇ ਬਾਅਦ ਵਿਚ ਜਮੀਨ ਉਪਰ ਪੁੱਠਾ ਲਿਟਾ ਕੇ ਉਸ ਦੀ ਧੌਣ ਉਪਰ ਗੋਡਾ ਰੱਖਣ ਕਾਰਨ ਉਸ ਦੀ ਮੌਤ ਹੋ ਗਈ ਸੀ।

# ਉੱਤਰੀ ਕੈਰੋਲੀਨਾ ਦੇ ਇਕ ਘਰ ਵਿਚ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਮੌਤਾਂ, 4 ਜ਼ਖਮੀ

**ਸੈਕਰਾਮੈਂਟੋ 4 ਅਪ੍ਰੈਲ** – ਵਿਲਮਿੰਗਟਨ (ਉੱਤਰੀ ਕੈਰੋਲੀਨਾ) ਦੇ ਇਕ ਘਰ ਵਿਚ ਚੱਲ ਰਹੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਵਿਅਕਤੀ ਮਾਰੇ ਗਏ ਤੇ 4 ਹੋਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਇਲਾਜ ਲਈ ਨਿਊ ਹੈਨਓਵਰ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਵਿਲਮਿੰਗਟਨ ਪੁਲਿਸ ਵਿਭਾਗ ਅਨੁਸਾਰ ਇਹ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ। ਮ੍ਰਿਤਕਾਂ ਦੇ ਨਾਵਾਂ ਦਾ ਅਜੇ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਅਨੁਸਾਰ ਗੋਲੀਬਾਰੀ ਦੇ ਮਕਸਦ ਬਾਰੇ ਅਜੇ ਕੁਝ ਨਹੀਂ ਪਤਾ ਲੱਗ ਸਕਿਆ ਤੇ ਇਸ ਸਬੰਧੀ ਸਾਰੇ ਪੱਖਾਂ ਦੀ ਜਾਂਚ ਕੀਤੀ ਜਾਵੇਗੀ। ਇਹ ਪ੍ਰਗਟਾਵਾ ਕਰਦਿਆਂ ਲੋਕ ਸੰਪਰਕ ਅਧਿਕਾਰੀ ਜੈਸਿਕਾ ਵਿਲੀਅਮਜ਼ ਨੇ ਕਿਹਾ ਹੈ ਕਿ ਇਹ ਕੋਈ ਬਿਨਾਂ ਸੋਚੇ ਸਮਝੇ ਵਾਪਰੀ ਘਟਨਾ ਨਹੀਂ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੋ ਵੀ ਕੋਈ ਇਸ ਘਟਨਾ ਬਾਰੇ ਜਾਣਦਾ ਹੈ ਉਹ ਪੁਲਿਸ ਨਾਲ ਸੰਪਰਕ ਕਰੇ ਤਾਂ ਜੋ ਪੀੜਤਾਂ ਨੂੰ ਨਿਆਂ ਮਿਲ ਸਕੇ।


## ਵਰ ਦੀ ਲੋੜ

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056


# ਹੰਗਰ ਮਿਟਾਓ ਭਾਰਤੀ ਅਮਰੀਕਾ ਸੰਸਥਾ ਵੱਲੋਂ ਭੋਜਨ ਮੁਹਿੰਮ ਦੀ ਸ਼ੁਰੂਆਤ




**ਸੈਕਰਾਮੈਂਟੋ 6 ਅਪ੍ਰੈਲ**– ਭਾਰਤੀ ਮੂਲ ਦੇ ਅਮਰੀਕੀਆਂ ਵੱਲੋਂ ਗਠਿਤ ਸੰਸਥਾ 'ਹੰਗਰ ਮਿਟਾਓ ਵੱਲੋਂ 'ਸਪਰਿੰਗ ਫੂਡ ਡਰਾਈਵੋ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਸੰਸਥਾ ਸਥਾਨਕ ਫੂਡ ਬੈਂਕ ਰਾਹੀਂ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਂਦੀ ਹੈ। ਸੰਸਥਾ ਨੂੰ ਬਣਿਆਂ ਅਜੇ 3 ਸਾਲ ਤੋਂ ਥੋਹੜਾ ਜਿਹਾ ਜਿਆਦਾ ਸਮਾਂ ਹੋਇਆ ਹੈ ਪਰ ਇਹ ਆਪਣੀਆਂ ਫੰਡ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਰਾਹੀਂ ਉਤਰੀ ਟੈਕਸਾਸ ਫੂਡ ਬੈਂਕ ਨੂੰ ਇਕ ਕਰੋੜ ਲੋਕਾਂ ਲਈ ਭੋਜਨ ਮੁਹੱਈਆ ਕਰਵਾ ਚੁੱਕੀ ਹੈ। ਭਿਆਨਕ ਸਰਦ ਰੁੱਤ ਦੇ ਤੂਫਾਨ ਦੇ ਮੱਦੇਨਜਰ ਸੰਸਥਾ ਟੈਕਸਾਸ ਫੂਡ ਬੈਂਕ ਲਈ ਵਧ ਤੋਂ ਵੱਧ ਸਾਧਨ ਜੁਟਾਉਣ ਦੇ ਯਤਨ ਵਿਚ ਹੈ। ਹੰਗਰ ਮਿਟਾਓ ਦੇ ਸਹਿ ਸੰਸਥਾਪਕ ਰਾਜ ਅਸਾਵਾ ਦਾ ਕਹਿਣਾ ਹੈ ਕਿ ਇਕ ਵਿਅਕਤੀ ਨੂੰ ਦਿਨ ਵਿਚ ਦੋ ਜਾਂ ਤਿੰਨ ਵਾਰ ਭੋਜਨ ਦੀ ਲੋੜ ਹੁੰਦੀ ਹੈ ਇਸ ਲਈ ਜਰੂਰੀ ਹੈ ਕਿ ਲੋਕਾਂ ਕੋਲ ਭਰੋਸੇਯੋਗ ਸਾਧਨ ਹੋਵੇ ਤਾਂ ਜੋ ਉਹ ਆਪਣੀ ਜਿੰਦਗੀ ਨੂੰ ਅੱਗੇ ਤੋਰ ਸਕਣ ਤੇ ਪੈਰਾਂ ਉਪਰ ਖੜੇ ਹੋ ਸਕਣ। ਉਨ੍ਹਾਂ ਨੇ ਲੋੜਵੰਦ ਲੋਕਾਂ ਦੀ ਮਦਦ ਲਈ ਸਰਗਰਮ ਉੱਤਰੀ ਟੈਕਸਾਸ ਫੂਡ ਬੈਂਕ ਦਾ ਧੰਨਵਾਦ ਕੀਤਾ ਹੈ ਜੋ 13 ਕਾਉਂਟੀਆਂ ਵਿਚ ਆਪਣੀਆਂ ਸੇਵਾਵਾਂ ਜਾਰੀ ਰਖ ਰਹੀ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਵਿਚ ਗਵਾਂਢੀ ਮੁਲਕਾਂ ਦੀ ਤੁਲਨਾ ਵਿਚ ਕੋਵਿਡ ਟੀਕਾਕਰਣ ਦੀ ਰਫ਼ਤਾਰ ਤੇਜ

## ਕੁਵੈਤ ਦੀ ਪਰਵਾਸੀਆਂ ਦੇ ਟੀਕਾਕਰਣ ਨਾ ਕਰਨ ਲਈ ਅਲੋਚਨਾ

**ਸੈਕਰਾਮੈਂਟੋ 5 ਅਪ੍ਰੈਲ –** ਅਮਰੀਕਾ ਵਿਚ ਕੋਵਿਡ-19 ਦੇ ਬਚਾਅ ਲਈ ਮੌਜੂਦ ਟੀਕੇ ਲੈਣ ਦਾ ਢੰਗ ਤਰੀਕਾ ਟੇਢਾ ਮੇਢਾ ਹੋ ਸਕਦਾ ਹੈ ਪਰ ਟੀਕਾਕਰਣ ਦੀ ਰਫ਼ਤਾਰ ਗਵਾਂਢੀ ਮੁਲਕਾਂ ਤੋਂ ਕਿਤੇ ਵਧ ਹੈ। ਹੁਣ ਤੱਕ 30% ਅਮਰੀਕਨਾਂ ਨੂੰ ਘੱਟੋ ਘੱਟ ਇਕ ਟੀਕਾ ਲਗਾਇਆ ਜਾ ਚੁੱਕਾ ਹੈ ਜਦ ਕਿ ਕੈਨੇਡਾ ਵਿਚ ਤਕਰੀਬਨ 12% ਲੋਕਾਂ ਨੂੰ ਇਕ ਟੀਕਾ ਲੱਗਾ ਹੈ। ਇਹ ਅੰਕੜੇ ਦੋਨਾਂ ਦੇਸ਼ਾਂ ਦੇ ਜਨਤਿਕ ਸਿਹਤ ਵਿਭਾਗਾਂ ਤੋਂ ਪ੍ਰਾਪਤ ਹੋਏ ਹਨ। ਇਸ ਨੂੰ ਲੈ ਕੇ ਕੈਨੇਡਾ ਸਰਕਾਰ ਦੀ ਅਲੋਚਨਾ ਵੀ ਹੋ ਰਹੀ ਹੈ ਕਿ ਆਖਰਕਾਰ ਕੀ ਵਜਾ ਹੈ ਜਿਸ ਕਾਰਨ ਕੈਨੇਡਾ ਟੀਕਾਕਰਣ ਵਿਚ ਅਮਰੀਕਾ ਨਾਲੋਂ ਕਾਫੀ ਪਿਛੇ ਹੈ।

ਕੰਜਰਵੇਟਿਵ ਕਨੇਡੀਅਨ ਸੰਸਦ ਮੈਂਬਰ ਮਿਸ਼ੈਲ ਰਮਪੈਲ ਨੇ ਟਵਿਟਰ ਉਪਰ ਅਮਰੀਕਾ ਦੁਆਰਾ ਆਪਣੇ ਸਾਰੇ ਬਾਲਗਾਂ ਲਈ ਟੀਕਾਕਰਣ ਸ਼ੁਰੂ ਕਰਨ ਦਾ ਨੋਟਿਸ ਲਿਆ ਹੈ। ਉਸ ਨੇ ਓਕਲੈਂਡ ਚਿੜਿਆ ਘਰ ਵੱਲੋਂ ਆਪਣੇ ਉਨ੍ਹਾਂ ਪਸ਼ੂਆਂ ਦੇ ਟੀਕਾਕਰਣ ਦੀ ਯੋਜਨਾ ਬਣਾਉਣ ਦੀ ਵੀ ਪ੍ਰਸੰਸਾ ਕੀਤੀ ਹੈ ਜਿਨ੍ਹਾਂ ਦੇ ਬਿਮਾਰ ਹੋਣ ਦੀ ਜਿਆਦਾ ਸੰਭਾਵਨਾ ਹੈ। ਉਸ ਨੇ ਟਵੀਟ ਕੀਤਾ ਹੈ ਅਗਲੇ ਇਕ ਜਾਂ ਦੋ ਹਫਤਿਆਂ ਦੌਰਾਨ 16 ਸਾਲ ਜਾਂ ਇਸ ਤੋਂ ਵਧ ਉਮਰ ਦੇ ਅਮਰੀਕੀ ਟੀਕਾ ਲਵਾ ਲੈਣਗੇ ਜਦ ਕਿ ਕੈਨੇਡਾ ਵਿਚ ਅਜੇ ਅਜਿਹਾ ਕਰਨਾ ਦੂਰ ਦੀ ਗੱਲ ਹੈ। ਇਥੋਂ ਤੱਕ ਕਿ ਕਨੇਡੀਅਨ ਲੋਕਾਂ ਤੋਂ ਪਹਿਲਾਂ ਅਮਰੀਕਾ ਦੇ ਚਿੜੀਆ ਘਰਾਂ ਦੇ ਪਸ਼ੂਆਂ ਨੂੰ ਵੀ ਟੀਕਾ ਲਗਾਇਆ ਜਾ ਸਕਦਾ ਹੈ।

ਇਥੇ ਜਿਕਰਯੋਗ ਹੈ ਕਿ ਅਮਰੀਕਾ ਵੱਲੋਂ ਹਾਲ ਹੀ ਵਿਚ ਇਕ ਦਿਨ ਵਿਚ ਤਕਰੀਬਨ 40 ਲੱਖ ਲੋਕਾਂ ਦੇ ਟੀਕਾਕਰਣ ਕੀਤਾ ਗਿਆ ਹੈ ਜਦ ਕਿ ਕੈਨੇਡਾ ਵਿਚ ਇਕ ਦਿਨ ਵਿਚ ਵਧ ਤੋਂ ਵਧ 72000 ਲੋਕਾਂ ਦੇ ਟੀਕਾਕਰਣ ਹੋਇਆ ਹੈ। ਇਸੇ ਦੌਰਾਨ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪੈਰੀਵੈਨਸ਼ਨ (ਸੀ ਡੀ ਸੀ) ਨੇ ਕਿਹਾ ਹੈ ਕਿ ਜਿਨ੍ਹਾਂ ਅਮਰੀਕਨਾਂ ਨੇ ਕੋਵਿਡ ਦੇ ਬਚਾਅ ਲਈ ਟੀਕੇ ਲਵਾ ਲਏ ਹਨ ਉਹ ਇਧਰ ਉਧਰ ਜਾ ਸਕਦੇ ਹਨ।

ਉਨ੍ਹਾਂ ਨੂੰ ਜਿਨ੍ਹਾਂ ਲੋਕਾਂ ਨੇ ਟੀਕਾ ਨਹੀਂ ਲਵਾਇਆ ਦੀ ਤੁਲਨਾ ਵਿਚ ਖਤਰਾ ਘੱਟ ਹੈ ਪਰੰਤੂ ਅਜੇ ਵਧ ਰਹੇ ਕੋਰੋਨਾ ਮਾਮਲਿਆਂ ਕਾਰਨ ਉਹ ਲੋਕਾਂ ਨੂੰ ਸਫਰ ਕਰਨ ਦੀ ਇਜਾਜ਼ਤ ਦੇਣ ਦੇ ਹੱਕ ਵਿਚ ਨਹੀਂ ਹੈ।

**ਮਿਸ਼ੀਗਨ ਵਿਚ ਨਵੇਂ ਮਾਮਲੇ ਵਧੇ–** ਮਿਸ਼ੀਗਨ ਵਿਚ ਦਸੰਬਰ ਤੋਂ ਬਾਅਦ ਪਹਿਲੀ ਵਾਰ ਲੰਘੇ ਦਿਨ ਕੋਵਿਡ-19 ਦੇ ਰਿਕਾਰਡ 8413 ਨਵੇਂ ਮਾਮਲੇ ਸਾਹਮਣੇ ਆਏ ਹਨ। ਪਿਛਲੇ ਸਾਲ 7 ਦਸੰਬਰ ਨੂੰ 9350 ਨਵੇਂ ਮਾਮਲੇ ਰਿਕ-ਾਰਡ ਹੋਏ ਸਨ। 8 ਹਫਤੇ ਪਹਿਲਾਂ ਸਭ ਤੋਂ ਘੱਟ 563 ਮਾਮਲੇ ਦਰਜ ਹੋਏ ਸਨ। ਇਨ੍ਹਾਂ ਅੰਕੜਿਆਂ ਤੋਂ ਕੋਵਿਡ-19 ਕਾਰਨ ਹਾਲਾਤ ਹੋਰ ਗੰਭੀਰ ਹੋ ਜਾਣ ਦਾ ਸੰਕੇਤ ਮਿਲ ਰਿਹਾ ਹੈ।

ਯੁਨੀਵਰਿਸਟੀ ਆਫ ਮਿਨੀਸੋਟਾ ਸੈਂਟਰ ਫਾਰ ਇਨਫੈਕਸ਼ੀਅਸ਼ ਡਸੀਜ਼ ਰਿਸਰਚ ਐਂਡ ਪਾਲਿਸੀ ਦੇ ਡਾਇਰੈਕਟਰ ਮੀਸ਼ੈਲ ਓਸਟਰਹੋਲਮ ਨੇ ਕਿਹਾ ਹੈ ਕਿ ਇਹ ਕੋ-ਰੋਨਾ ਵਾਇਰਸ ਦੇ ਫੈਲਾਅ ਦੀ ਚੌਥੀ ਲਹਿਰ ਹੈ ਜਿਸ ਕਾਰਨ ਹਸਪਤਾਲਾਂ ਵਿਚ ਬਿਮਾਰਾਂ ਦੀ ਗਿਣਤੀ ਵਧ ਰਹੀ ਹੈ। ਖਾਸ ਕਰਕੇ 30 ਤੋਂ 50 ਸਾਲ ਦੇ ਲੋਕ ਜਿਨ੍ਹਾਂ ਦੇ ਕੋਵਿਡ ਤੋਂ ਬਚਾਅ ਲਈ ਟੀਕਾ ਨਹੀਂ ਲੱਗਾ ਹੈ, ਪ੍ਰਭਾਵਿਤ ਹੋ ਰਹੇ ਹਨ।

**ਕੁਵੈਤ ਦੀ ਅਲੋਚਨਾ–** ਜਿਨ੍ਹਾਂ ਵਿਦੇਸ਼ੀਆਂ ਨੇ ਤੇਲ ਨਾਲ ਭਰਪੂਰ ਕੁਵੈਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਇਆ ਤੇ ਕੁਵੈਤੀ ਸਮਾਜ ਦੀ ਸੇਵਾ ਕੀਤੀ, ਉਹ ਕੋਵਿਡ ਤੋਂ ਬਚਾਅ ਲਈ ਟੀਕੇ ਲਵਾਉਣ ਵਾਸਤੇ ਜਦੋਜਹਿਦ ਕਰ ਰਹੇ ਹਨ।

ਖਾੜੀ ਦੇ ਦੂਸਰੇ ਦੇਸ਼ਾਂ ਦੇ ਉਲਟ ਕੁਵੈਤ ਵੱਲੋਂ ਪਹਿਲਾਂ ਆਪਣੇ ਲੋਕਾਂ ਨੂੰ ਟੀਕਾ ਲਗਾਉਣ ਦੇ ਫੈਸਲੇ ਕਾਰਨ ਸਖਤ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਸ਼ੀਆ, ਅਫਰੀਕਾ ਤੇ ਹੋਰ ਦੇਸ਼ਾਂ ਦੇ ਕਿਰਤੀ ਜੋ ਕੁਵੈਤੀਆਂ ਦੇ ਬੱਚਿਆਂ ਦੀ ਸਾਂਭ ਸੰਭਾਲ ਕਰਦੇ ਹਨ, ਉਨ੍ਹਾਂ ਨਾਲ ਡਰਾਇਵਰ ਵਜੋਂ ਕੰਮ ਕਰਦੇ ਹਨ ਜਾਂ ਹੋਰ ਕੰਮ ਕਰਦੇ ਹਨ, ਦੇ ਅਜੇ ਕੋਵਿਡ ਤੋਂ ਬਚਾਅ ਲਈ ਇਕ ਟੀਕਾ ਵੀ ਨਹੀਂ ਲੱਗਾ।

# ਪੁਲਿਸ ਮੁੱਖੀ ਨੇ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਵਿਰੁੱਧ ਦਿੱਤੀ ਗਵਾਹੀ

**ਸੈਕਰਾਮੈਂਟੋ 6 ਅਪ੍ਰੈਲ –** ਮਿਨੀਪੋਲਿਸ ਦੇ ਪੁਲਿਸ ਮੁੱਖੀ ਮੇਡਾਰੀਆ ਅਰਾਡੋਨਡੋ ਨੇ ਪਿਛਲੇ ਸਾਲ ਮਈ ਵਿਚ ਜਾਰਜ ਫਲਾਇਡ ਦੀ ਗ੍ਰਿਫਤਾਰੀ ਦੌਰਾਨ ਪੁਲਿਸ ਅਧਿਕਾਰੀ ਡੈਰਕ ਸ਼ੌਵਿਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਵਿਭਾਗ ਦੀ ਨੀਤੀ ਦੇ ਵਿਰੁੱਧ ਕਰਾਰ ਦਿੱਤਾ ਹੈ। ਸ਼ੌਵਿਨ ਵਿਰੁੱਧ ਫਲਾਇਡ ਦੀ ਹੱਤਿਆ ਕਰਨ ਦੇ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਵਿਚ ਆਪਣੀ ਗਵਾਹੀ ਦਿੰਦਿਆਂ ਅਰਾਡੋਨਡੋ ਨੇ ਕਿਹਾ ਕਿ ਜਦੋਂ ਫਲਾਇਡ ਨੇ ਵਿਰੋਧ ਕਰਨਾ ਬੰਦ ਕਰ ਦਿੱਤਾ ਸੀ ਤੇ ਯਕੀਨਨ ਉਹ ਦਬਾਅ ਵਿਚ ਸੀ ਤੇ ਛੱਡਣ ਲਈ ਬੇਨਤੀ ਕਰ ਰਿਹਾ ਸੀ ਤਾਂ ਉਸ ਉਪਰ ਤਾਕਤ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਇਕ ਵਿਅਕਤੀ ਜਿਸ ਦੇ ਹੱਥ ਪਿਛੇ ਬੰਨੇ ਹੋਏ ਸਨ ਤੇ ਉਹ ਉਲਟਾ ਜਮੀਨ ਉਪਰ ਲੇਟਿਆ ਹੋਇਆ ਸੀ ਤੇ ਉਸ ਨੇ ਵਿਰੋਧ ਕਰਨਾ ਬੰਦ ਕਰ ਦਿੱਤਾ ਸੀ ਤਾਂ ਅਜਿਹੇ ਵਿਚ ਤਾਕਤ ਦੀ ਵਰਤੋਂ ਸਮਝ ਤੋਂ ਬਾਹਰ ਦੀ ਗੱਲ ਹੈ।

ਇਹ ਸਾਡੀ ਸਿਖਲਾਈ ਦਾ ਹਿੱਸਾ ਨਹੀਂ ਹੈ ਤੇ ਨਾ ਹੀ ਸਾਡੀਆਂ ਕਦਰਾਂ ਕੀਮਤਾਂ ਇਸ ਦੀ ਇਜਾਜ਼ਤ ਦਿੰਦੀਆਂ ਹਨ। ਅਰਾਡੋਨਡੋ ਨੇ ਹੋਰ ਕਿਹਾ ਸ਼ੌਵਿਨ ਵੱਲੋਂ 9 ਮਿੰਟ 29 ਸੈਕੰਡ ਫਲਾਇਡ ਦੀ ਧੌਨ ਉਪਰ ਗੋਡਾ ਰਖ ਕੇ ਦਬਾਈ ਰੱਖਣ ਸਿੱਧੇ ਤੌਰ 'ਤੇ ਪੁਲਿਸ ਵਿਭਾਗ ਦੀ ਨੀਤੀ ਦੀ ਉਲੰਘਣਾ ਹੈ ਜਦ ਕਿ ਉਸ ਸਮੇਂ ਫਲਾਇਡ ਨੂੰ ਸਹਾਇਤਾ ਦੀ ਲੋੜ ਸੀ।

# ਕੈਪੀਟਲ ਹਿੱਲ ਹਿੰਸਾ 'ਚ ਪੁਲਿਸ ਅਫਸਰ ਦੀ ਮੌਤ ਤੋਂ ਬਾਅਦ ਵ੍ਹਾਈਟ ਹਾਊਸ ਦਾ ਝੰਡਾ ਝੁਕਾਇਆ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਸੰਸਦ ਦੇ ਬਾਹਰ ਸ਼ੁੱਕਰਵਾਰ ਦੁਪਹਿਰ ਨੂੰ ਗੋਲ਼ੀਬਾਰੀ ਹੋਈ। ਇਕ ਵਾਹਨ ਨੇ ਇਥੇ ਦੋ ਪੁਲਿਸਕਰਮੀਆਂ ਨੂੰ ਕੁਚਲ ਦਿੱਤਾ, ਜਿਸ 'ਚੋਂ ਇਕ ਪੁਲਿਸ ਕਰਮੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਯੂਐੱਸ ਕੈਪੀਟਲ ਭਵਨ ਨੂੰ ਲਾਕਡਾਊਨ ਕਰ ਦਿੱਤਾ ਗਿਆ ਹੈ। ਪੁਲਿਸ ਕਰਮੀ ਵਿਲੀਅਮ ਬਿਲੀ ਇਵਾਂਸ ਦੀ ਮੌਤ ਤੋਂ ਬਾਅਦ ਵ੍ਹਾਈਟ ਹਾਊਸ ਦੇ ਝੰਡੇ ਨੂੰ ਅੱਧਾ ਝੁਕਾ ਦਿੱਤਾ ਗਿਆ ਹੈ। ਸੀਐੱਨਐੱਨ ਅਨੁਸਾਰ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਉਹ ਤੇ ਮਹਿਲਾ ਜਿਲ ਬਾਇਡਨ ਨੂੰ ਇਸ ਘਟਨਾ ਨਾਲ ਕਾਫੀ ਦੁੱਖ ਪਹੁੰਚਿਆ ਹੈ।



ਬਾਇਡਨ ਨੇ ਕਿਹਾ ਜਿਲ ਬਾਇਡਨ ਤੇ ਮੈਨੂੰ ਅਮਰੀਕਾ ਕੈਪਟੀਲ ਗਰਾਊਂਡ 'ਤੇ ਇਕ ਸੁਰੱਖਿਆ ਚੌਕੀ 'ਤੇ ਹਿੰਸਕ ਹਮਲੇ ਬਾਰੇ ਜਾਣ ਕੇ ਕਾਫੀ ਦੁੱਖ ਪਹੁੰਚਿਆ, ਜਿਸ ਘਟਨਾ 'ਚ ਯੂਐੱਸ ਕੈਪੀਟਲ ਪੁਲਿਸ ਦੇ ਅਧਿਕਾਰੀ ਵਿਲੀਅਮ ਇਵਾਂਸ ਦੀ ਮੌਤ ਹੋ ਗਈ ਤੇ ਉਨ੍ਹਾਂ ਦਾ ਇਕ ਸਾਥੀ ਜ਼ਿੰਦਗੀ ਨਾਲ ਲੜ ਰਿਹਾ ਹੈ। ਰਾਸ਼ਟਰਪਤੀ ਨੇ ਕਿਹਾ ਅਸੀਂ ਅਧਿਕਾਰੀ ਇਵਾਂਸ ਦੇ ਪਰਿਵਾਰ ਲਈ ਦਿਲੋਂ ਦੁੱਖ ਤੇ ਸ਼ੋਕ ਪ੍ਰਗਟ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਕੈਪੀਟਲ, ਉਥੇ ਕੰਮ ਕਰਨ ਵਾਲੇ ਸਾਰੇ ਲੋਕਾਂ ਤੇ ਇਸ ਦੀ ਸੁਰੱਖਿਆ ਕਰਨ ਵਾਲੇ ਲੋਕਾਂ ਲਈ ਇਹ ਇਕ ਮੁਸ਼ਕਲ ਸਮਾਂ ਹੈ। ਇਲਾਕੇ 'ਚ ਗੋਲ਼ੀਬਾਰੀ ਦੀ ਸੂਚਨਾ ਤੋਂ ਬਾਅਦ ਪੁਲਿਸ ਨੇ ਸ਼ੁੱਕਰਵਾਰ ਦੁਪਹਿਰ ਯੂਐੱਸ ਕੈਪੀਟਲ ਨੂੰ ਬੰਦ ਕਰ ਦਿੱਤਾ। ਅਮਰੀਕੀ ਕੈਪੀਟਲ ਪੁਲਿਸ ਦਾ ਕਹਿਣਾ ਹੈ ਕਿ ਸਾਰੀਆਂ ਕੈਪੀਟਲ ਇਮਾਰਤਾਂ 'ਬਾਹਰੀ ਸੁਰੱਖਿਆ ਖ਼ਤਰੇ ਦੇ ਚਲਦੇ' ਬੰਦ ਕਰ ਦਿੱਤੀਆਂ ਗਈਆਂ ਹਨ ਤੇ ਕਰਮਚਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਕਿ ਉਹ ਇਮ-ਾਰਤਾਂ 'ਚ 'ਐਂਟਰੀ' ਜਾਂ 'ਐ-ਗਜ਼ਿਟ' ਨਹੀਂ ਕਰ ਸਕਦੇ।

ਦੱਸ ਦਈਏ ਕਿ ਕਾਰ ਟਕਰਾਉਣ ਤੇ ਗੋਲ਼ੀਬਾਰੀ ਦੀ ਇਹ ਘਟਨਾ ਕੈਪੀਟਲ ਦੇ ਕੋਲ ਇਕ ਤਲਾਸ਼ੀ ਚੌਕੀ 'ਤੇ ਹੋਈ। ਇਸ ਘਟਨਾ ਨੇ ਕਰੀਬ ਤਿੰਨ ਮਹੀਨੇ ਪਹਿਲਾਂ ਅਮਰੀਕੀ ਕੈਪੀਟਲ 'ਚ ਦਾਖਲ ਹੋਈ ਭੀੜ ਵੱਲੋਂ ਮਚਾਈ ਉਥਲ-ਪੁਥਲ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ, ਇਹ ਘਟਨਾ ਉਦੋ ਦੀ ਹੈ, ਜਦੋਂ ਰਾਸ਼ਟਰਪਤੀ ਅਹੁਦੇ 'ਤੇ ਜੋ ਬਾਇਡਨ ਦੀ ਜਿੱਤ ਲਈ ਅਮਰੀਕੀ ਸੰਸਦ ਦੇ ਮੈਂਬਰ ਵੋਟ ਕਰ ਰਹੇ ਸੀ।

# ਸਭ ਤੋਂ ਛੋਟੀ ਉਮਰ ਦੀ ਰਾਸ਼ਟਰਪਤੀ ਨੇ ਅਹੁਦਾ ਸੰਭਾਲਿਆ

**ਪ੍ਰਿਸਟੀਨਾ–** ਕੋਸੋਵੋ 'ਚ ਵਜੋਸਾ ਓਸਮਾਨੀ-ਸਾਦਰਿਊ (38) ਨੇ ਮੁਲਕ ਦੇ ਨਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਦੇਸ਼ ਦੀ ਸਭ ਤੋਂ ਛੋਟੀ



ਉਮਰ ਦੀ ਮੁਖੀ ਬਣੀ ਹੈ। ਕੋਸੋਵੋ ਸੰਸਦ ਨੇ ਐਤਵਾਰ ਨੂੰ ਉਸ ਨੂੰ ਪੰਜ ਸਾਲਾਂ ਦੀ ਮਿਆਦ ਲਈ ਚੁਣਿਆ ਹੈ। ਉਹ ਬਾਲਕਾਨ ਮੁਲਕ ਦੀ ਦੂਜੀ ਮਹਿਲਾ ਆਗੂ ਹੈ ਜੋ ਇਸ ਅਹੁਦੇ ਲਈ ਚੁਣੀ ਗਈ ਹੈ। ਕਾਰਜਕਾਰੀ ਰਾਸ਼ਟਰਪਤੀ ਗਲੌਕ ਕੋਨਜੁਫਕਾ ਨੇ ਸਾਦੇ ਸਮਾਗਮ 'ਚ ਓਸਮਾਨੀ ਨੂੰ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾਂ ਹਾਸ਼ਿਮ ਥਾਚੀ ਰਾਸ਼ਟਰਪਤੀ ਸਨ ਪਰ ਉਸ ਨੂੰ ਦਿ ਹੇਗ ਦੀ ਵਿਸ਼ੇਸ਼ ਅਦਾਲਤ 'ਚ ਜੰਗੀ ਅਪਰਾਧ ਅਤੇ ਮਨੁੱਖਤਾ ਖ਼ਿਲਾਫ਼ ਜੁਰਮ ਦਾ ਕੇਸ ਚੱਲਣ ਕਰਕੇ ਅਹੁਦੇ ਤੋਂ ਅਸਤੀਫ਼ਾ ਦੇਣਾ ਪੈ ਗਿਆ ਸੀ। ਕੋਸੋਵੋ 'ਚ ਰਾਸ਼ਟਰਪਤੀ ਦਾ ਅਹੁਦਾ ਰਸਮੀ ਹੈ ਪਰ ਵਿਦੇਸ਼ ਨੀਤੀ ਅਤੇ ਫ਼ੌਜ ਦਾ ਕਮਾਂਡਰ ਹੋਣ ਕਰਕੇ ਉਹ ਮੋਹਰੀ ਭੂਮਿਕਾ ਅਦਾ ਕਰਦਾ ਹੈ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਦੇਸ਼ ਦੁਆਬਾ

# Babu Jagjivan Ram Former Deputy PM A True Democrat and Savior of Downtrodden

Prem K. Chumber Editor-In-Chief:
Ambedkar Times & Desh Doaba

Babu Jagjivan Ram (April 5, 1908 – July 6, 1986) was known for his patriotism, straightforwardness, and concern for lower castes and poor. When in 1937, the Britishers wanted to set up a puppet government in Bihar, Babuji was approached with an offer of a large sum of money and a Ministerial berth and many other similar benefits to shake hand with them, but he simply refused to be on their side. Rather, he stood like a rock with his people who were to tally committed to lay their lives for the liberation of the motherland. He earned the love of the people and leaders of the Indian freedom movement for his patriotism and integrity. Showering praises on Babu Jagjivan Ram for his bold stand on to be remained with his people, Gandhiji said that he 'had emerged as pure as gold in the test of fire'.

Babuji was a born fighter and a crusader for freedom, dignity and social justice. During his middle school education, he refused to avail scholarship meant for Scheduled Castes students and earned it by appearing in open competition and becoming successful on the basis of his meritorious academic performance. It was also during his Arrah Town School days that he smashed twice separate pitcher meant drinking water for Scheduled Castes students and forced the principal to withdraw his discriminatory decision of segregated water arrangement at the premises of the school. He proved his exceptional talent by excelling in studies despite extreme poverty at home as his father (Sobhi Ram) passed away (1914) while Babu Jagjivan Ram was still in his village primary school. He and his mother (Vasanti Devi) fought boldly against poverty and social exclusion all around.

Despite such an oppressive social environment and poor economic conditions at home, Babuji acquired proficiency in Hindi, Bengali, English and Sanskrit besides Bhojpuri – his native Bhasha. It was his command over Hindi and English that attracted the attention of Pt. Madan Mohan Malviyaji during the welcome address by him that finally took him to study at the prestigious Banaras Hindu University. It was at the Banaras Hindu University that Babuji organized, for the first time, Scheduled Castes students to protest against the denial of basic services like meals for Scheduled Castes students in the hostel and haircuts by local barbers. After qualifying his Inter Science examination at BHU, Babuji left BHU and completed B. SC. degree from the Calcutta University in 1931. It was during his stint at Calcutta University, Babuji organized Mazdoor Rally at Wellington Square in1928. This mammoth rally in which approximately 50,000 people participated brought Babu Jagjivan Ram closer to Netaji Subash Chandra Bose who got convinced of his organizing skills and political acumen.

Babu Jagjivan Ram devoted his entire life strengthening India and empowering poor and lower castes. He was a great inspirer and organizer of people against oppression. He was an eloquent orator, a distinguished parliamentarian and a talented administrator. From his school days to the celebration of freedom at midnight, he remined in the forefront of various struggles (including the Civil Disobedience Movement in 1930 and the Quit India Movement in 1942) launched during the historic freedom movement of India. On the national political platform, he established himself as the savior of lower castes and poor people. He became the youngest minister in the interim government of Jawaharlal Nehru in 1946, Labor Minister in the first cabinet of India as well as member of the Constituent Assembly of India. He played a constructed role in the meeting of the Constituent Assembly of India for promoting the cause of the Scheduled Castes and poor people. He served as a minister of various portfolios at the level of Central Government exceptionally for more than forty years as a member of the Indian National Congress. In 1977 and joined the Janata Party alliance, along with his Congress for Democracy. He also served as Deputy Prime Minister of India (1977-79). In 1981, Babuji formed Congress (J). Till his passing away in 1986, he remained active in the service of the nation and the downtrodden.

"Ambedkar Times" and "Desh Doaba" Weeklies fondly remember Babuji on his Birth Anniversary and pay him floral tribute!

*Read more: www.ambedkartimes.com*

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-171

## ੬-ਜਤੀ, ੬-ਦਰਸ਼ਨ ਅਤੇ ੬-ਵਰਤਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

੬-ਜਤੀ-ਜਤੀ ਭਾਵ ਆਪਣੀਆਂ ਇੰਦਰੀਆਂ ਤੇ ਕਾਬੂ ਰੱਖਣ ਵਾਲੇ ਜੋ ਆਪਣੇ ਆਪ ਨੂੰ ਸਾਧਕ ਕਹਾਉਂਦੇ ਹਨ। ਪੁਰਾਤਨ ਮੰਨੇ ਗਏ ਜਤੀਆਂ ਚੋਂ ੬-ਹਨੂੰਮਾਨ, ਭੀਸ਼ਮ-ਪਿਤਾਮਾਂ, ਲੱਛਮਣ, ਭੈਰਵ, ਗੋਰਖ ਅਤੇ ਦੱਤਾਤ੍ਰੇਹ ਸਨ। ਪਰ ਸ਼ਬਦ ਗੁਰੂ ਗ੍ਰਥ ਦੀ ਬਾਣੀ ਨੇ ਇਨ੍ਹਾਂ ਨੂੰ ਮਾਇਆ ਦੇ ਬੰਦੇ ਆਖਿਆ ਹੈ-ਛਿਅ ਜਤੀ ਮਾਇਆ ਕੇ ਬੰਦਾ॥(ਕਬੀਰ-੧੧੬੦)

੬-ਦਰਸ਼ਨ-ਖਟ ਦਰਸ਼ਨ (ਸ਼ਾਸ਼ਤ੍ਰ) ਭਾਵ ਇਹ ਸਨਾਤਨ ਮੱਤ ਦੇ ਸਿਧਾਂਤ ਹਨ। ੧. ਨਿਆਏਂ-ਇਸ ਦਾ ਕਰਤਾ ਗੌਤਮ ਰਿਖੀ ਹੈ। ਇਸ ਵਿੱਚ ਈਸ਼ਵਰ ਦੀ ਸਿੱਧੀ ਲਈ ਤਰਕ ਪੂਰਨ ਚਰਚਾ ਕੀਤੀ ਗਈ ਹੈ। ਇਸ ਸ਼ਾਸ਼ਤਰ ਅਨੁਸਾਰ ਪ੍ਰਮਾਤਮਾਂ, ਆਤਮਾਂ ਤੇ ਪ੍ਰਕਿਰਤੀ ਆਦਿ ਅੰਤ ਤੋਂ ਰਹਿਤ ਤੇ ਮੁਕਤੀ ਦਾ ਸਾਧਨ ਤੱਤ ਗਿਆਨ ਹੈ।੨. ਵੈਸ਼ੇਸ਼ਕ-ਇਸ ਦਾ ਮੋਢੀ ਕਣਾਦ ਮੁਨੀ ਤੇ ਇਸ ਨੇ ਛੇ ਪਦਾਰਥ ਦ੍ਰਵ, ਗੁਣ, ਕਰਮ, ਸਮਾਨਯ, ਵਿਸ਼ੇਸ਼ ਅਤੇ ਸਮਵਾਯ ਮੰਨੇ ਜੋ ਨਿਤ ਅਤੇ ਅਨਿਤ ਹਨ। ਕਣਾਦ ਅਨੁਸਾਰ ਪ੍ਰਮਾਤਮਾਂ ਆਤਮਾਂ ਤੋਂ ਵੱਖਰਾ ਹੈ। ਇਹ ਸ੍ਰਿਸ਼ਟੀ ਦੀ ਰਚਨਾ ਪ੍ਰਮਾਣੂਆਂ ਤੋਂ ਈਸ਼ਵਰ ਦੀ ਇਛਿਆ ਅਨੁਸਾਰ ਤੇ ਛੇ ਪਦਾਰਥਾਂ ਤੋਂ ਮੁਕਤੀ ਹੁੰਦੀ ਮੰਨਦਾ ਹੈ। ੩. ਸ਼ਾਂਖ-ਇਸ ਦਾ ਕਰਤਾ ਕਪਲ ਮੁਨੀ ਹੈ। ਇਸ ਅਨੁਸਾਰ ਸੰਸਾਰ ਅਨਿਤ ਅਤੇ ਪ੍ਰਣਾਮ ਸਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ।

ਪਰਕਿਰਤੀ ਨੂੰ ਪੁਰਸ਼ ਅਤੇ ਪੁਰਸ਼ ਨੂੰ ਪਰਕਿਰਤੀ ਦੀ ਲੋੜ ਤੇ ਇਕੱਲੇ ਦੋਵੇਂ ਨਿਹਫਲ ਹਨ। ਜਦ ਪੁਰਸ਼ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਤੇ ਉਸ ਦੇ ਕਾਰਜਾਂ ਤੋਂ ਭਿੰਨ ਵੇਖਦੈ ਤਦ ਬੁੱਧੀ ਕਾਰਨ ਪ੍ਰਾਤਪ ਹੋਏ ਸੰਤਾਪਾਂ ਤੋਂ ਦੁਖੀ ਨਹੀ ਹੁੰਦਾ ਇਹ ਵੱਖਰਪਨ ਹੀ ਮੁਕਤੀ ਹੈ। ੪. ਯੋਗ-ਇਸ ਦਾ ਕਰਤਾ ਪਤੰਜਲ ਰਿਸ਼ੀ ਹੈ। ਇਸ ਮੁਸਤਬਿਕ ਦ੍ਰਿਸ਼ਟਾ ਤੇ ਦ੍ਰਿਸ਼ਯ ਦੋ ਪਦਾਰਥ ਹਨ। ਪੁਰਸ਼ ਦ੍ਰਿਸ਼ਟਾ ਤੇ ਬਾਕੀ ਪ੍ਰਕ੍ਰਿਤੀ ਰੂਪ ਜਗਤ ਰੂਪ ਜਗਤ ਦ੍ਰਿਸ਼ਯ ਹੈ। ਜਦ ਚਿਤ ਬਿਰਤੀਆਂ ਰੁਕਦੀਆਂ ਨੇ ਤਦ ਹੋਰ ਦ੍ਰਿਸ਼ਯ ਨਾ ਹੋਣ ਕਾਰਣ ਦ੍ਰਿਸ਼ਟਾ ਦੀ ਆਪਣੇ ਰੂਪ 'ਚ ਸਥਿਤੀ ਹੁੰਦੀ ਹੈ।

ਅਭਿਆਸ ਤੇ ਵੈਰਾਗ ਆਦਿਕ ਸਾਧਨਾਂ ਰਾਹੀਂ ਰੋਕੀਆਂ ਚਿਤ-ਵ੍ਰਿਤੀਆਂ ਕਾਰਣ ਚਿਤ ਪੂਰਨ ਇਕਾਗਰਤਾ ਨੂੰ ਪ੍ਰਾਪਤ ਨਹੀਂ ਹੁੰਦਾ ਤੇ ਇਹ ਅਵਸਥਾ ਯੋਗ ਕਹਾਂਦੀ ਹੈ। ਪ੍ਰਕ੍ਰਿਤੀ ਤੇ ਪੁਰਸ਼ ਨੂੰ ਭਿੰਨ ਭਿੰਨ ਜਾਨਣ ਨਾਲ ਹੀ ਗਿਆਨ ਦਾ ਪ੍ਰਕਾਸ਼ ਹੁੰਦੈ ਅਤੇ ਆਤਮਾ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਮੁਕਤ ਹੁੰਦੀ ਤੇ ਇਸ ਅਵੱਸਥਾ ਦਾ ਨਾਂ ਹੀ ਮੁਕਤੀ ਹੈ। ੫. ਮੀਮਾਂਸਾ-ਇਸ ਦਾ ਕਰਤਾ ਜੈਮਨ ਰਿਸ਼ੀ ਤੇ ਇਸ ਨੇ ਧਰਮ ਦਟ ਪੂਰਨ ਗਿਆਨ ਹੀ ਮੁਕਤੀ ਦਾ ਸਾਧਨ ਮੰਨਿਆ ਤੇ ਵੇਦਾਂ ਦੁਆਰਾ ਦਰਸਾਏ ਗਏ ਯੱਗ ਆਦਿਕ ਕਰਮ ਕਰਨੇ ਹੀ ਧਰਮ ਹੈ। ਚੰਗੇ ਕਰਮਾਂ ਦੇ ਪ੍ਰਭਾਵ ਕਾਰਨ ਹੀ ਪ੍ਰਾਣੀ ਦੇਵਤਾ ਤੇ ਅਵਤਾਰ ਆਦਿ ਉੱਚ ਪਦਵੀਆਂ ਪ੍ਰਾਪਤ ਕਰਦਾ ਤੇ ਸਵਰਗ 'ਚ ਅਨੰਦ ਭੋਗਦਾ ਹੈ। ੬. ਵੇਦਾਂਤ-ਇਸ ਦਾ ਕਰਤਾ ਵੇਦ ਵਿਆਸ ਰਿਸ਼ੀ ਹੈ। ਵੇਦਾਂਤ ਅਨੁਸਾਰ ਬ੍ਰਹਮ ਸਤਾ ਸਹਿਤ ਹੀ ਮਾਇਆ ਦੁਆਰਾ ਸਭ ਕਝ ਉਪਜਿਆ ਤੇ ਉਸ ਵਿੱਚ ਹੀ ਲੀਨ ਹੋਵੇਗਾ। ਸ਼ੁੱਧ ਮਾਇਆ 'ਚ ਬ੍ਰਹਮ ਦਾ ਪ੍ਰਤੀਬਿੰਬ ਪ੍ਰਮਾਤਮਾਂ ਅਤੇ ਮਲੀਨ ਮਾਇਆ ਵਿੱਚ ਜੀਵ ਜਾਂ ਆਤਮਾਂ ਹੈ। ਬ੍ਰਹਮ ਇਕ ਅਤੇ ਅਭਿਨਾਸ਼ੀ ਹੈ ਪਰ ਉਪਾਧੀ ਭੇਦ ਕਾਰਣ ਭਿੰਨ ਭਿੰਨ ਪ੍ਰਤੀਤ ਹੁੰਦਾ ਹੈ। ਇਹ ਉਪਾਧੀ ਭੇਦ ਮਿਟਾਉਣ 'ਤੇ ਸ਼ੁੱਧ ਬ੍ਰਹਮ ਨਾਲ ਇਕਮਿਕਤਾ ਹੋ ਜਾਂਦੀ ਹੈ। ਬ੍ਰਹਮ ਗਿਆਨ ਦੁਆਰਾ ਸਾਰਾ ਭੇਦ-ਭਾਵ ਮਿਟਾ ਕੇ ਸ਼ੁੱਧ ਸਰੂਪ ਵਿੱਚ, ਬ੍ਰਹਮ ਦਾ ਸਾਖਿਆਤਕਾਰ ਕਰਨਾ ਹੀ ਮੁਕਤੀ ਹੈ।

੬-ਵਰਤਾਰੇ-ਵਰਤਾਰਾ ਭਾਵ ਬ੍ਰਿਤਾਂਤ, ਹਿੱਸਾ, ਵਰਤੋਂ-ਵਿਹਾਰ, ਪਰਸਪਰ ਲੈਣ-ਦੇਣ, ਕੁਦਰਤੀ ਕ੍ਰਿਆ ਅਤੇ ਛਾਂਦਾ ਹੈ। ਇਨ੍ਹਾਂ ਵੱਖ-ਵੱਖ ਸਾਧਨਾ ਵੱਲ ਸੰਕੇਤ ਕਰਦੇ ਹੋਏ ਬਾਬੇ ਨਾਨਕ ਨੇ ਰਾਮਕਲੀ ਰਾਗ ਵਿਖੇ "ਚਰਪਟ ਨਾਥ" ਦੇ ਬੋਲਾਂ ਰਾਹੀਂ ਉਪਦੇਸ਼ ਦਿੱਤਾ ਹੈ ਕਿ ਗਿਰਹੀ, ਅਉਧੂਤੀ, ਉਦਾਸੀ, ਪਾਖੰਡੀ, ਬੈਰਾਗੀ ਅਤੇ ਕੰਟ ਪਾਟੇ ਜੋਗੀ ਆਦਿਕ ਕੋਈ ਬਾਹਰਲੇ ਭੇਖ ਕਿਉਂ ਨਾ ਧਾਰਨ ਕਰ ਲਵੇ ਉਹ ਨਾ ਸੰਸਾਰੀ ਤੇ ਨਾਂ ਹੀ ਸੰਨਿਆਸੀ ਰਹਿੰਦੈ ਪਰ ਜੋ ਨਿਰੰਕਾਰ 'ਚ ਲੀਨ ਹੋ ਜਾਂਦੈ ਉਸ ਨੂੰ ਦਰ-ਦਰ ਦੀਆਂ ਠੋਕਰਾਂ ਨਹੀਂ ਖਾਣੀਆਂ ਪੈਂਦੀਆਂ-ਛਿਅ ਵਰਤਾਰੇ ਵਰਤਹਿ ਪੂਤ॥ ਨ ਸੰਸਾਰੀ ਨ ਅਉਧੂਤ॥ ਨਿਰੰਕਾਰਿ ਜੋ ਰਹੈ ਸਮਾਇ॥ ਕਾਹੇ ਭੀਖਿਆ ਮੰਗਣਿ ਜਾਇ॥(ਮ:੧-੯੫੩)

# ਇਟਲੀ ਵੱਸਦੇ ਪੰਜਾਬੀ ਕਵੀ ਦਲਜਿੰਦਰ ਰਹਿਲ ਵੱਲੋਂ ਲੁਧਿਆਣਾ ਵਿਖੇ ਤ੍ਰੈਮਾਸਿਕ ਪੱਤਰ ਪਰਵਾਸ ਦਾ ਵਿਸ਼ੇਸ਼ ਅੰਕ ਲੋਕ ਅਰਪਨ

**ਲੁਧਿਆਣਾ-** ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਤੇ ਪ੍ਰਧਾਨ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੀ ਸੁਯੋਗ ਅਗਵਾਈ ਅਧੀਨ ਤ੍ਰੈ ਮਾਸਿਕ ਪੱਤ੍ਰਿਕਾ ਪਰਵਾਸ ਦਾ ਨਵਾਂ ਅੰਕ ਲੋਕ ਅਰਪਨ ਕੀਤਾ ਗਿਆ। ਔਨਲਾਈਨ ਐਡੀਸ਼ਨ ਨੂੰ ਜਾਰੀ ਕਰਦਿਆਂ ਇਟਲੀ ਤੋਂ ਆਏ ਪੰਜਾਬੀ ਕਵੀ ਤੇ ਯੋਰਪੀਨ ਸਾਹਿੱਤ ਸੰਸਥਾਵਾਂ ਦੇ ਪ੍ਰਤੀਨਿਧ ਦਲਜਿੰਦਰ ਰਹਿਲ ਨੇ ਕਿਹਾ ਕਿ ਅੱਜ ਸਮੁੱਚਾ ਵਿਸ਼ਵ ਭਾਵੇਂ ਫਿਰ ਦੋਬਾਰਾ ਕਰੋਨਾ ਨਾਂ ਦੀ ਮਹਾਂਮਾਰੀ ਨਾਲ ਜੂਝ ਰਿਹਾ ਹੈ ਪਰ ਇਸ ਦੇ ਬਾਵਜੂਦ ਪਰਵਾਸੀ ਸਾਹੱਤ ਅਧਿਐਨ ਕੇਂਦਰ ਨੇ ਆਪਣੀਆਂ ਸਰਗਰਮੀਆਂ ਦੀ ਲਗਾਤਾਰਤਾ ਨਹੀਂ ਟੁੱਟਣ ਦਿੱਤੀ। ਇਹ ਮੁਬਾਰਕਯੋਗ ਹੈ। ਉਨ੍ਹਾਂ ਕਿਹਾ ਕਿ ਇਸ ਮੈਗਜ਼ੀਨ ਦੇ ਪ੍ਰਕ'ਸ਼ਨ ਨਾਲ ਸਮੁੱਚੇ ਗਲੋਬ ਤੇ ਵੱਸਦੇ ਲਿਖਾਰੀਆਂ ਨੂੰ ਸਾਂਝਾ ਪਲੈਟਫਾਰਮ ਮਿਲਿਆ ਹੈ। ਉਨ੍ਹਾਂ ਡਾ: ਐੱਸ ਪੀ ਸਿੰਘ ਤੇ ਕਾਲਿਜ ਸਟਾਫ਼ ਨੂੰ ਇਸ ਸੁਭ ਕਾਰਜ ਲਈ ਮੁਬਾਰਕ ਦਿੱਤੀ। ਇਸ ਮੌਕੇ ਬੋਲਦਿਆਂ ਡਾ: ਐੱਸ ਪੀ ਸਿੰਘ ਨੇ ਕਿਹਾ ਕਿ ਬਦੇਸ਼ਾਂ ਚ ਵੱਸਦੇ ਲੇਖਕ ਜਿਸ ਸ੍ਰਿਦਤ ਨਾਲ ਲਿਖ ਰਹੇ ਹਨ ਉਸ ਨੂੰ ਸਤਿਕਾਰਨਾ ਬਣਦਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਸਾਹਿੱਤ ਅਧਿਐਨ ਦਾ ਮਨੋਰਥ ਪਰਵਾਸੀ ਸਾਹਿੱਤ ਨੂੰ ਮੁੱਖ ਧਾਰਾ ਸਾਹਿੱਤ ਨਾਲੋਂ ਨਿਖੇੜਨਾ ਨਹੀਂ ਸਗੋਂ ਵਧੇਰੇ ਗਹੁ ਨਾਲ ਵਾਚਣ ਤੇ ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਹੈ। ਵਿਸ਼ੇਸ਼ ਮਹਿਮਾਨ ਪ੍ਰੋ: ਗੁਰਭਜਨ ਗਿੱਲ ਨੇ ਕਿਹਾ ਕਿ ਇਸ ਮਹਾਨ ਸੰਸਥਾ ਨੇ ਹਮੇਸ਼ਾਂ ਨਿਵੇਕਲੀਆਂ ਪੈੜਾਂ ਪਾਈਆਂ ਹਨ ਜਿਨ੍ਹਾ ਸਦਕਾ ਮੇਰੇ ਵਰਗੇ ਅਨੇਕਾਂ ਵਿਦਿਆਰਥੀ ਪੰਜਾਬੀ ਸਾਹਿੱਤ ਤੇ ਭਾਸ਼ਾ ਨਾਲ ਉਮਰ ਲੰਮੀ ਪ੍ਰਤੀਬੱਧਤਾ ਨਿਭਾ ਸਕੇ ਹਨ। ਇਹ ਡਾ: ਐੱਸ ਪੀ ਸਿੰਘ ਤੇ ਇਸ ਕਾਲਿਜ ਦੇ ਅਧਿਆਪਕਾਂ ਦੀ ਸਿੱਖਿਆ ਦਾ ਹੀ ਅਸਰ ਹੈ। ਉਨ੍ਹਾਂ ਦਲਜਿੰਦਰ ਰਹਿਲ ਦੀ ਸ਼ਖਸੀਅਤ ਤੇ ਸਾਹਿੱਤ ਸਾਧਨਾ ਬਾਰੇ ਵੀ ਜਾਣਕਾਰੀ ਦਿੰਦਿਆਂ ਉਸ ਦਾ ਸਵਾਗਤ ਕੀਤਾ। ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ ਨੇ ਕਿਹਾ ਕਿ ਕਰੋਨਾ ਕਾਲ ਨੇ ਸਾਨੂੰ ਬਦਲਵੇਂ ਸੰਚਾਰ ਮਾਧਿਅਮਾਂ ਨਾਲ ਜੋੜ ਕੇ ਵਿਸ਼ਵ ਨਾਗਰਿਕ ਬਣਾ ਦਿੱਤਾ ਹੈ। ਹੁਣ ਪਰਵਾਸ ਦੀ ਪਹੁੰਚ ਸੈਂਕੜੇ ਨਹੀਂ ਹਜ਼ਾਰਾਂ ਪਾਠਕਾਂ ਤੀਕ ਹੋ ਗਈ ਹੈ। ਜੀ. ਜੀ. ਐਨ. ਖਾਲਸਾ ਕਾਲਜ ਦੇ ਪ੍ਰਧਾਨ ਤੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੇ ਸਰਪ੍ਰਸਤ ਡਾ: ਐੱਸ ਪੀ ਸਿੰਘ ਜੀ ਜੀ ਐੱਨ ਆਈ ਐੱਮ ਟੀ ਦੇ ਡਾਇਰੈਕਟਰ ਪ੍ਰੋ: ਮਨਜੀਤ ਸਿੰਘ ਛਾਬੜਾ ਤੇ ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ ਤੇ ਸਮਾਗਮ ਦੇ ਵਿਸ਼ੇਸ਼ ਮਹਿਮਾਨ ਪ੍ਰੋ: ਗੁਰਭਜਨ ਗਿੱਲ ਨੇ ਦਲਜਿੰਦਰ ਰਹਿਲ ਨੂੰ ਫੁਲਕਾਰੀ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਪੰਜਾਬੀ ਵਿਭਾਗ ਦੇ ਮੁਖੀ ਡਾ: ਭੁਪਿੰਦਰ ਸਿੰਘ ਤੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੀ ਕੋਆਰਡੀਨੇਟਰ ਡਾ: ਤੇਜਿੰਦਰ ਕੌਰ ਨੇ ਕਿਹਾ ਕਿ ਪਰਵਾਸ ਦਾ ਇਹ ਅੰਕ ਪੰਜਾਬੀਆਂ ਤੇ ਪਰਵਾਸੀ ਪੰਜਾਬੀਆਂ ਅੰਦਰ ਪਹਿਲਾਂ ਦੀ ਤਰ੍ਹਾਂ ਹੀ ਪ੍ਰੇਮ ਭਾਈਚਾਰਾ ਕਾਇਮ ਕਰਨ ਵਿੱਚ ਵਿਸ਼ੇਸ਼ ਭੂਮਿਕਾ ਅਦਾ ਕਰੇਗਾ। ਇਸ ਅੰਕ ਵਿੱਚ ਕੇਵਲ ਸਿੰਘ ਨਿਰਦੋਸ਼, ਜਸਵੰਤ ਵਾਗਲਾ ,ਸਤਿਬੀਰ ਸਿੰਘ ਨੂਰ, ਅਸ਼ੋਕ ਚੌਧਰੀ, ਡਾ. ਲੋਕ ਰਾਜ, ਇੰਦਰਜੀਤ ਸਿੰਘ ਧਾਮੀ, ਦਰਸ਼ਨ ਬੁਲੰਦਵੀ, ਕਰਮ ਲੁਧਿਆਣਵੀ, ਕੇਹਰ ਸ਼ਰੀਫ਼, ਸੁਰਿੰਦਰ ਸੋਹਲ, ਜੱਗੀ ਜਗਵੰਤ ਕੌਰ ਸਿੱਧੂ, ਅਮਨਜੀਤ ਕੌਰ ਸ਼ਰਮਾ, ਕੁਲਵੰਤ ਕੌਰ ਢਿੱਲੋਂ, ਨੀਲੂ ਜਰਮਨੀ, ਮਹਿੰਦਰ ਸਿੰਘ ਪੰਜੂ ਦੀਆਂ ਕਵਿਤਾਵਾਂ ਸੁਰਿੰਦਰ ਗੀਤ, ਜਸਤੇਜ ਸਿੱਧੂ, ਗੁਰਦੀਸ਼ ਕੌਰ ਦੀਸ਼ (ਗਰੇਵਾਲ)ਅੰਜੂਜੀਤ ਦੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ ਜਦ ਕਿ ਉੱਘੇ ਕਵੀ ਦੇਵ ਬਾਰੇ ਲੇਖ ਤੇ ਚੋਣਵੀਆਂ ਰਚਨਾਵਾਂ,ਦਰਸ਼ਨ ਗਿੱਲ: ਜੀਵਨ, ਰਚਨਾ ਤੇ ਪ੍ਰਭਾਵ: ਡਾ:&; ਤੇਜਿੰਦਰ ਕੌਰ ਪਰਵਾਸੀਆਂ ਦੇ ਨਜ਼ਰੀਏ ਤੋਂ ਲੋਕ ਨਾਇਕ: ਦੁੱਲਾ ਭੱਟੀ ਲੇਖਕ ਧਰਮ ਸਿੰਘ ਗੁਰਾਇਆ (ਮੈਰੀਲੈਂਡ) ਅਮਰੀਕਾ ਸ਼ਾਮਿਲ ਕੀਤੇ ਗਏ ਹਨ।



# ਨਵੀਂ ਸਿੱਖਿਆ ਨੀਤੀ 2020 ਅਤੇ ਲੇਬਰ ਲਾਅ 'ਤੇ ਅਸ਼ੋਕ ਸਹੋਤਾ ਨੇ ਆਪਣਾ ਖੋਜ ਪੱਤਰ ਪੜ੍ਹਿਆ



ਭਾਰਤ ਦੇਸ਼ ਦੇ ਸਿੱਖਿਆ ਢਾਂਚੇ ਨੂੰ ਵਿਸ਼ਵੀਕਰਨ ਦੇ ਇਸ ਦੌਰ ਵਿਚ ਸਮੇਂ ਦੇ ਹਾਣ ਦਾ ਬਣਾਉਣ ਦੇ ਮਕਸਦ ਵਜੋਂ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਨੇ ਲੱਗਭੱਗ 54 ਸਾਲ ਬਾਅਦ ਨਵੀਂ ਸਿੱਖਿਆ ਨੀਤੀ-2021 ਦਾ ਐਲਾਨ 28 ਜੁਲਾਈ 2020 ਨੂੰ ਕਰਕੇ ਸਿੱਖਿਆ ਦੇ ਨਵੇਂ ਟੀਚੇ (ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ) ਤਹਿਤ ਸਾਲ 2030 ਤੱਕ 100 ਫੀਸਦੀ ਵਿਦਿਆਰਥੀਆਂ ਨੂੰ ਸਕੂਲ ਵਿਚ ਲਿਜਾਉਣ ਦਾ ਦਾਅਵਾ ਕੀਤਾ ਹੈ। ਕਰੋਨਾ ਕਾਲ ਦੌਰਾਨ ਸਿੱਖਿਆ ਨੀਤੀ ਦੇ ਔਰਤਾਂ, ਬੱਚਿਆਂ, ਐਸ., ਐਸ. ਟੀ., ਓ. ਬੀ. ਸੀ. ਅਤੇ ਘੱਟ ਗਿਣਤੀਆਂ ਤੇ ਹੋਣ ਵਾਲੇ ਪ੍ਰਭਾਵਾਂ ਨੂੰ ਦਰਸਾਉਂਦਾ ਇਹ ਖੋਜ ਪੱਤਰ ਭਾਰਤੀ ਵਿਸ਼ਵੀਕਰਨ ਦ ਖਤਰਿਆਂ 'ਤੇ ਵੀ ਰੌਸ਼ਨੀ ਪਾਉਣ ਦਾ ਕੰਮ ਵੀ ਕਰਦਾ ਹੈ ਕਿ ਕਿਵੇਂ ਵਿਸ਼ਵੀਕਰਨ ਦੇ ਇਸ ਦੌਰ ਵਿਚ ਸਿੱਖਿਆ ਅਤੇ ਸੰਸਕ੍ਰਿਤੀ ਵਖਰੇਵੇਂ ਦੇ ਨਾਲ ਸਮਾਜਿਕ ਅਤੇ ਆਰਥਿਕ ਵਖਰੇਵੇਂ ਦਿਨ ਪ੍ਰਤੀ ਦਿਨ ਵਧਦੇ ਜਾ ਰਹੇ ਹਨ। ਜਿੱਥੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਵਿਦੇਸ਼ੀ ਕੰਪਨੀਆਂ, ਸਿੱਖਿਆ ਸੰਸਥਾਵਾਂ ਵੱਡੀ ਮਾਤਰਾ ਵਿਚ ਭਾਰਤ ਨੂੰ ਇਕ ਮੰਡੀ ਬਣਾ ਰਹੇ ਹਨ, ਉਥੇ ਨਾਲ ਹੀ ਭਾਰਤ ਸਰਕਾਰ ਸਿੱਖਿਆ ਦੇ ਖੇਤਰ ਵਿਚ ਹਰ ਸਾਲ ਬਜਟ ਵਿਚ ਕਟੌਤੀ ਕਰਕੇ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ ਕਿਵੇਂ ਇਹ ਨਵੀਂ ਸਿੱਖਿਆ ਨੀਤੀ ਵਿਚ ਕਿੱਤਾ ਮੁਖੀ ਸਿੱਖਿਆ ਦੇ ਨਾਂ ਤੇ 6ਵੀਂ ਕਲਾਸ ਤੋਂ ਹੀ ਹੁਨਰ ਦੇ ਆਧਾਰ ਤੇ ਕਿੱਤਾ ਚੁਣਨ ਦੀ ਆਗਿਆ ਦੇ ਕੇ, ਮਾਤਰ ਭਾਸ਼ਾ ਵਿਚ ਸਿੱਖਿਆ ਦੇ ਕੇ, ਦੇਸ਼ ਦੀ ਆਈ. ਆਈ. ਟੀ., ਐਨ. ਆਈ. ਟੀ. ਵਿਚ ਉਲੰਪੀਅਡ ਅਤੇ ਹੋਰ ਮਹਿੰਗੇ ਕੋਚਿੰਗ ਟੈਸਟਾਂ ਰਾਹੀਂ ਸਿੱਧੀ ਭਰਤੀ ਕਰਕੇ, ਗਰੀਬ ਅਤੇ ਐਸ. ਸੀ., ਐਸ. ਟੀ. ਵਿਦਿਆਰਥੀਆਂ ਦੇ ਨਾਲ ਇਕ ਵੱਡਾ ਧੋਖਾ ਕਰਨ ਦੀ ਤਿਆਰੀ ਕਰ ਰਹੀ ਹੈ ਕਿਉਂਕਿ ਇਸ ਸਾਧਨਹੀਣ ਵਰਗ ਕੋਲ ਇੰਨਾ ਪੈਸਾ ਨਹੀਂ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਹਿੰਗੀ ਕੋਚਿੰਗ ਕਰਵਾ ਕੇ ਇਹਨਾਂ ਇੰਸਟੀਚਿਊਟਾਂ ਵਿਚ ਭੇਜ ਸਕਣ। ਇਹਨਾਂ ਬਿੰਦੂਆਂ ਤੇ ਅਸ਼ੋਕ ਕੁਮਾਰ ਸਹੋਤਾ ਨੇ ਆਪਣਾ ਖੋਜ ਪੱਤਰ (ਵੋਮੈਨ, ਮੂਲਨਿਵਾਸੀਜ਼ (ਐਸ.ਟੀ? ਐਸ.ਸੀ., ਓ. ਬੀ. ਸੀ.) ਬਹੁਜਨ ਸੁਸਾਇਟੀ ਐਂਡ ਰੋਲ ਆਫ ਐਜੂਕੇਸ਼ਨ ਇਨ ਇੰਡੀਆ) ਮਿਤੀ 5 ਅਪ੍ਰੈਲ 2021 ਨੂੰ ਰਾਸ਼ਟਰੀ ਮੂਲ ਨਿਵਾਸੀ ਬਹੁਜਨ ਕਰਮਚਾਰੀ ਸੰਘ, ਪ੍ਰੋਫੈਸਰ ਟੀਚਰਜ਼ ਐਂਡ ਨਾਨ-ਟੀਚਿੰਗ, ਇੰਡੀਅਨ ਰਿਸਰਚ ਸਕਾਲਰਸ ਐਸੋਸੀਏਸ਼ਨ ਅਤੇ ਅੰਜੁਮਨ ਇਸਲਾਮ ਜੰਜ਼ੀਰਾ ਕਾਲਜ ਆਫ ਸਾਇੰਸਿਜ਼ (ਰਜਿ.) ਵੱਲੋਂ ਆਯੋਜਿਤ ਸਾਂਝੀ ਇੰਟਰਨੈਸ਼ਨਲ ਕਾਨਫਰੰਸ ਵਿਚ ਪੜ੍ਹਿਆ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਮਨਾਇਆ ਗਿਆ









**ਸੈਲਮਾ –** ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦਾ 90 ਵਾਂ ਸ਼ਹੀਦੀ ਦਿਨ ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾ ਵਿਚ ਮਨਾਇਆ ਗਿਆ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਦੇ ਤੇ ਗੁਰੁਦੁਆਰਾ ਪੈਸੇਵਿਕ ਕੋਸਟ ਸੈਲਮਾ ਦੇ ਖੁਲੇ ਬਰਾਡੇ ਵਿਚ ਇਲਾਕੇ ਦੇ ਲੋਕਾਂ ਨੇ ਇਕੱਠੇ ਹੋ ਕੇ ਇਨਾਂ ਮਹਾਨ ਸ਼ਹੀਦਾ ਨੂੰ ਯਾਦ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੈਕਟਰੀ ਸੁਰਿੰਦਰ ਮੰਢਾਲੀ ਨੇ ਗੁਰਦੁਆਰਾ ਕਮੇਟੀ ਸੈਲਮਾ ਦਾ ਧੰਨਵਾਦ ਕਰਦਿਆ ਪਹੁੰਚੇ ਹੋਏ ਸਮੂਹ ਲੋਕਾਂ ਦਾ ਸਵਾਗਤ ਕੀਤਾ। ਹਰਜੀਤ ਸਿੰਘ ਸ਼ੇਰਗਿਲ ਨੇ ਕਿਸਾਨੀ ਅੰਦੋਲਨ ਸਬੰਧੀ ਇਕ ਕਵਿਤਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਭਜਨ ਸਿੰਘ ਸਹੋਤਾ ਨੇ ਬੋਲਦਿਆ ਇਸ ਗੱਲ ਤੇ ਦੁਖ ਜਾਹਿਰ ਕੀਤਾ ਕੇ ਹਜ਼ਾਰਾਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਭਾਰਤ ਦੀ ਆਜ਼ਾਦੀ ਅਜੇ ਵੀ ਅਧੂਰੀ ਹੈ। ਉਨਾਂ ਨੇ ਭਾਰਤ ਵਿਚ ਚਲ ਰਹੇ ਕਿਸਾਨ ਅੰਦੋਲਨ ਨੂੰ ਹਰ ਤਰਾਂ ਦੀ ਸਹਾਇਤਾ ਦੇਣ ਦਾ ਸੱਦਾ ਵੀ ਦਿਤਾ। ਕੁੰਦਨ ਸਿੰਘ ਧਾਮੀ ਨੇ ਆਪਣੀ ਲਿਖੀ ਇਕ ਭਾਵਪੂਰਤ ਕਵਿਤਾ ਪੇਸ਼ ਕੀਤੀ।ਸ਼ਰਨਜੀਤ ਧਾਲੀਵਾਲ ਨੇ ਵੀ ਸ਼ਹੀਦਾ ਨੂੰ ਸਮਰਪਤ ਇਕ ਕਵਿਤਾ ਪੇਸ਼ ਕੀਤੀ।

ਇਸ ਪ੍ਰੋਗਰਾਮ ਵਿਚ ਸਟੇਜ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਤਸਵੀਰਾ ਵਾਲੇ ਬੈਨਰ ਦੇ ਨਾਲ ਨਾਲ ਕਿਸਾਨੀ ਅੰਦੋਲਨ ਨਾਲ ਇਕ ਮੁਠਤਾ ਪਰਗਟ ਕਰਦੇ ਨਾਹਰੇ ਅਤੇ ਬੈਨਰ ਲੱਗੇ ਹੋਏ ਸਨ। ਬੁਲਾਰਿਆ ਦੀਆਂ ਤਕਰੀਰਾ ਵਿਚ ਵੀ ਸ਼ਹੀਦਾ ਦੀ ਯਾਦ ਦੇ ਨਾਲ ਨਾਲ ਕਿਸਾਨੀ ਅੰਦੋਲਨ ਭਾਰੂ ਰਿਹਾ। ਫੋਰਮ ਦੇ ਸਰਪਰਸਤ ਮੈਂਬਰ ਸ੍ਰ ਗੁਰਦੀਪ ਸਿੰਘ ਅਣਖੀ ਨੇ ਆਜ਼ਾਦੀ ਦੀ ਲੜਾਈ ਤੋਂ ਸ਼ੁਰੂ ਹੋ ਕੇ ਪੰਜਬੀਆਂ ਵਲੋਂ ਆਪਣੀ ਆਨ ਬਾਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਘੋਲਾ ਦਾ ਵਿਸਥਾਰ ਵਿਚ ਵਰਨਣ ਕੀਤਾ। ਕਿਸਾਨੀ ਘੋਲ ਦੀ ਗਲ ਕਰਦਿਆ ਉਨਾਂ ਨੇ ਇਸ ਗੱਲ ਤੇ ਤਸੱਲੀ ਪਰਗਟ ਕੀਤੀ ਕੇ ਪੰਜਾਬੀ ਆਪਣੀਆਂ ਨਰੋਈਆ ਕਦਰਾ ਕੀਮਤਾਂ ਤੇ ਚਲਦਿਆਂ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕਿਸਾਨੀ ਨੂੰ ਤਹਿਸ ਨਹਿਸ ਕਰਨ ਵਾਲੇ ਕਾਲੇ ਕਾਨੂੰਨਾ ਨੂੰ ਰੱਦ ਕਰਵਾਉਣ ਲਈ ਤਕੜੀ ਲੜਾਈ ਲੜ ਰਹੇ ਹਨ। ਉਨਾਂ ਨੇ ਕੁਝ ਕਿਤਾਬੀ ਅਤੇ ਫੇਸਬੁਕੀ ਵਿਦਵਾਨਾਂ ਤੇ ਗਿਲਾ ਵੀ ਕੀਤਾ ਜੋ ਕਿਸਾਨੀ ਅੰਦੋਲਨ ਦੀ ਅਗਵਾਈ ਕਰ ਰਹੇ ਲੀਡਰਾਂ ਤੇ ਬੇਬੁਨਿਆਦ ਸਵਾਲ ਖੜੇ ਕਰਕੇ ਇਸ ਘੋਲ ਨੂੰ ਠੇਸ ਪਹੁੰਚਾ ਰਹੇ ਹਨ। ਸਾਧੂ ਸਿੰਘ ਸੰਘਾ ਹੋਰਾ ਵੀ ਕਿਸਾਨੀ ਅੰਦੋਲਨ ਵਲੋਂ ਉਸਾਰੀ ਲੋਕ ਏਕਤਾ ਤੇ ਖੁਸ਼ੀ ਪਰਗਟਾਈ ਅਤੇ ਲੋਕਾਂ ਨੂੰ ਇਸ ਏਕਤਾ ਨੂੰ ਤੋੜਨ ਲਈ ਹਰ ਤਰਾਂ ਦੀਆਂ ਸਰਕਾਰੀ ਚਾਲਾ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ।

ਪਿਸ਼ੋਰਾ ਸਿੰਘ ਢਿਲੋਂ ਹੁਣਾ ਆਪਣੀ ਲਿਖੀ ਇਕ ਭਾਵਪੂਰਤ ਕਵਿਤਾ ਤਰੰਨਮ ਵਿਚ ਸੁਣਾਈ। ਰਾਜ ਬਰਾੜ ਹੋਰਾ ਨੇ ਦੋ ਗੀਤ ਸੁਣਾ ਕੇ ਲਾਲ ਚੰਦ ਯਮਲਾ ਜੀ ਦੀ ਯਾਦ ਤਾਜਾ ਕਰ ਦਿਤੀ।ਡਾ ਅਰਜਨ ਸਿੰਘ ਜੋਸਨ ਅਤੇ ਹਰਭਜਨ ਸਿੰਘ ਢਿਲੋਂ ਨੇ ਵੀ ਆਪਣੇ ਵਿਚਾਰ ਰਖੇ।

ਪ੍ਰੋਫੈਸਰ ਪਰਮਪਾਲ ਸਿੰਘ ਹੁਰਾ ਨੇ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕਰਦਿਆ ਸਿਖ ਧਰਮ ਦੇ ਅਨੁਸਾਰ ਸ਼ਹੀਦ ਦੇ ਮਾਇਨੇ ਅਤੇ ਵਡਿਆਈ ਦੀ ਗਲ ਕੀਤੀ। ਪਰਗਟ ਸਿੰਘ ਧਾਲੀਵਾਲ ਨੇ ਵੀ ਸ਼ਹੀਦਾ ਦੀਆ ਕੁਰਬਾਨੀਆਂ ਤੋਂ ਬਾਅਦ ਆਈ ਆਜ਼ਾਦੀ ਨੂੰ ਆਮ ਲੋਕਾਂ ਦੀ ਆਜ਼ਾਦੀ ਵਿਚ ਬਦਲਣ ਲਈ ਹੋਰ ਸਘੰਰਸ਼ ਦੀ ਲੋੜ ਤੇ ਜੋਰ ਦਿਤਾ। ਉਨਾਂ ਕਿਸਾਨੀ ਅੰਦੋਲਨ ਦੀ ਗਲ ਕਰਦਿਆ ਉਨਾਂ ਖਦਸਾ ਪਰਗਟ ਕੀਤਾ ਕਿ ਭਾਰਤ ਦੀ ਸਰਕਾਰ ਸੁਰਿੰਦਰ ਸਿੰਘ ਮੰਢਾਲੀ ਨੇ ਇਸ ਪ੍ਰੋਗਰਾਮ ਦੀ ਗਲ ਲੋਕਾਂ ਵਿਚ ਪਹੁੰਚਾਉਣ ਲਈ 900 ਏ ਐਮ ਦੇ ਰੇਡਿਓ ਦੇ ਹੋਸਟ ਜਿਨਾ ਵਿਚ ਸੁਖੀ ਹੇਅਰ, ਬਲਵਿੰਦਰ ਸਿੰਘ, ਸੰਤੋਖ ਮਿਨਹਾਸ, ਹਰਜਿੰਦਰ ਸਿੰਘ, ਜਸਵੰਤ ਮਹਿਮੀ, ਬਲਬੀਰ ਸਿੰਘ ਢਿਲੋ ਅਤੇ ਹੋਰ ਦਾ ਧੰਨਵਾਦ ਕੀਤਾ। ਉਨਾਂ ਨੇ ਜੱਸ ਟੈਲੀਵਿਜ਼ਨ ਦਾ ਇਸ ਪ੍ਰੋਗਰਾਮ ਦੀ ਕਵਰਿਜ਼ ਲਈ ਧੰਨਵਾਦ ਕੀਤਾ। ਉਨਾਂ ਨੇ ਜਸ ਟੀ ਵੀ ਨਾਲ ਲੰਬਾ ਸਮਾਂ ਸਬੰਧਤ ਰਹੇ ਮਸਹੂਰ ਹੋਸਟ ਹਰਵਿੰਦਰ ਰਿਆੜ ਦੀ ਕੁਝ ਹਫਤੇ ਪਹਿਲਾ ਹੋਈ ਮੌਤ ਤੇ ਉਨਾਂ ਦੇ ਪਰਿਵਾਰ ਅਤੇ ਸਬੰਧੀਆ ਨਾਲ ਅਫਸੋਸ ਦਾ ਪਰਗਾਵਾ ਕੀਤਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.


PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376


भारतीय स्वतंत्रता संग्राम सेनानी
बाबू जगजीवन राम जी
की जयंती पर उन्हें
शत् शत् नमन
दुष्यंत कुमार गौतम
राज्यसभा सांसद एवं राष्ट्रीय महासचिव, भाजपा
@dushyanttgautam


प्रखर विद्वान,
भारतीय स्वतंत्रता संग्राम सेनानी,
गरीबों, वंचितों और पीड़ितों को
नई दिशा एवं दशा प्रदान करने
वाले सामाजिक योद्धा
बाबू जगजीवन राम जी
की जयंती पर उन्हें
शत्-शत् नमन
ਰਜੇਸ਼ ਬੱਗਾ ਉਪ ਪ੍ਰਧਾਨ ਬੀਜੇਪੀ ਪੰਜਾਬ


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
New folding bed verities
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250






ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਸ਼ਹਿਰ ਮਹਿਤਪੁਰ ਵਿਖੇ ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਮਰਹੂਮ ਬਾਬੂ ਜਗਜੀਵਨ ਰਾਮ ਜੀ ਦੇ ਜਨਮ ਦਿਨ ਮਨਾਏ ਜਾਣ ਦੀ ਇਕ ਯਾਦਗਾਰੀ ਤਸਵੀਰ, ਜਿਸ ਵਿਚ ਪੱਤਰਕਾਰ ਅਤੇ ਲੇਖਕ ਕੁਲਦੀਪ ਚੰਦ ਨੰਗਲ ਅਤੇ ਹੋਰ ਸਾਥੀ।

# ਡਾ. ਜਸਵੰਤ ਰਾਏ ਬਣੇ ਐੱਸਸੀ.ਬੀਸੀ. ਫੈੱਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਸਮੂਹ ਆਹੁਦੇਦਾਰਾਂ ਦੀ ਇੱਕ ਮੀਟਿੰਗ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲਪੁਰ ਹੁਸ਼ਿਆਰਪੁਰ ਵਿਖੇ ਸ. ਕੁਲਵਿੰਦਰ ਸਿੰਘ ਬੋਦਲ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸੂਬਾ ਵਾਇਸ ਚੇਅਰਮੈਨ ਚੌਧਰੀ ਬਲਰਾਜ ਕੁਮਾਰ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਸੂਬਾ ਪ੍ਰਧਾਨ ਬਣਨ ਕਰਕੇ ਕੁਲਵਿੰਦਰ ਸਿੰਘ ਬੋਦਲ ਨੇ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਦੇ ਆਹੁਦੇ ਤੋਂ ਅਸਤੀਫ਼ਾ ਪੇਸ਼ ਕੀਤਾ ਤੇ ਨਾਲ ਹੀ ਚੌਧਰੀ ਬਲਰਾਜ ਕੁਮਾਰ ਨੇ ਫੈੱਡਰੇਸ਼ਨ ਦੇ ਸ਼ਾਨਾਮੱਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਲੋਕਤੰਤਰੀ ਢੰਗ ਨਾਲ ਨਵੇਂ ਪ੍ਰਧਾਨ ਦੇ ਆਹੁਦੇ ਲਈ ਡਾ. ਜਸਵੰਤ ਰਾਏ ਦਾ ਨਾਂ ਪੇਸ਼ ਕੀਤਾ ਜਿਸਨੂੰ ਹਾਜ਼ਰ ਸਾਰੇ ਆਹੁਦੇਦਾਰਾਂ ਦੀ ਸਰਵਸੰਮਤੀ ਤੋਂ ਬਾਅਦ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਦਾ ਤਾਜ਼ ਡਾ. ਜਸਵੰਤ ਰਾਏ ਦੇ ਸਿਰ ਧਰ ਦਿੱਤਾ ਗਿਆ।ਸਾਬਕਾ ਡੀ. ਈ. ਓ. ਸ. ਬਲਵੀਰ ਸਿੰਘ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਲੈਕ. ਬਲਦੇਵ ਸਿੰਘ ਧੁੱਗਾ, ਲੈਕ. ਬਲਜੀਤ ਸਿੰਘ, ਜਰਨੈਲ ਸਿੰਘ ਸੀਕਰੀ ਅਤੇ ਯੋਧਾ ਮੱਲ ਨੇ ਜ਼ਿਲ੍ਹਾ ਪ੍ਰਧਾਨ ਨੂੰ ਵਧਾਈ ਦਿੰਦਿਆਂ ਸਾਰੇ ਜ਼ਿਲ੍ਹੇ ਵਲੋਂ ਡੱਟ ਕੇ ਨਾਲ ਸਾਥ ਦੇਣ ਦਾ ਭਰੋਸਾ ਦਿਵਾਇਆ। ਆਪਣੇ ਸੰਬੋਧਨ ਵਿਚ ਡਾ. ਜਸਵੰਤ ਰਾਏ ਨੇ ਧੰਨਵਾਦ ਕਰਦਿਆ ਕਿਹਾ ਕਿ ਫੈੱਡਰੇਸ਼ਨ ਵਲੋਂ ਸੌਂਪੀ ਗਈ ਇਸ ਜਿੰਮੇਵਾਰੀ ਨੂੰ ਪੂਰੇ ਤਨ, ਮਨ, ਧਨ ਨਾਲ ਸਾਰਿਆਂ ਨੂੰ ਨਾਲ ਲੈ ਕੇ ਨਿਭਾਵਾਂਗਾ। ਫੈੱਡਰੇਸ਼ਨ ਦੀਆਂ ਮੰਗਾਂ ੧੦-੧੦-੧੪ ਦਾ ਪੱਤਰ, ੮੫ਵੀਂ ਸੋਧ, ਬੇਰੁਜ਼ਗਾਰੀ ਭੱਤਾ, ਬਕਾਇਆ ਸ਼ਗਨ ਸਕੀਮਾਂ ਅਤੇ ਵਜ਼ੀਫਿਆਂ ਦੇ ਪੈਸਿਆਂ, ਠੇਕਾ ਅਧਾਰਿਤ ਆਂਗਨਵਾੜੀ ਅਤੇ ਆਸ਼ਾ ਵਰਕਰਾਂ, ਬੇਰੁਜ਼ਗਾਰ ਲਈ ਨੌਕਰੀ ਵਾਸਤੇ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਲਿਆ ਗਿਆ। ਇਸ ਮੌਕੇ ਯੋਧਾ ਮੱਲ ਨੂੰ ਜ਼ਿਲ੍ਹਾ ਜਨਰਲ ਸਕੱਤਰ ਦੀ ਵਾਧੂ ਜਿੰਮੇਵਾਰੀ ਵੀ ਸੌਂਪੀ ਗਈ। ਮੀਟਿੰਗ ਨੂੰ ਪ੍ਰਿੰ. ਸ਼ਿਵ ਸਿੰਘ ਬੰਗੜ, ਲਖਵੀਰ ਸਿੰਘ, ਜੈਲ ਸਿੰਘ, ਕਸ਼ਮੀਰ ਸਿੰਘ, ਲਖਵਿੰਦਰ ਰਾਮ, ਜਸਵੀਰ ਸਿੰਘ, ਸੁਰੇਸ਼ ਕੁਮਾਰ, ਅਮਰਜੀਤ ਸਿੰਘ, ਪ੍ਰਭਜੀਤ ਸਿੰਘ, ਕੁਲਵੰਤ ਸਿੰਘ, ਰਿੰਕੂ ਭਾਟੀਆ, ਰਵਿੰਦਰ ਕੁਮਾਰ, ਗੁਰਮੁਖ ਸਿੰਘ, ਜਸਪਾਲ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਹਰਦਿਆਲ ਸਿੰਘ ਅਤੇ ਗੁਲਜਾਰੀ ਲਾਲ ਹੁਰਾਂ ਵੀ ਸੰਬੋਧਿਤ ਕੀਤਾ।




**ਰਿਪੋਰਟ: ਪ੍ਰੈੱਸ ਸਕੱਤਰ, ਲੈਕ. ਅਮਰਜੀਤ ਸਿੰਘ**






# "Desh Doaba" takes pride in congratulating Sukh Chain Singh on his Happy Birthday

** Count your age by friends, not years. Count your life by smiles, not tears.*
*— John Lennon.*

** Old age is like a plane flying through a storm. Once you are aboard, there is nothing you can do about it.*
*— Golda Meir*

Birthdays are the best days! Wouldn't you agree? From birthday phone calls to cake and candles, nothing makes anyone feel more special than getting a little b-day love and attention. But instead of simply saying, "Happy Birthday!" this year, here are some of the best happy birthday quotes, birthday wishes, and happy birthday messages to make me feel extra special.

This year my birthday March 15 2021 felled while we were in Maui, Hawaii in the company of my wife, my daughter Pamela Chadha, my granddaughter Alisha Chadha ( Dentist Student) and grand Son Dylan Sukh. Singh ( Medical Student Hawaii). They made special effort to join us on my birthday. Day started with phone call, greeting from friends , gifts and flowers from the family. To our surprise my children Mala Restaurant, Maui for gala dinner.

This day was full of excitement and memorable events. I am thankful every one for the love and affection. unforgettable day of life.

***Sukh Chain Singh***











# ਅਮੈਰਿਕਨ ਸੀਨੀ. ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ ਦੀ ਮੀਟਿੰਗ ਹੋਈ

**ਸੈਕਰਾਮੈਂਟੋ–** ਸੀਨੀਅਰ ਸਿਟੀਜ਼ਨਜ਼ ਗਰੁੱਪ, ਸੈਕਰਾਮੈਂਟੋ ਦੀ ਹਫਤਾਵਾਰੀ ਮੀਟਿੰਗ ਆਨਲਾਈਨ ਹੋਈ, ਜਿਸ ਵਿਚ ਬਹੁਤ ਸਾਰੇ ਮੈਂਬਰਾਂ ਨੇ ਭਾਗ ਲਿਆ। ਰਸਮੀ ਗੱਲਬਾਤ ਤੋਂ ਬਾਦ ਸਭ ਤੋਂ ਪਹਿਲਾਂ ਗਰੁੱਪ ਦੇ ਮੈਂਬਰ ਕਰਨਲ ਗੁਰਮੁਖ ਸਿੰਘ ਗਿੱਲ ਨੇ ਅਮਰੀਕਾ ਅਤੇ ਇੰਡੀਆ ਦੀਆਂ ਚੱਲ ਰਹੀਆਂ ਖਬਰਾਂ ਤੇ ਚਾਨਣਾ ਪਾਇਆ। ਇਸ ਤੋਂ ਬਾਅਦ ਇੰਡੀਆ ਵਿਚ ਚੱਲ ਰਹੇ ਕਿਸਾਨੀ ਮੋਰਚੇ ਤੇ ਵੀ ਚਰਚਾ ਕੀਤੀ ਗਈ। ਐਫ. ਸੀ. ਆਈ. ਵੱਲੋਂ ਕਣਕ ਦੀ ਖਰੀਦ ਤੋਂ ਬਾਅਦ ਕਿਸਾਨਾਂ ਨੂੰ ਸਿੱਧੀ ਅਦ-ਾਇਗੀ ਸਬੰਧੀ ਖਬਰਾਂ ਤੇ ਚਰਚਾ ਕੀਤੀ ਗਈ।

ਇਸ ਤੋਂ ਬਾਅਦ ਮੀਟਿੰਗ ਵਿਚ ਗਦਰੀ ਬਾਬੇ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਨੇ ਭਾਗ ਲਿਆ। ਉਹਨਾਂ ਨੇ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ, ਉਹਨਾਂ ਦੇ ਜੀਵਨ ਦੇ ਉਦੇਸ਼, ਦੇਸ਼ ਨੂੰ ਆਜ਼ਾਦ ਕਰਵਾ ਕੇ ਸਵੈਰਾਜ ਜੋ ਕਿ ਲੋਕਾਂ ਦਾ ਆਪਣਾ ਰਾਜ ਹੋਵੇ, ਦੇ ਸੁਪਨੇ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ। ਡਾ. ਜੇ. ਪੀ. ਸਿੰਘ ਜੋ ਕਿ ਸਮੇਂ-ਸਮੇਂ ਤੇ ਸਿਟੀਜਨਜ਼ ਗਰੁੱਪ ਵਿਚ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ, ਨੇ ਵੀ ਸ. ਭਗਤ ਸਿੰਘ ਦੇ ਜੀਵਨ ਬਾਰੇ ਅਤੇ ਕ੍ਰਾਂਤੀਕਾਰੀ ਨੌਜਵਾਨ ਹੋਣ ਬਾਰੇ ਦੱਸਿਆ।

ਇਸ ਤੋਂ ਬਾਅਦ ਸ੍ਰੀ ਹੁਸਨ ਲੜੋਆ ਜੋ ਕਿ ਸੀਨੀਅਰ ਪੱਤਰਕਾਰ ਅਤੇ ਪੈਰਾਲੀਗਲ ਸਰਵਿਸਿਜ਼ ਦਾ ਕੰਮ ਕਰਦੇ ਹਨ, ਨੇ ਭਗਤ ਸਿੰਘ ਦੇ ਜਨਮ ਅਸਥਾਨ (ਪਾਕਿਸਤਾਨ) ਅਤੇ ਨਵਾਂਸ਼ਹਿਰ ਵਿਚ ਉਹਨਾਂ ਦੇ ਪਿੰਡ ਖਟਕੜ ਕਲਾਂ ਬਾਰੇ ਵੇਰਵਾ ਸਾਂਝਾ ਕੀਤਾ। ਉਹਨਾਂ ਨੇ ਦੱਸਿਆ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਕਿਸ ਤਰ੍ਹਾਂ ਸ਼ਹੀਦਾਂ ਨੂੰ ਆਪਣੇ ਮੁਫਾਦਾਂ ਲਈ ਵਰਤ-



ਦੀਆਂ ਹਨ ਅਤੇ ਹਰ ਸਾਲ ਇਕ ਵੱਡਾ ਇਕੱਠ ਕਰਕੇ, ਲਾਰੇ ਲਾ ਕੇ ਵੋਟਾਂ ਲੈਣ ਦਾ ਕੰਮ ਕਰਦੇ ਹਨ। ਉਹ ਸ. ਭਗਤ ਸਿੰਘ ਦੇ ਪਿੰਡ ਦੇ ਨੇੜੇ ਦੇ ਹੋਣ ਕਰਕੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਈ ਵਾਰ ਮਿਲੇ ਸਨ।

ਅਖੀਰ ਵਿਚ ਸਾਰੇ ਮੈਂਬਰਾਂ ਨੇ ਉਹਨਾਂ ਨੂੰ ਸਵਾਲ ਕਰਕੇ ਜਵਾਬ ਵੀ ਲਏ। ਗਰੁੱਪ ਦੇ ਸੀਨੀਅਰ ਮੈਂਬਰ ਸ੍ਰੀ ਗੁਰਪਾਲ ਸਿੰਘ ਖਹਿਰਾ ਵੱਲੋਂ ਵੱਖ-ਵੱਖ ਵਿਚਾਰ ਪੇਸ਼ ਕਰਨ ਉਪਰੰਤ ਇਕ ਕਵਿਤਾ ਵੀ ਪੜ੍ਹੀ ਗਈ, ਜੋ ਕਿ ਇਸ ਪ੍ਰਕਾਰ ਹੈ:-

ਲੜਤੇ ਵੀ ਰਹੇ ਮਰਤੇ ਵੀ ਰਹੇ
ਲੜ ਲੜ ਕੇ ਆਜ਼ਾਦੀ ਪਾ ਹੀ ਲਈ
ਅੱਜ ਹੋ ਕੇ ਆਜ਼ਾਦ ਸ਼ਹੀਦਾਂ ਦੀ
ਅਸੀਂ ਰਲ ਕੇ ਘੋੜੀ ਗਾ ਹੀ ਲਈ।

ਅੱਜ ਮਾਣ ਹੈ ਸਾਨੂੰ ਸ਼ਹੀਦਾਂ ਤੇ
ਅਸੀਂ ਤੁਰਦੇ ਛਾਤੀ ਤਾਣ ਕੇ ਹਾਂ
ਅੱਜ ਮੰਜ਼ਿਲ ਸਾਡੀ ਦੂਰ ਨਹੀਂ
ਅਸੀਂ ਆਪਣੀ ਰਾਹ ਪਛਾਣਦੇ ਹਾਂ
ਵੋਟਾਂ ਦਾ ਸਭ ਨੂੰ ਹੱਕ ਦਿਨ ਨੇ
ਅਸੀਂ ਲੋਕ ਸਰਕਾਰ ਬਣਾ ਹੀ ਲਈ।

ਅਸਾਂ ਭਗਤ ਸਿੰਘ ਪੈਦਾ ਕੀਤੇ ਸਨ
ਜਿਨ੍ਹਾਂ ਜਾਮ ਸ਼ਹੀਦੀ ਦੇ ਪੀਤੇ ਸਨ
ਉਨ੍ਹਾਂ ਦੇ ਬੰਧਨ ਕੱਟਣ ਲਈ
ਫਾਂਸੀ ਤੇ ਝੂਟੇ ਲੀਤੇ ਸਨ
ਉਨ੍ਹਾਂ ਅਮਰ ਸ਼ਹੀਦਾਂ ਦੀ ਯਾਦ ਅੰਦਰ
ਅਸਾਂ ਰਲ ਕੇ ਖੁਸ਼ੀ ਮਨਾ ਹੀ ਲਈ।

ਪਹਿਰਾ ਰਲ ਕੇ ਸੋਹਲੇ ਗਾ ਲਈਏ
ਬਾਬਿਆਂ ਦਾ ਦਿਵਸ ਮਨਾ ਲਈਏ
ਅੱਜ ਆਪ ਹੀ ਆਪਣੇ ਗੀਤਾਂ ਵਿਚ
ਅਸਾਂ ਆਪਣੀ ਕਿਸਮਤ ਗਾ ਹੀ ਲਈ
ਅੱਜ ਹੋ ਕੇ ਆਜ਼ਾਦ ਸ਼ਹੀਦਾਂ ਦੀ
ਅਸਾਂ ਰਲ ਕੇ ਘੋੜੀ ਗਾ ਹੀ ਲਈ।
ਵੱਲੋਂ ਗੁਰਪਾਲ ਸਿੰਘ ਖਹਿਰਾ

ਅਖੀਰ ਵਿਚ ਗਰੁੱਪ ਦੇ ਚੇਅਰਮੈਨ ਸ੍ਰੀ ਸੁਖਚੈਨ ਸਿੰਘ ਵੱਲੋਂ ਸਾਰੇ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਸਹਿਯੋਗ ਦੇਣ ਦੀ ਅਪੀਲ ਕੀਤੀ।

**ਰਿਪੋਰਟ- ਬਿੱਕਰ ਸਿੰਘ ਮਾਨ**
**916-897-4454**

# ਪੰਜਾਬ ਦੀ ਰਾਜਨੀਤੀ 'ਚ ਬਸਪਾ ਅਹਿਮ ਰੋਲ ਅਦਾ ਕਰੇਗੀ - ਰਣਧੀਰ ਬੈਨੀਵਾਲ

## ਪੰਜਾਬ ਦੀ ਕਾਂਗਰਸ ਸਰਕਾਰ ਤੇ ਮੁੱਖ ਮੰਤਰੀ ਅਮਰਿੰਦਰ ਝੂਠ ਦੀ ਪੰਡ - ਜਸਵੀਰ ਸਿੰਘ ਗੜ੍ਹੀ






**ਰੂਪਨਗਰ–** ਬਹੁਜਨ ਸਮਾਜ ਪਾਰਟੀ ਵਲੋਂ ਸੂਬਾ ਪੱਧਰੀ ਰੈਲੀ ਬੇਗਮਪੁਰਾ ਪਾਤਸ਼ਾਹੀ ਬਣਾਓ ਦੇ ਬੈਨਰ ਹੇਠ ਬਸਪਾ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਜੱਦੀ ਪਿੰਡ ਖੁਆਸਪੁਰਾ ਵਿਖੇ ਉਹਨਾਂ ਦੇ 87ਵੇ ਜਨਮ ਦਿਨ ਮੌਕੇ ਕੀਤੀ, ਜਿੱਥੇ ਹਜ਼ਾਰਾਂ ਵਰਕਰਾਂ ਤੇ ਸਮਰਥਕਾਂ ਦਾ ਠਾਠਾਂ ਮਾਰਦਾ ਇਕੱਠ ਮਹਾਂਰੈਲੇ ਦੇ ਰੂਪ ਵਿੱਚ ਦੇਖਣ ਨੂੰ ਮਿਲਿਆ। ਸਾਰਾ ਰੋਪੜ ਸ਼ਹਿਰ ਨੀਲੇ ਝੰਡਿਆਂ ਨਾਲ ਰੰਗਿਆ ਗਿਆ ਸੀ ਤੇ ਰੈਲੀ ਦਾ ਵਿਸ਼ਾਲ ਪੰਡਾਲ ਸੀ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪੰਜਾਬ ਚੰਡੀਗੜ ਤੇ ਹਰਿਆਣਾ ਮਾਮਲਿਆਂ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਤੇ ਸ੍ਰੀ ਵਿਪੁਲ ਕੁਮਾਰ ਜੀ ਸਨ। ਰੈਲੀ ਦੀ ਪ੍ਰਧਾਨਗੀ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੀਤੀ, ਰੈਲੀ ਦਾ ਮੰਚ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਸੀ। ਮੁੱਖ ਮੰਚ ਉੱਪਰ ਸੂਬਾ ਕਮੇਟੀ, ਦੂਜੇ ਮੰਚ ਉੱਪਰ ਜ਼ਿਲ੍ਹਾ ਪ੍ਰਧਾਨ ਤੇ ਹੋਰ ਆਗੂ ਅਤੇ ਤੀਜਾ ਮੰਚ ਪਾਰਟੀ ਦੇ ਮਿਸ਼ਨਰੀ ਗਾਇਕਾ ਲਈ ਸੀ।

ਆਪਣੇ ਭਾਸ਼ਣ ਵਿੱਚ ਬੋਲਦਿਆਂ ਬੈਨੀਵਾਲ ਜੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਜੋ ਸਲੂਕ ਕੀਤਾ ਹੈ ਉਹ ਬਹੁਤ ਨਿੰਦਣਯੋਗ ਹੈ। ਬਸਪਾ ਕਿਸਾਨਾਂ ਦੇ ਨਾਲ ਖੜੀ ਹੈ। ਗਠਜੋੜ ਉਪਰ ਕਿਹਾ ਕਿ ਆਖਰੀ ਫੈਸਲਾ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਕਰਨਾ ਹੈ। ਬਾਕੀ ਜੋ ਵੀ ਗਠਜੋੜ ਬਾਰੇ ਚੱਲ ਰਿਹਾ ਹੈ ਉਹ ਸਿਰਫ ਅਫਵਾਹਾਂ ਹਨ। ਅਸੀਂ ਪੰਜਾਬ ਵਿੱਚ ਜਿਥੇ ਪੰਜਾਬੀਆਂ ਦੇ ਹਿਤ ਲਈ 'ਚ ਅੱਗੇ ਵਧਣਾ ਹੈ ਓਥੇ ਹੀ ਗਰੀਬ ਮਜ਼ਦੂਰ ਦਲਿਤ ਤੇ ਪਿੱਛੜੇ ਵਰਗਾ ਦੇ ਹਿਤਾਂ ਦੀ ਅਣਦੇਖੀ ਨਹੀਂ ਕਰ ਸਕਦੇ।

ਆਤਮ ਵਿਸ਼ਵਾਸ ਨਾਲ ਲਬਾਲਬ ਪੰਜਾਬ ਬਸਪਾ ਦੇ ਨੌਜਵਾਨ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਜੋਸ਼ੀਲੀ ਗੱਲਬਾਤ ਰੱਖਦਿਆਂ ਕਿਹਾ ਕਿ ਆਜ਼ਾਦੀ ਦੇ 73 ਸਾਲਾਂ ਵਿੱਚ ਪੰਜਾਬ ਨੂੰ ਮਿਲੇ ਹਾਕਮਾਂ ਨੇ ਪੰਜਾਬ ਨੂੰ ਸੂਬੇ ਤੋਂ ਸੂਬੀ ਬਣਾ ਦਿੱਤਾ, ਜਿਸ ਵਿੱਚ ਕਿਸਾਨ ਮਜ਼ਦੂਰ, ਮੁਲਾਜ਼ਮਾਂ, ਵਿਦਿਆਰਥੀ ਵਪਾਰੀ ਦੇ ਨਾਲ-ਨਾਲ ਦਲਿਤ ਪੱਛੜੇ ਵਰਗਾ ਨੂੰ ਹੀ ਨਹੀਂ ਕੁਚਲਿਆ ਗਿਆ ਸਗੋਂ ਦੇਸ਼ ਦੀ ਘੱਟ ਗਿਣਤੀ ਕੌਮ ਸਿੱਖਾਂ ਉੱਪਰ ਟੈਂਕਾਂ ਤੋਪਾਂ ਨਾਲ ਹਮਲਾ ਵੀ ਹੋਇਆ। ਇਸ ਲਈ ਦੋਸ਼ੀ ਕਾਂਗਰਸ ਤੇ ਭਾਜਪਾ ਸਰਕਾਰਾਂ ਦਾ ਰਾਜ ਰਿਹਾ ਜਿਸ ਦੇ ਕੁਪ੍ਰਬੰਧ ਵਿੱਚ ਵਿੱਚ ਪੰਜਾਬ ਸਿਰ ਪੌਣੇ ਤਿੰਨ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਸਿਰ ਚੜ ਗਿਆ। ਸ. ਗੜ੍ਹੀ ਨੇ ਕਿਹਾ ਕਿ ਬਸਪਾ ਦਾ ਰਾਜ ਆਉਣ ਤੇ ਕਿਸਾਨਾਂ ਨੂੰ ਹਰ ਫਸਲ ਉਪਰ ਐੱਮ.ਐਸ.ਪੀ ਦਿੱਤੀ ਜਾਏਗੀ। ਉਥੇ ਹੀ ਮਜ਼ਦੂਰਾਂ ਦੇ ਕੰਮ ਦੇ ਅੱਠ ਘੰਟੇ ਅਤੇ ਸਮਾਜਿਕ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਮੁਲਾਜ਼ਮਾਂ ਨੂੰ ਪੱਕੀਆਂ ਨੌਕਰੀਆਂ ਦੀ ਭਰਤੀ ਕੀਤੀ ਜਾਏਗੀ ਅਤੇ ਠੇਕਾ ਪ੍ਰਣਾਲੀ, ਆਉਟਸੋਰਸ ਆਦਿ ਪ੍ਰਬੰਧ ਖਤਮ ਕੀਤੇ ਜਾਣਗੇ। ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਰੋਜ਼ੀ ਰੋਟੀ ਆਟਾ ਦਾਲ ਸ਼ਗਨ ਸਕੀਮਾਂ ਵਿੱਚ ਪਾਰਦਰਸ਼ਿਤਾ ਲਿਆਕੇ ਹਰ ਪੰਜਾਬੀ ਨੂੰ ਰੋਜ਼ਗਾਰ ਦੇ ਕੇ ਸਮਰੱਥਾਵਾਨ ਬਣਾਇਆ ਜਾਵੇਗਾ। ਬੇਰੁਜ਼ਗਾਰਾਂ ਨੂੰ ਰੋਜ਼ਗਾਰ ਦਾਤਾ ਬਣਾ ਕੇ ਪੰਜਾਬ ਨੂੰ ਉਤਪਾਦਕਤਾ ਵਾਲਾ ਸੂਬਾ ਬਣਾਇਆ ਜਾਵੇਗਾ ਤੇ ਫੂਡ ਪ੍ਰੋਸੈਸਿੰਗ ਤੇ ਹੋਰ ਉਦਯੋਗਿਕ ਖੇਤਰਾਂ ਨੂੰ ਉਨਤ ਕਰਕੇ ਪੰਜਾਬ ਨੂੰ ਦੇਸ਼ ਦਾ ਮੁੜ ਤੋਂ ਸਿਰਮੌਰ ਸੂਬਾ ਬਣਾਇਆ ਜਾਏਗਾ। ਗਰੀਬਾਂ ਘਰ ਤੇ ਬੇਜ਼ਮੀਨਿਆਂ ਲਈ ਜ਼ਮੀਨਾਂ ਦਾ ਪ੍ਰਬੰਧ ਬਸਪਾ ਸਰਕਾਰ ਕਰੇਗੀ। 85ਵੀ ਸੋਧ ਦਲਿਤਾਂ ਮੁਲਾਜ਼ਮਾਂ ਲਈ, ਬੈਕਲਾਗ ਭਾਰਤੀ ਤੇ ਰਿਜ਼ਰਵੇਸ਼ਨ ਲਾਗੂ ਕਰਨ ਵਿੱਚ ਕਮੀਆਂ ਨੂੰ ਦੂਰ ਕੀਤਾ ਜਾਏਗਾ। ਪਛੜਾ ਵਰਗ ਲਈ ਨੌਕਰੀਆਂ ਲਈ ਮੰਡਲ ਕਮਿਸ਼ਨ ਰਿਪੋਰਟ ਲਾਗੂ ਕੀਤੀ ਜਾਵੇਗੀ। ਈਸਾਈ ਭਾਈਚਾਰੇ ਲਈ ਸਿਹਤ ਸਿਖਿਆ ਰੁ-ਜ਼ਗਾਰ ਰਾਖਵਾਂਕਰਨ ਦੇ ਨਾਲ ਨਾਲ ਕਬਰਸਤਾਨਾਂ ਦਾ ਪ੍ਰਬੰਧ ਵੀ ਕੀਤਾ ਜਾਏਗਾ। ਗੁਰੂਆਂ ਦੀ ਧਰਤੀ ਤੇ ਹਾਕਮਾਂ ਵੱਲੋਂ ਵਰਤਾਇਆ ਜਾ ਰਿਹਾ ਨਸ਼ਾ ਚਿੱਟਾ, ਜ਼ਹਿਰੀਲੀ ਸ਼ਰਾਬ ਦਾ ਹੜ ਗੁਜਰਾਤ ਬਿਹਾਰ ਨਾਗਾਲੈਂਡ ਮਿਜ਼ੋਰਮ ਕੇਰਲ ਆਦਿ ਸੂਬਿਆਂ ਦੀ ਤਰਜ਼ ਤੇ ਠੱਲ੍ਹਿਆ ਜਾਏਗਾ। ਰੇਤਾ ਬਜਰੀ ਦੀ ਨਾਜਾਇਜ਼ ਮਾਈਨਿੰਗ ਤੇ ਭਰਿਸ਼ਟਾਚਾਰ ਰੋਕਣ ਵਿੱਚ ਪਿਛਲੇ 73 ਸਾਲਾਂ ਵਿੱਚ ਕਾਂਗਰਸ ਭਾਜਪਾ ਸਰਕਾਰਾਂ ਫ਼ੇਲ੍ਹ ਹੋਈਆਂ ਹਨ, ਭਰਿਸ਼ਟਾਚਾਰ ਨੂੰ ਨੱਥ ਬਸਪਾ ਸਰਕਾਰ ਪਾਏਗੀ।

ਸ੍ਰੀ ਵਿਪੁਲ ਕੁਮਾਰ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ ਓ.ਬੀ. ਸੀ ਜਮਾਤਾਂ ਨਾਲ ਧੋਖਾ ਹੁੰਦਾ ਆਇਆ ਹੈ ਅਤੇ ਹਾਲੇ ਤੱਕ ਓ.ਬੀ. ਸੀ ਜਮਾਤਾਂ ਲਈ ਮੰਡਲ ਕਮਿਸ਼ਨ ਰਿਪੋਰਟ ਸਰਕਾਰਾਂ ਨੇ ਲਾਗੂ ਨਹੀਂ ਕੀਤੀ ਹੈ। ਬਸਪਾ ਸੱਤਾ ਵਿੱਚ ਆਕੇ 24 ਘੰਟਿਆਂ ਵਿਚ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੇਗੀ। ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ ਨੇ ਬਾਖੂਬੀ ਮੰਚ ਦਾ ਸੰਚਾਲਨ ਕਰਦਿਆਂ ਕੀਤਾ ਸੂਬਾ ਪ੍ਰਧਾਨ ਸ ਗੜ੍ਹੀ ਜੀ ਦੀ ਅਗਵਾਈ ਪੰਜਾਬ ਵਿੱਚ ਬਸਪਾ ਦਾ ਸੰਗਠਨ ਦਾ ਕੰਮ ਕਾਜ ਤੇਜ਼ੀ ਨਾਲ ਚਲ ਰਿਹਾ ਹੈ ਉੱਥੇ ਬਸਪਾ ਮਜ਼ਬੂਤ ਧਿਰ ਦੇ ਰੂਪ ਵਿਚ ਸਾਹਮਣੇ ਆਈ ਹੈ।

ਬਸਪਾ ਦੀ ਮਹਾਰੈਲੀ ਵਿਚ ਪ੍ਰਬੰਧਾਂ ਦਾ ਕੰਮ ਬਸਪਾ ਦੇ ਮਿਸ਼ਨਰੀ ਸਾਥੀਆਂ ਨੇ ਸੁਚੱਜੇ ਰੂਪ ਚ ਸਾਂਭਿਆ ਹੋਇਆ ਸੀ। ਬਹੁਜਨ ਵਾਲੰਟੀਅਰ ਫੋਰਸ ਦੇ ਨੌਜਵਾਨ ਨੀਲੀ ਪੈਂਟ ਚਿੱਟੀ ਕਮੀਜ਼ ਵਿਚ ਜਗਾ ਜਗਾ ਤਾਇਨਾਤ ਸਨ। ਪੁਲਿਸ ਪ੍ਰਬੰਧ ਦੀ ਸਖ਼ਤੀ ਅਣਹੋਣੀ ਨੂੰ ਰੋਕਣ ਲਈ ਦਸ ਤੋਂ ਜਿਆਦਾ ਮੈਟਲ ਡਿ-ਟੈਕਟਰ ਮਸ਼ੀਨਾਂ ਨਾਲ ਤਾਇਨਾਤ ਸੀ। ਪਾਰਟੀ ਵਲੋਂ ਪੀਣ ਵਾਲੇ ਪਾਣੀ , ਸੈਨੀਟਾਈਜਰ ਤੇ ਮਾਸਕਾਂ ਦਾ ਖੁੱਲਾ ਪਰਬੰਧ ਸੀ।

ਇਸ ਮੌਕੇ ਤੇ ਸੂਬਾ ਮੀਤ ਪ੍ਰਧਾਨ ਸ ਹਰਜੀਤ ਸਿੰਘ ਲੌਂਗੀਆਂ, ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਸ੍ਰੀ ਰਾਜਾ ਰਾਜਿੰਦਰ ਸਿੰਘ ਨਨਹੇੜਿਆ, ਸ਼ੈਰੀ ਗੁਰਲਾਲ ਸੈਲਾ, ਸ਼ੈਰੀ ਰਸ਼ਪਾਲ ਰਾਜੂ, ਸ਼ੈਰੀ ਭਗਵਾਨ ਸਿੰਘ ਚੌਹਾਨ, ਸ੍ਰੀ ਬਲਵਿੰਦਰ ਕੁਮਾਰ, ਸ੍ਰੀ ਬਲਦੇਵ ਮਹਿਰਾ, ਸ ਮਨਜੀਤ ਸਿੰਘ ਅਟਵਾਲ, ਸ ਸਵਿੰਦਰ ਸਿੰਘ ਛੱਜਲਵੰਡੀ, ਸ ਲਾਲ ਸਿੰਘ ਸੁਲਹਾਨੀ, ਸ੍ਰੀ ਰੋਹਿਤ ਖੋਖਰ, ਸ੍ਰੀ ਅਜੀਤ ਸਿੰਘ ਭੈਣੀ, ਸ੍ਰੀ ਗੁਰਮੇਲ ਸਿੰਘ ਜੀ ਕੇ, ਡਾ ਜਸਪ੍ਰੀਤ ਸਿੰਘ, ਸ ਰਾਮ ਸਿੰਘ ਗੋਗੀ, ਸ੍ਰੀ ਰਮੇਸ਼ ਕੌਲ, ਸ ਕੁਲਦੀਪ ਸਿੰਘ ਸਰਦੂਲਗੜ੍ਹੈਹ, ਸ ਸੁਖਦੇਵ ਸਿੰਘ ਸ਼ੀਰਾ, ਸ੍ਰੀ ਸੰਤ ਰਾਮ ਮੱਲੀਆਂ, ਸ੍ਰੀ ਚਮਕੌਰ ਸਿੰਘ ਵੀਰ, ਸ੍ਰੀ ਦਰਸ਼ਨ ਸਿੰਘ ਝਲੂਰ, ਸ੍ਰੀ ਹਰਭਜਨ ਸਿੰਘ ਬੱਜਹੇੜੀ, ਐਡਵੋਕੇਟ ਵਿਜੈ ਬੱਧਣ, ਐਡਵੋਕੇਟ ਰਣਜੀਤ ਕੁਮਾਰ, ਸ੍ਰੀ ਗੁਰਮੇਲ ਚੁੰਬਰ, ਸ੍ਰੀ ਰਜਿੰਦਰ ਸਿੰਘ ਰੀਹਲ, ਡਾ ਸੁਖਬੀਰ ਸਿੰਘ ਸਲਾਰਪੁਰ, ਸ੍ਰੀ ਜੋਗਾ ਸਿੰਘ ਪਨੋਦੀਆਂ, ਸ੍ਰੀ ਦਲਜੀਤ ਰਾਏ, ਸ੍ਰੀ ਬਲਜੀਤ ਸਿੰਘ ਭਾਰਾਪੁਰ, ਸ੍ਰੀ ਪਰਮਜੀਤ ਮੱਲ, ਸ੍ਰੀ ਰਾਜੇਸ਼ ਕੁਮਾਰ, ਆਦਿ ਹਾਜ਼ਰ ਸਨ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਨਿਊਯਾਰਕ ਵਿੱਚ ਪੁਲਿਸ ਅਧਿਕਾਰੀ ਨੇ ਖੁਦ ਨੂੰ ਮਾਰੀ ਗੋਲੀ, ਗਈ ਜਾਨ

**ਫਰਿਜ਼ਨੋ (ਕੈਲੀ-ਫੋਰਨੀਆ), 06 ਅਪ੍ਰੈਲ 2021–** ਨਿਊਯਾਰਕ ਵਿੱਚ ਕੁਈਨਜ਼ ਪੁਲਿਸ ਦੇ ਇੱਕ ਕਮਾਂਡਿੰਗ ਅਧਿਕਾਰੀ ਨੇ ਸੋਮਵਾਰ ਨੂੰ ਆਪਣੇ ਆਪ ਨੂੰ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ ਹੈ ਅਤੇ ਇਸਦੀ ਪੁਸ਼ਟੀ ਨਿਊਯਾਰਕ ਪੁਲਿਸ ਵਿਭਾਗ ਨੇ ਸੋਮਵਾਰ ਦੀ ਰਾਤ ਨੂੰ ਕੀਤੀ ਹੈ। ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ 107 ਵੇਂ ਪ੍ਰੀਸਿੰਕਟ ਦੀ ਕਮਾਂਡ ਦੇਣ ਵਾਲੇ ਡਿਪਟੀ ਇੰਸਪੈਕਟਰ ਡੈਨਿਸ ਮੁੱਲਾਂਈ ਨੇ ਇੱਕ ਹੋਰ ਅਧਿਕਾਰੀ ਨੂੰ ਕਿਹਾ ਕਿ ਉਹ ਖੁਦ ਨੂੰ ਮਾਰਨ ਬਾਰੇ ਸੋਚ ਰਿਹਾ ਹੈ। ਇਸ ਉਪਰੰਤ ਉਸ ਅਧਿਕਾਰੀ ਨੇ ਤੁਰੰਤ ਮੁੱਲਾਂਈ ਦੀ ਸਹਾਇਤਾ ਲਈ ਐਨ ਵਾਈ ਪੀ ਡੀ ਦੀ ਤਕਨੀਕੀ ਸਹਾਇਤਾ ਯੂਨਿਟ ਨੂੰ ਬੁਲਾਇਆ, ਪਰ ਅਧਿਕਾਰੀਆਂ ਅਨੁਸਾਰ ਉਸਨੇ ਪਹਿਲਾਂ ਹੀ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਪੁਲਿਸ ਨੇ ਦੱਸਿਆ ਕਿ ਅਧਿਕ-ਾਰੀਆਂ ਨੂੰ ਅੰਡਰਹਿਲ



ਐਵੇਨਿਊ ਦੇ ਇੱਕ ਕੋਨੇ 'ਤੇ 44 ਸਾਲਾ ਪ੍ਰਿੰਸੀਨਟ ਕਮਾਂਡਰ ,ਵਿਭਾਗ ਦੇ ਵਾਹਨ ਵਿੱਚ ਤਕਰੀਬਨ 5:10 ਵਜੇ ਦੇ ਕਰੀਬ ਮ੍ਰਿਤਕ ਮਿਲਿਆ। ਇਹ ਪੁਲਿਸ ਅਧਿਕ-ਾਰੀ 2000 ਵਿੱਚ ਨਿਊਯਾਰਕ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਇਆ ਸੀ ਅਤੇ 2020 ਦੇ ਅਖੀਰ ਵਿੱਚ 107 ਵੇਂ ਮੁਖੀ ਵਜੋਂ ਨਿਯੁਕਤ ਕੀਤਾ ਗਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਇਸ ਸਾਲ ਖੁਦ ਨੂੰ ਮਾਰਨ ਵਾਲਾ ਉਹ ਪਹਿਲਾਂ ਡਿਊਟੀ ਵਾਲਾ ਪੁਲਿਸ ਅਧਿ-ਕਾਰੀ ਹੈ। ਉਸਦੀ ਮੌਤ 2019 ਅਤੇ 2020 ਵਿੱਚ ਪੁਲਿਸ ਆਤਮ ਹੱਤਿਆਵਾਂ ਵਿੱਚ ਵਾਧੇ ਦੇ ਬਾਅਦ ਹੋਈ ਹੈ। 2019 ਵਿੱਚ, ਨਿਊਯਾਰਕ ਪੁਲਿਸ ਵਿਭਾਗ ਨੇ 10 ਖੁਦਕੁਸ਼ੀਆਂ ਦਾ ਸਾਹਮਣਾ ਕੀਤਾ ਜਿਸ ਕਰਕੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਅਧਿਕਾਰੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਉਤਸ਼ਾਹਤ ਕੀਤਾ ਗਿਆ ਸੀ।

# ਅਮਰੀਕਾ: ਕੈਦੀਆਂ ਨੇ ਕੀਤੀ ਜੇਲ੍ਹ ਵਿੱਚ ਭੰਨਤੋੜ, ਮਚਾਈ ਭਗਦੜ

**ਫਰਿਜ਼ਨੋ (ਕੈਲੀਫੋਰਨੀਆ), 05 ਅਪ੍ਰੈਲ 2021–** ਅਮਰੀਕਾ ਦੇ ਸੈਂਟ ਲੂਇਸ ਦੀ ਇੱਕ ਜੇਲ੍ਹ ਵਿੱਚ ਕੈਦੀਆਂ ਦੁਆਰਾ ਭੰਨਤੋੜ ਕਰਕੇ ਭਗਦੜ ਮਚਾਈ ਗਈ ਹੈ। ਇਸ ਕਾਰਵਾਈ ਵਿੱਚ ਐਤਵਾਰ ਰਾਤ ਨੂੰ ਕੈਦੀਆਂ ਦੁਆਰਾ ਜੇਲ੍ਹ ਦੀਆਂ ਖਿੜਕੀਆਂ ਨੂੰ ਤੋੜਣ ਦੇ ਨਾਲ ਅੱਗ ਲਗਾਈ ਗਈ ਅਤੇ ਹੋਰ ਮਲਬੇ ਨੂੰ ਗਰਾਉਂਡ ਤੇ ਸੁੱਟਿਆ ਗਿਆ।


ਅਧਿਕਾਰੀਆਂ ਅਨੁਸਾਰ ਸ਼ਹਿਰ ਦੇ ਜਸਟਿਸ ਸੈਂਟਰ ਵਿਖੇ ਐਤਵਾਰ ਰਾਤ ਕਰੀਬ 9 ਵਜੇ ਇਹ ਪਰੇਸ਼ਾਨੀ ਪੈਦਾ ਹੋਈ, ਕੈਦੀਆਂ ਨੂੰ ਟੁੱਟੀਆਂ ਖਿੜਕੀਆਂ ਵਿੱਚੋਂ ਬਾਹਰ ਸਮਾਨ ਸੁੱਟਦਿਆਂ ਅਤੇ ਅੱਗ ਲਾਉਂਦੇ ਵੇਖਿਆ ਗਿਆ। ਇਸ ਅੱਗ ਬੁਝਾਉਣ ਲਈ ਫਾਇਰ ਫਾਈਟਰਜ਼ ਨੂੰ ਜੱਦੋ ਜਹਿਦ ਕਰਨੀ ਪਈ ਅਤੇ ਸੁੱਟੇ ਗਏ ਸਮਾਨ ਵਿੱਚ ਕੁਰਸੀਆਂ ਅਤੇ ਟੀ. ਵੀ ਆਦਿ ਸ਼ਾਮਿਲ ਸਨ। ਕੈਦੀਆਂ ਦੀ ਇਸ ਕਾਰਵਾਈ ਕਾਰਨ ਜੇਲ੍ਹ ਦੇ ਬਾਹਰ ਹੇਠਾਂ ਸੜਕ ਤੇ ਵੀ ਵੱਡੀ ਭੀੜ ਇਕੱਠੀ ਹੋ ਗਈ। ਇਸ ਸਥਿਤੀ ਨੂੰ ਕਾਬੂ ਕਰਨ ਲਈ ਅਧਿਕਾਰੀਆਂ ਵੱਲੋਂ ਜਵਾਬੀ ਕਾਰਵਾਈ ਕੀਤੀ ਗਈ ਅਤੇ ਕੈਦੀ ਟੁੱਟੀਆਂ ਖਿੜਕੀਆਂ ਤੋਂ ਤਕਰੀਬਨ 10:30 ਵਜੇ ਪਾਸੇ ਚਲੇ ਗਏ। ਸੇਂਟ ਲੂਇਸ ਸ਼ੈਰਿਫ ਵਰਨਨ ਬੇਟਸ ਅਨੁਸਾਰ ਇਸ ਵਿੱਚ ਤਕਰੀਬਨ 60 ਕੈਦੀ ਸ਼ਾਮਿਲ ਸਨ। ਇੰਨਾ ਹੀ ਨਹੀਂ ਇਸਦੇ ਬਾਅਦ ਇੱਕ ਵਾਰ ਦੁਬਾਰਾ ਫਿਰ ਤਕਰੀਬਨ 11 ਵਜੇ ਕੈਦੀਆਂ ਨੇ ਜੇਲ ਦੇ ਦੂਜੇ ਪਾਸੇ ਦੀਆਂ ਖਿੜਕੀਆਂ ਤੋੜ ਦਿੱਤੀਆਂ ਅਤੇ ਦੁਬਾਰਾ ਚੀਜ਼ਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਜਿਸਦੇ ਤੀਹ ਮਿੰਟ ਬਾਅਦ, ਕੈਦੀ ਦੁਬਾਰਾ ਸਾਂਤ ਹੋਏ। ਇਸ ਕਾਰਵਾਈ ਦੌਰਾਨ ਕੁੱਝ ਕੈਦੀਆਂ ਨੂੰ ਅਦਾਲਤ ਦੀਆਂ ਤਰੀਕਾਂ ਦੀ ਮੰਗ ਕਰਦੇ ਹੋਏ ਸੁਣਿਆ ਗਿਆ ,ਜਿਹਨਾਂ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਦੇਰੀ ਹੋ ਗਈ ਹੈ। ਇਸ ਤੋਂ ਪਹਿਲਾਂ ਵੀ 6 ਫਰਵਰੀ ਨੂੰ ਜੇਲ੍ਹ ਵਿੱਚ ਹੋਏ ਇੱਕ ਵਿਦਰੋਹ ਵਿੱਚ 100 ਤੋਂ ਵੱਧ ਕੈਦੀ ਸ਼ਾਮਿਲ ਸਨ ਅਤੇ ਇੱਕ ਅਧਿਕਾਰੀ ਨੂੰ ਹਸਪਤਾਲ ਵੀ ਭੇਜਿਆ ਗਿਆ ਸੀ।



ਇਸ ਜੇਲ੍ਹ ਦੇ ਮੁੱਦਿਆਂ ਨੂੰ ਵੇਖਣ ਲਈ ਇੱਕ ਟਾਸਕ ਫੋਰਸ ਨਿਯੁਕਤ ਕੀਤੀ ਗਈ ਸੀ ਅਤੇ ਇਸ ਦੇ ਚੇਅਰਮੈਨ ਰੇਵਰੇਲ ਡੈਰੇਲ ਗ੍ਰੇ ਨੇ ਪਿਛਲੇ ਮਹੀਨੇ ਇੱਕ ਰਿਪੋਰਟ ਜਾਰੀ ਕਰਕੇ ਜੇਲ੍ਹ ਦੀ ਨਿਗਰਾਨੀ ਵਿੱਚ ਸਹਾਇਤਾ ਲਈ ਇੱਕ ਸੁਤੰਤਰ ਨਿਰੀਖਣ ਬੋਰਡ ਬਣਾਉਣ ਦੀ ਵੀ ਬੇਨਤੀ ਕੀਤੀ ਸੀ।

# ਓਹੀਓ ਦੇ ਮੈਡੀਕਲ ਸੈਂਟਰ ਵਿੱਚ 2 ਲੋਕਾਂ ਦੀ ਹੱਤਿਆ ਦੇ ਦੋਸ਼ 'ਚ ਵਿਅਕਤੀ ਨੂੰ ਹੋਈ 30 ਸਾਲ ਦੀ ਕੈਦ

**ਫਰਿਜ਼ਨੋ (ਕੈਲੀਫੋਰਨੀਆ), 05 ਅਪ੍ਰੈਲ 2021–** ਅਮਰੀਕਾ ਦੇ ਓਹੀਓ ਵਿੱਚ ਤਕਰੀਬਨ ਡੇਢ ਸਾਲ ਪਹਿਲਾਂ ਇੱਕ ਮੈਡੀਕਲ ਸੈਂਟਰ ਦੀ ਲਾਬੀ ਵਿੱਚ ਪਿਕਅਪ ਟਰੱਕ ਚਲਾ ਕੇ ਦੋ ਲੋਕਾਂ ਦੀ ਹੱਤਿਆ ਕਰਨ ਦੇ ਦੋਸ਼ੀ ਵਿਅਕਤੀ ਨੂੰ 30 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਓਹੀਓ ਦੇ ਬਾਲਟੀਮੋਰ ਦੇ 46 ਸਾਲਾ ਰੇਮੰਡ ਲਿਏਡੇਕਰ ਨੇ&; ਸਤੰਬਰ 2019 ਵਿੱਚ ਕਨਾਲ ਵਿੰਚੇਸਟਰ ਵਿਚਲੇ ਡਿੱਲੀ ਰਿਜ ਮੈਡੀਕਲ ਸੈਂਟਰ ਵਿੱਚ ਹੋਈਆਂ ਦੋ ਮੌਤਾਂ ਲਈ ਦੋਸ਼ੀ ਪਾਇਆ ਗਿਆ



ਹੈ। ਫੇਅਰਫੀਲਡ ਕਾਉਂਟੀ ਦੇ ਕਾਮਨ ਪਲੇਸ ਜੱਜ ਡੇਵਿਡ ਟ੍ਰਿਮਰ ਨੇ ਸ਼ੁੱਕਰਵਾਰ ਨੂੰ ਉਸ ਨੂੰ ਮਰੀਜ਼ ਸਿੰਡੀ ਫ੍ਰਿਟਜ਼ ਅਤੇ ਲੰਬੇ ਸਮੇਂ ਤੋਂ ਹਸਪਤਾਲ ਦੇ ਵਰਕਰ ਸਕਾਟਟ ਡੇਵਿਸ ਦੀ ਮੌਤ ਦੇ ਮਾਮਲੇ ਵਿੱਚ ਹਰੇਕ ਮੌਤ ਲਈ 15 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਇਹ ਦੋਵੇਂ ਸਜ਼ਾਵਾ ਲਗਾਤਾਰ ਚੱਲਣਗੀਆਂ। ਅਧਿਕਾਰੀਆਂ ਨੇ ਦੱਸਿਆ ਕਿ ਲਿਏਡੇਕਰ ਨੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਦੇ ਪ੍ਰਵੇਸ਼ ਦੁਆਰ 'ਤੇ ਪਿਕਅਪ ਟਰੱਕ ਚਲਾਉਣ ਤੋਂ ਪਹਿਲਾਂ ਡਾਕਟਰੀ ਕੇਂਦਰ ਵਿਖੇ ਮਨੋਵਿਗਿਆਨਕ ਮੁਲਾਂਕਣ ਕਰਵਾਇਆ ਸੀ ਅਤੇ ਉਹ ਇਸ ਮੁਲਾਂਕਣ ਤੋਂ ਪਰੇਸ਼ਾਨ ਸੀ। ਇਸਦੇ ਇਲਾਵਾ ਉਸ ਦੁਆਰਾ ਹਸਪਤਾਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਬ੍ਰੇਕ ਲਗਾਉਣ ਦੇ ਵੀ ਕੋਈ ਸੰਕੇਤ ਨਹੀਂ ਮਿਲੇ ਸਨ। ਆਪਣੀ ਸਜ਼ਾ ਸੁਣਨ ਤੋਂ ਪਹਿਲਾਂ, ਲਿਏਡੇਕਰ ਨੇ ਪੀੜਤ ਪਰਿਵਾਰਾਂ ਤੋਂ ਮੁਆਫੀ ਮੰਗੀ ਅਤੇ ਕਿਹਾ ਕਿ ਉਸਨੇ ਆਪਣੀ ਮਾਨਸਿਕ ਸਿਹਤ ਲਈ ਸਹਾਇਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ ।

# ਕੈਲੀਫੋਰਨੀਆ ਵਿੱਚ ਏਸ਼ੀਅਨ ਮਹਿਲਾ ਦੀ ਚਾਕੂ ਮਾਰ ਕੇ ਕੀਤੀ ਹੱਤਿਆ

**ਫਰਿਜ਼ਨੋ (ਕੈਲੀਫੋਰਨੀਆ), 05 ਅਪ੍ਰੈਲ 2021–** ਅਮਰੀਕਾ ਵਿੱਚ ਏਸ਼ੀਅਨ ਮੂਲ ਦੇ ਲੋਕਾਂ ਨੂੰ ਹਿੰਸਕ ਘਟਨਾਵਾਂ ਦਾ ਨਿਸ਼ਾਨਾ ਬਨਾਉਣਾ ਜਾਰੀ ਹੈ। ਇਸਦੀ ਤਾਜਾ ਘਟਨਾ ਵਿੱਚ ਕੈਲੀਫੋਰਨੀਆ 'ਚ ਇੱਕ ਏਸ਼ੀਅਨ ਮੂਲ ਦੀ ਮਹਿਲਾ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾ-ਰਆ ਗਿਆ ਹੈ। ਇਸ ਮਾਮਲੇ ਵਿੱਚ ਆਪਣੇ ਕੁੱਤਿਆਂ ਨੂੰ ਘੁੰਮਾਉਂਦੀ ਹੋਈ ਇੱਕ ਏਸ਼ੀਆਈ ਔਰਤ ਤੇ ਜਾਨਲੇਵਾ ਹਮਲਾ ਕੀਤਾ ਗਿਆ। ਇਸ ਸੰਬੰਧੀ ਪੁਲਿਸ ਨੇ ਦੱਸਿਆ ਕਿ 64 ਸਾਲਾ ਕੇ ਚੀਹ ਮੈਂਗ ਸ਼ਨੀਵਾਰ ਸਵੇਰੇ 7:30 ਵਜੇ ਦੇ ਕਰੀਬ ਰਿਵਰਸਾਈਡ ਵਿੱਚ ਆਪਣੇ ਦੋ ਛੋਟੇ ਕੁੱਤਿਆਂ ਨਾਲ ਬਾਹਰ ਸੀ, ਜਿਸ ਦੌਰਾਨ ਉਸ ਨੂੰ ਛੁਰਾ ਮਾਰ-ਰਆ ਗਿਆ । ਇਸ ਛੁਰੇਬਾਜੀ ਕਾਰਨ ਪੀੜਤ ਮਹਿਲਾ ਖੂਨ ਵਗਣ ਕਰਕੇ ਜ਼ਮੀਨ ਤੇ ਡਿੱਗ ਪਈ। ਕਾਰਵਾਈ ਦੌਰਾਨ ਅਧਿਕਾਰੀਆਂ ਨੇ ਉਸ ਨੂੰ ਜ਼ਮੀਨ 'ਤੇ ਪਾਇਆ ਅਤੇ ਮੈਂਗ ਨੂੰ ਇੱਕ ਸਥਾਨਕ ਹਸਪਤਾਲ ਪਹੁੰਚਾਇਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮੈਂਗ ਦੀ ਇੱਕ ਸ਼ੱਕੀ ਹਮਲਾਵਰ, 23 ਸਾਲਾ ਡਾਰਲੀਨ ਸਟੀਫਨੀ ਮੋਤੋਆ ਦੀ ਪੁਲਿਸ ਨੇ ਅਸਥਾਈ ਤੌਰ ਤੇ ਪਛਾਣ ਕੀਤੀ ਹੈ। ਉਸ ਨੂੰ ਘਟਨਾ ਵਾਲੀ ਥਾਂ ਦੇ ਨੇੜੇ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਅਧਿਕਾਰੀਆਂ ਅਨੁਸਾਰ ਡਾਰਲੀਨ ਦੇ ਨਸ਼ੇ ਦੇ ਇਤਿਹਾਸ ਅਤੇ ਉਸਦੀ ਮਾਨਸਿਕ ਸਿਹਤ ਦੇ ਇਤਿਹਾਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸਦੇ ਇਲਾਵਾ ਹੱਤਿਆ ਦੇ ਸ਼ੱਕ ਦੇ ਅਧਾਰ 'ਤੇ ਉਸਨੂੰ ਰਾਬਰਟ ਪ੍ਰੇਸਲੇ ਨਜ਼ਰਬੰਦੀ ਕੇਂਦਰ ਵਿੱਚ ਰੱਖਣ ਦੇ ਨਾਲ, ਉਸ 'ਤੇ ਨਸ਼ੀਲੇ ਪਦਾਰਥ ਦੇ ਪ੍ਰਭਾਵ ਅਧੀਨ ਹੋਣ ਦਾ ਵੀ ਦੋਸ਼ ਲਗਾਇਆ ਗਿਆ ਹੈ। ਇਸ ਸ਼ੱਕੀ ਮਹਿਲਾ ਡਾਰਲੀਨ ਨੂੰ ਪਹਿਲਾਂ ਵੀ ਹਿੰਸਕ ਵਾਰਦਾਤਾਂ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।




# ਫਰਿਜ਼ਨੋ ਵਿੱਚ ਹੋਈ ਗੋਲੀਬਾਰੀ ਨੇ ਲਈ ਨੌਜਵਾਨ ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆ), 05 ਅਪ੍ਰੈਲ 2021–** ਕੈਲੀਫੋਰਨੀਆ ਸੂਬੇ ਦੀ ਫਰਿਜ਼ਨੋ ਕਾਉਂਟੀ ਵਿੱਚ ਹੋ ਰਹੇ ਕਤਲਾਂ ਦੀ ਸੂਚੀ ਵਿੱਚ ਐਤਵਾਰ ਨੂੰ ਇੱਕ ਹੋਰ ਕਤਲ ਜੁੜ ਗਿਆ ਹੈ। ਇਸ ਕਤਲ ਸੰਬੰਧੀ ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਦੱਖਣ-ਪੱਛਮੀ ਫਰਿਜ਼ਨੋ ਵਿੱਚ ਇੱਕ ਚੌਰਾਹੇ 'ਤੇ ਇੱਕ ਕਾਰ ਨੂੰ ਰੋਕਦਿਆਂ ਉਸ ਤੇ ਗੋਲੀਬਾਰੀ ਕੀਤੀ ਗਈ, ਜਿਸ ਕਰਕੇ ਇੱਕ ਨੌਜਵਾਨ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਪਿਛਲੇ ਕੁੱਝ ਹਫ਼ਤਿਆਂ ਵਿੱਚ ਸ਼ਹਿਰ ਦੀਆਂ ਸੜਕਾਂ 'ਤੇ ਇਹ ਘੱਟੋ ਘੱਟ ਤੀਜੀ ਅਜਿਹੀ ਘਟਨਾ ਹੈ। ਇਹ ਗੋਲੀਬਾਰੀ ਸ਼ਾਮ 4 ਵਜੇ ਤੋਂ ਪਹਿਲਾਂ ਪੋਟਲ ਐਵੀਨਿਊ ਅਤੇ ਮਰਸੇਡ ਸਟ੍ਰੀਟ ਦੇ ਨੇੜੇ ਹੋਈ ਅਤੇ ਜਾਂਚਕਰਤਾ ਇਸ ਗੋਲੀਬਾਰੀ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ। ਫਰਿਜ਼ਨੋ ਪੁਲਿਸ ਦੇ ਲੈਫਟੀਨੈਂਟ ਐਂਥਨੀ ਡੀਵਾਲ ਦੇ ਅਨੁਸਾਰ, ਅਧਿਕਾਰੀਆਂ ਦੁਆਰਾ ਕਾਰਵਾਈ ਕਰਨ ਤੇ ਉਨ੍ਹਾਂ ਨੂੰ ਗੋਲੀਆਂ ਦੇ ਜ਼ਖਮਾਂ ਤੋਂ ਪੀੜਤ ਇੱਕ ਨੌਜਵਾਨ ਮਿਲਿਆ , ਜਿਸਨੂੰ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਲਿਜਾਇਆ ਗਿਆ। ਜਿਸ ਦੌਰਾਨ ਉਸ ਦੀ ਮੌਤ ਹੋ ਗਈ। ਇਸ ਹਮਲੇ ਵਿੱਚ ਇੱਕ ਹੋਰ ਕਾਰ ਦੁਆਰਾ ਨੌਜਵਾਨ ਦੀ ਕਾਰ ਨੂੰ ਰੋਕ ਕੇ ਘੱਟੋ ਘੱਟ ਦਸ ਗੋਲੀਆਂ ਚਲਾਈਆਂ ਗਈਆਂ। ਗੋਲੀਬਾਰੀ ਤੋਂ ਬਾਅਦ ਹਮਲਾਵਰ ਕਾਰ ਲੈ ਕੇ ਭੱਜ ਗਏ। ਡੀਵਾਲ ਦੇ ਅਨੁਸਾਰ, ਕਿਸ਼ੋਰ ਦੇ ਨਾਲ ਗੱਡੀ ਵਿਚ ਇੱਕ ਹੋਰ ਵਿਅਕਤੀ ਵੀ ਸੀ, ਪਰ ਉਹ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਘਟਨਾ ਸਥਾਨ ਤੋਂ ਚਲਾ ਗਿਆ। ਫਰਿਜ਼ਨੋ ਪੁਲਿਸ ਅਨੁਸਾਰ ਸ਼ਹਿਰ ਵਿੱਚ ਇਹ ਕਤਲ ਇਸ ਸਾਲ ਦਾ 23 ਵਾਂ ਕਤਲ ਸੀ।



# ਵਾਸ਼ਿੰਗਟਨ 'ਚ ਬੈਰੀਕੇਡ 'ਤੇ ਪੁਲਿਸ ਉੱਤੇ ਚੜ੍ਹਾਈ ਕਾਰ

**ਫਰਿਜ਼ਨੋ (ਕੈਲੀਫੋਰਨੀਆ), 05 ਅਪ੍ਰੈਲ 2021–** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ,ਡੀ ਸੀ ਵਿੱਚ ਸ਼ੁੱਕਰਵਾਰ ਨੂੰ ਕੈਪੀਟਲ ਇਮਾਰਤ ਦੇ ਬਾਹਰ ਬੈਰੀਕੇਡ 'ਤੇ ਇੱਕ ਵਿਅਕਤੀ ਦੁਆਰਾ ਗੱਡੀ ਨਾਲ ਟੱਕਰ ਮਾਰ ਦਿੱਤੀ ਗਈ। ਇਸ ਟੱਕਰ ਦੀ ਵਜ੍ਹਾ ਨਾਲ ਇੱਕ ਅਮਰੀਕੀ ਕੈਪੀਟਲ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖਮੀ ਹੋ ਗਿਆ। ਇਸ ਹਾਦਸੇ ਦੇ ਬਾਅਦ ਜਦ ਕਾਰ ਚਾਲਕ ਕਾਰ ਵਿੱਚੋਂ ਬਾਹਰ ਨਿਕਲਿਆ ਤਾਂ ਅਧਿਕਾਰੀਆਂ ਨਾਲ ਉਲਝਣ ਤੇ ਪੁਲਿਸ ਦੁਆਰਾ ਉਸਨੂੰ ਗੋਲੀ ਮਾਰ ਦਿੱਤੀ ਗਈ, ਜਿਸਦੀ ਬਾਅਦ ਵਿੱਚ ਨੇੜਲੇ ਹਸਪਤਾਲ ਵਿੱਚ ਮੌਤ ਹੋ ਗਈ। ਇਸ ਹਮਲੇ ਵਿੱਚ ਮਾਰੇ ਗਏ ਪੁਲਿਸ ਅਧਿਕਾਰੀ ਦੀ ਪਛਾਣ ਅਫਸਰ ਵਿਲੀਅਮ "ਬਿਲੀ" ਇਵਾਨਜ਼, ਵਜੋਂ ਹੋਈ।ਕੈਪੀਟਲ ਪੁਲਿਸ ਨੇ ਕਿਹਾ ਕਿ ਦੂਸਰਾ ਅਧਿਕਾਰੀ ਜ਼ਖਮਾਂ ਦੀ ਹਾਲਤ ਵਿੱਚ ਸਥਿਰ ਹੈ। ਅਧਿਕਾਰੀਆਂ ਅਨੁਸਾਰ ਕਾਰ ਨਾਲ ਟੱਕਰ ਮਾਰਨ ਵਾਲੇ ਸ਼ੱਕੀ ਦੀ ਪਛਾਣ 25 ਸਾਲਾ ਨੋਹ ਆਰ ਗ੍ਰੀਨ ਵਜੋਂ ਹੋਈ ਹੈ ਜੋ ਇੰਡੀਆਨਾ ਦਾ ਰਹਿਣ ਵਾਲਾ ਸੀ। ਕੈਪੀਟਲ ਹਿੱਲ ਦੇ ਅਧਿਕਾਰੀਆਂ ਅਨੁਸਾਰ ਗ੍ਰੀਨ, ਜੋ ਕਿ ਇੱਕ ਅਫਰੀਕੀ ਅਮਰੀਕੀ ਆਦਮੀ ਸੀ, ਉਹ ਪੁਲਿਸ ਦੀ ਕਿਸੇ ਵੀ ਨਿਗਰਾਨੀ ਸੂਚੀ ਵਿੱਚ ਨਹੀਂ ਸੀ । ਕੈਪੀਟਲ ਪੁਲਿਸ ਦੇ ਕਾਰਜਕਾਰੀ ਮੁਖੀ ਯੋਗਾਨੰਦ ਪਿਟਮੈਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਗ੍ਰੀਨ ਨੇ ਦੁਪਹਿਰ 1: 02 ਵਜੇ ਆਪਣੀ ਕਾਰ ਨਾਲ ਅਫਸਰਾਂ ਨੂੰ ਟੱਕਰ ਮਾਰੀ ਅਤੇ ਫੇਰ ਕਾਰ ਤੋਂ ਬਾਹਰ ਨਿਕਲਿਆ । ਗ੍ਰੀਨ ਅਧਿਕਾਰੀਆਂ ਵੱਲ ਹਮਲਾਵਰ ਤਰੀਕੇ ਨਾਲ ਵਧ ਰਿਹਾ ਸੀ ਅਤੇ ਅਧਿਕਾਰੀਆਂ ਨੇ ਫਿਰ ਸ਼ੱਕੀ ਵਿਅਕਤੀ 'ਤੇ ਫਾਇਰਿੰਗ ਕੀਤੀ। ਸੂਤਰਾਂ ਨੇ ਦੱਸਿਆ ਕਿ ਇੱਕ ਅਧਿਕਾਰੀ ਦੇ ਚਿਹਰੇ 'ਤੇ ਚਾਕੂ ਵੀ ਮਾਰਿਆ ਗਿਆ ਸੀ। ਰਾ-ਸ਼ਟਰਪਤੀ ਜੋਅ ਬਾਈਡੇਨ ਅਤੇ ਉਹਨਾਂ ਦੀ ਪਤਨੀ ਨੇ ਇਸ ਹਮਲੇ ਦੇ ਸੰਬੰਧ ਵਿੱਚ ਦੁੱਖ ਪ੍ਰਗਟ ਕੀਤਾ ਹੈ।




ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕੀ ਰੈਪਰ ਡੀ ਐਮ ਐਕਸ ਗੰਭੀਰ ਸਥਿਤੀ ਕਾਰਨ ਹਸਪਤਾਲ ਵਿੱਚ ਭਰਤੀ

**ਫਰਿਜ਼ਨੋ (ਕੈਲੀ-ਫੋਰਨੀਆ), 04 ਅਪ੍ਰੈਲ 2021-** ਅਮਰੀਕਾ ਦੇ ਮਸ਼ਹੂਰ ਰੈਪਰ ਡੀ ਐਮ ਐਕਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਡੀ ਐਮ ਐਕਸ, ਜਿਸਦਾ ਅਸਲ ਨਾਮ ਅਰਲ ਸਿਮਨਸ ਹੈ,ਨੂੰ ਉਸਦੇ ਵਕੀਲ ਮੁਰੇ ਰਿਚਮੈਨ ਅਨੁਸਾਰ, ਸ਼ਨੀਵਾਰ ਨੂੰ ਦਿਲ ਦਾ ਦੌਰਾ ਪੈਣ ਤੋਂ ਬਾਅਦ ਨਿਊਯਾਰਕ ਦੇ ਵ੍ਹਾਈਟ ਪਲੇਨ, ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਰਿਚਮੈਨ ਨੇ ਕਿਹਾ ਕਿ ਉਹ 25 ਸਾਲਾਂ ਤੋਂ 50 ਸਾਲਾਂ ਦੇ ਰੈਪਰ ਨੂੰ ਜਾਣਦਾ ਹੈ। ਉਸਨੇ ਆਖਰੀ ਵਾਰ ਉਸਨੂੰ ਫਰਵਰੀ ਵਿੱਚ ਵੇਖਿਆ ਸੀ ਅਤੇ ਉਹ ਉਸ ਲਈ ਚਿੰਤਤ ਹੈ।

ਡੀ ਐਮ ਐਕਸ ਹਾਲ ਹੀ ਵਿੱਚ ਆਪਣੀ ਫਿਲਮ ਦੇ ਸੰਬੰਧ ਵਿੱਚ ਦੌਰੇ ਤੇ ਸੀ । ਨਿਊਯਾਰਕ ਵਿੱਚ ਜਨਮੇ ਇਸ ਰੈਪਰ ਨੂੰ ਮਲਟੀਪਲ ਗ੍ਰੈਮੀ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਹੈ। ਉਸ ਦੀ ਸਰਬੋਤਮ ਵਿਕਣ



ਵਾਲੀ ਐਲਬਮ, 1999 ਦੀ "ਐਂਡ ਦੈਨ ਦੇਅਰ ਵਾਸ ਐਕਸ" ਸੀ ਜੋ ਕਿ ਪੰਜ ਵਾਰ ਪਲੈਟੀਨਮ ਗਈ ਸੀ।ਇਸ ਦੀਆਂ 1 ਮਿਲੀਅਨ ਯੂਨਿਟਾਂ ਵੇਚੀਆਂ ਅਤੇ ਉਸ-ਦੀਆਂ ਪਹਿਲੀਆਂ ਪੰਜ ਐਲਬਮਾਂ ਅਮਰੀਕਾ ਦੇ ਚਾਰਟ ਤੇ ਪਹਿਲੇ ਨੰਬਰ ਤੇ ਪਹੁੰਚ ਗਈਆਂ ਸਨ। ਇਸ ਦੇ ਇਲਾਵਾ ਉਹ ਕਈ ਫਿਲਮਾਂ ਵਿੱਚ ਵੀ ਪ੍ਰਦਰਸ਼ਿਤ ਹੋਇਆ ਹੈ, ਜਿਸ ਵਿਚ "ਰੋਮੀਓ ਮਸਟ ਡਾਈ" ਅਤੇ "ਕ੍ਰੈਡਲ 2 ਦਿ ਕਬਰ" ਸ਼ਾਮਿਲ ਹਨ। ਉਸਨੇ 2006 ਵਿੱਚ ਬੀ ਈ ਟੀ ਤੇ ਆਪਣੀ ਖੁਦ ਦੀ ਰਿਐਲਿਟੀ ਟੈਲੀਵਿਜ਼ਨ ਸੀਰੀਜ਼, "ਡੀ ਐਮ ਐਕਸ ਸੋਲ ਆਫ ਮੈਨ", ਸ਼ੁਰੂ ਕੀਤਾ। ਉਸ ਦੀ ਆਖਰੀ ਐਲਬਮ,ਸਾਲ 2012 ਵਿੱਚ ਜਾਰੀ ਕੀਤੀ ਗਈ ਸੀ। 2017 ਵਿੱਚ, ਅਰਲ ਨੂੰ ਟੈਕਸ ਧੋਖਾਧੜੀ ਲਈ ਦੋਸ਼ੀ ਮੰਨਿਆ ਗਿਆ, ਜਿਸ ਵਿੱਚ ਲੱਖਾਂ ਡਾਲਰ ਲੁਕਾਉਣ ਲਈ ਇੱਕ ਸਾਲ ਜੇਲ੍ਹ ਵਿੱਚ ਵੀ ਰਿਹਾ।

# ਕੈਲੀਫੋਰਨੀਆ ਵਿੱਚ ਸਾਹਮਣੇ ਆਇਆ ਭਾਰਤੀ ਕੋਰੋਨਾ ਵਾਇਰਸ ਰੂਪ

**ਫਰਿਜ਼ਨੋ (ਕੈਲੀਫੋਰਨੀਆ), 04 ਅਪ੍ਰੈਲ 2021-** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਭਾਰਤੀ ਕੋਰੋਨਾ ਵਾਇਰਸ ਰੂਪ ਦਾ ਕੇਸ ਸਾਹਮਣੇ ਆਇਆ ਹੈ। ਇਸ ਸੰਬੰਧੀ ਸਟੈਨਫੋਰਡ ਯੂਨੀਵਰਸਿਟੀ ਦੇ ਮਾਹਿਰਾਂ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੂੰ ਉੱਤਰੀ ਕੈਲੀਫੋਰਨੀਆ ਵਿੱਚ ਭਾਰਤ ਵਿੱਚ ਪਹਿਲੀ ਵਾਰ ਸਾਹਮਣੇ ਆਏ ਇੱਕ ਨਵੇਂ ਕੋਰੋਨਾ ਵਾਇਰਸ ਵੇਰੀਐਂਟ ਦਾ ਘੱਟੋ ਘੱਟ ਇੱਕ ਕੇਸ ਮਿਲਿਆ ਹੈ। ਸਟੈਨਫੋਰਡ ਹੈਲਥ ਕੇਅਰ ਦੀ ਲੀਜ਼ਾ ਕਿਮ ਦੇ ਅਨੁਸਾਰ, ਨਵੇਂ ਰੂਪ ਵਿੱਚ ਦੋ ਪਰਿਵਰਤਨ ਹਨ। ਵਾਇਰਸ ਦਾ ਇਹ ਨਵਾਂ ਵੈਰੀਐਂਟ&; ਸਾਨ ਫਰਾਂਸਿਸਕੋ ਬੇਅ ਏਰੀਆ ਦੇ ਇੱਕ ਮਰੀਜ਼ ਵਿੱਚ , ਸਕੂਲ ਦੀ ਕਲੀਨਿਕਲ ਵਾਇਰੋਲੋਜੀ ਪ੍ਰਯੋਗਸ਼ਾਲਾ ਦੁਆਰਾ ਮਿਲਿਆ ਹੈ। ਐਸੋਸੀਏਟਡ ਪ੍ਰੈਸ ਅਨੁਸਾਰ ਵਾਇਰਸ ਦੇ ਇਸ ਰੂਪ ਦਾ ਪਤਾ ਪਿਛਲੇ ਮਹੀਨੇ ਪਹਿਲਾਂ ਸਭ ਤੋਂ ਪਹਿਲਾਂ



ਭਾਰਤੀ ਸਿਹਤ ਮਾਹਿਰਾਂ ਦੁਆਰਾ ਲਗਾਇਆ ਗਿਆ ਸੀ। ਭਾਰਤ ਵਿੱਚ ਕੇਸ ਸਤੰਬਰ ਤੋਂ ਦੇਸ਼ ਭਰ ਵਿੱਚ ਘਟਦੇ ਜਾ ਰਹੇ ਸਨ ਪਰ ਏਪੀ ਦੇ ਅਨੁਸਾਰ ਮਾਰਚ ਵਿੱਚ, 47,000 ਤੋਂ ਵੱਧ ਨਵੇਂ ਲਾਗਾਂ ਦਾ ਪਤਾ ਲਗਾਇਆ ਗਿਆ ਹੈ, ਜਿਸ ਵਿੱਚ 275 ਮੌਤਾਂ ਸ਼ਾਮਿਲ ਹਨ। ਇਸਦੇ ਇਲਾਵਾ ਕੈਲੀਫੋਰਨੀਆ ਵਿੱਚ ਵੀ ਸਰਦੀਆਂ ਦੇ ਘਾਤਕ ਵਾਧੇ ਤੋਂ ਵਾਇਰਸ ਦੀ ਲਾਗ ਵਿੱਚ ਗਿਰਾਵਟ ਆਈ ਹੈ। ਮਾਮਲਿਆਂ ਵਿੱਚ ਆਈ ਗਿਰਾਵਟ ਨੇ ਰਾਜ ਦੀਆਂ ਕੁੱਝ ਵਧੇਰੇ ਆਬਾਦੀ ਵਾਲੀਆਂ ਕਾਉਂਟੀਆਂ, ਲਾਸ ਏਂਜਲਸ ਸਮੇਤ, ਵਿੱਚ ਪਾਬੰਦੀਆਂ ਨੂੰ ਢਿੱਲ ਦੇਣ ਅਤੇ ਹੌਲੀ ਹੌਲੀ ਆਰਥਿਕਤਾ ਨੂੰ ਮੁੜ ਖੋਲ੍ਹਣ ਦੀ ਆਗਿਆ ਦਿੱਤੀ ਹੈ। ਸਿਹਤ ਵਿਭਾਗ ਅਨੁਸਾਰ ਸ਼ਨੀਵਾਰ ਤੱਕ ਕੈਲੀਫੋਰਨੀਆ ਵਿੱਚ ਦੇਸ਼ ਦੇ ਕਿਸੇ ਵੀ ਰਾਜ ਨਾਲੋਂ ਕੋਰੋਨਾ ਵਾਇਰਸ ਦੇ ਵੱਧ ਕੇਸ ਦਰਜ ਕੀਤੇ ਗਏ ਹਨ।

# ਨਿਊ ਮੈਕਸੀਕੋ ਦੇ ਵਿਅਕਤੀ ਦੀ ਕਾਰ ਵਿੱਚ ਲਗਾਇਆ ਲੱਗਭਗ 15,000 ਮਧੂ ਮੱਖੀਆਂ ਨੇ ਡੇਰਾ

**ਫਰਿਜ਼ਨੋ (ਕੈਲੀਫੋਰਨੀਆ), 03 ਅਪ੍ਰੈਲ 2021-** ਜਿੰਦਗੀ ਵਿੱਚ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹਨਾਂ ਤੇ ਯਕੀਨ ਕਰਨਾ ਮੁਸਕਿਲ ਹੁੰਦਾ ਹੈ। ਅਜਿਹਾ ਹੀ ਇੱਕ ਵਾਕਿਆ ਨਿਊ ਮੈਕਸੀਕੋ ਦੇ ਵਿਅਕਤੀ ਨਾਲ ਹੋਇਆ ਹੈ,ਜੋ ਕਿ ਘਰੇਲੂ ਸਮਾਨ ਲੈਣ ਸਟੋਰ ਵਿੱਚ ਗਿਆ ਸੀ ਅਤੇ ਵਾਪਸੀ ਤੇ ਉਸਨੇ ਹਜਾਰਾਂ ਮਧੂ ਮੱਖੀਆਂ ਨੂੰ ਆਪਣੀ ਕਾਰ ਦੀ ਪਿਛਲੀ ਸੀਟ ਤੇ ਪਾਇਆ। ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਇੱਕ ਆਦਮੀ, ਜਿਸਦਾ ਨਾਮ ਜਾਰੀ



ਨਹੀਂ ਕੀਤਾ ਗਿਆ ਹੈ, ਲਾਸ ਕਰੂਸਿਜ਼ ਦੇ ਐਲਬਰਟਸਨ ਕਰਿਆਨਾ ਸਟੋਰ ਵਿੱਚ ਗਿਆ ਸੀ ਅਤੇ ਉਸਨੇ ਖਰੀਦਾਰੀ ਕਰਦੇ ਸਮੇਂ ਕਾਰ ਦੀਆਂ ਖਿੜਕੀਆਂ ਨੂੰ ਖੁੱਲ੍ਹਾ ਛੱਡ ਦਿੱਤਾ ਸੀ। ਜਿਸਦੇ ਬਾਅਦ ਵਾਪਸੀ ਸਮੇਂ ਮਧੂ ਮੱਖੀਆਂ ਨੇ ਉਸਦੀ ਕਾਰ ਵਿੱਚ ਡੇਰਾ ਜਮ੍ਹਾਂ ਲਿਆ। ਇਸ ਦੀ ਸੂਚਨਾ ਮਿਲਦਿਆਂ ਲਾਸ ਕਰੂਸਿਜ਼ ਫਾਇਰ ਵਿਭਾਗ ਨੇ ਜਲਦੀ ਹੀ ਕਾਰਵਾਈ ਕੀਤੀ ਅਤੇ ਕਰਮਚਾਰੀਆਂ ਦੁਆਰਾ ਨੇੜਲੇ ਲੋਕਾਂ ਅਤੇ ਦੁਕਾਨਦਾਰਾਂ ਨੂੰ ਮਧੂ ਮੱਖੀਆਂ ਤੋਂ ਬਚਾਉਣ ਲਈ ਆਸਪਾਸ ਦੇ ਖੇਤਰ ਨੂੰ ਬੰਦ ਕਰ ਦਿੱਤਾ। ਇਸ ਦੌਰਾਨ ਇੱਕ ਫਾਇਰ ਫਾਈਟਰ ਜੈਸੀ ਜਾਨਸਨ ਨੇ ਮਧੂ ਮੱਖੀ ਪਾਲਕ ਵਜੋਂ ਆਪਣੇ ਤਜ਼ਰਬੇ ਦੀ ਵਰਤੋਂ ਕੀਤੀ ,ਅਤੇ ਮਧੂ ਮੱਖੀਆਂ ਨੂੰ ਬਾਹਰ ਕੱਢਣ ਲਈ ਲੋੜੀਂਦੀ ਹਰ ਚੀਜ਼ ਜਿਵੇਂ ਕਿ ਇੱਕ ਹਾਈਵ ਕਿੱਟ, ਲੈਮਨਗ੍ਰਾਸ ਤੇਲ, ਦਸਤਾਨੇ ਅਤੇ ਪਹਿਰਾਵੇ ਆਦਿ ਦੀ ਵਰਤੋਂ ਕੀਤੀ। ਅਧਿਕਾਰੀਆਂ ਅਨੁਸਾਰ ਉਸਨੇ ਜਲਦੀ ਹੀ ਮਧੂਮੱਖੀਆਂ ਨੂੰ ਵਧੇਰੇ ਢੁੱਕਵੀਂ ਥਾਂ ਤੇ ਤਬਦੀਲ ਕਰ ਦਿੱਤਾ। ਅੱਗ ਬੁਝਾਊ ਵਿਭਾਗ ਦੇ ਅੰਦਾਜ਼ੇ ਅਨੁਸਾਰ ਤਕਰੀਬਨ 15,000 ਮਧੂ ਮੱਖੀਆਂ ਨੂੰ ਕਾਰ ਵਿੱਚੋਂ ਹਟਾਇਆ ਗਿਆ ਅਤੇ ਇਸ ਕੋਸ਼ਿਸ਼ ਵਿੱਚ ਤਕਰੀਬਨ ਦੋ ਘੰਟੇ ਲੱਗੇ। ਇਸ ਦੌਰਾਨ ਕੋਈ ਨੁਕਸਾਨ ਹੋਣ ਦੀ ਖਬਰ ਨਹੀਂ ਮਿਲੀ ਹੈ। ਅਧਿਕਾਰੀਆਂ ਅਨੁਸਾਰ ਅੱਗ ਬੁਝਾਊ ਵਿਭਾਗ ਆਮ ਤੌਰ ਤੇ ਮਧੂ ਮੱਖੀਆਂ ਦੇ ਝੁੰਡ ਨੂੰ ਨਹੀਂ ਹਟਾਉਂਦਾ, ਪਰ ਇਸ ਖੇਤਰ ਵਿੱਚ ਜਿਆਦਾ ਟ੍ਰੈਫਿਕ ਕਾਰਨ ਉਹਨਾਂ ਕਾਰਵਾਈ ਕੀਤੀ।

# ਬੀਮੇ ਦੇ ਪੈਸੇ ਲੈਣ ਲਈ ਮਹਿਲਾ ਨੇ 6 ਸਾਲਾਂ ਬੱਚੇ ਦੀ ਕੋਕੀਨ ਖਵਾ ਕੇ ਲਈ ਜਾਨ

**ਫਰਿਜ਼ਨੋ (ਕੈਲੀਫੋਰਨੀਆ), 04 ਅਪ੍ਰੈਲ 2021-** ਟੈਕਸਾਸ ਦੇ ਹਿਊਸਟਨ ਵਿੱਚ ਇੱਕ ਮਾਂ 'ਤੇ ਉਸ ਦੇ ਹੀ 6 ਸਾਲ ਦੇ ਬੱਚੇ ਦੀ ਮੌਤ ਕਰਨ ਕਰਕੇ ਕਤਲ ਦੇ ਇਲਜ਼ਾਮ ਲੱਗੇ ਹਨ। ਇਸ ਮਾਮਲੇ ਵਿੱਚ 25 ਸਾਲਾ ਐਸ਼ਲੇ ਮਾਰਕਸ 'ਤੇ ਆਪਣੇ ਹੀ ਪੁੱਤਰ, ਜੇਸਨ ਸੈਂਚੇਜ਼ ਮਾਰਕਸ ਨੂੰ ਮੈਥ, ਕੋਕੀਨ ਅਤੇ ਹੋਰ ਨਸ਼ੇ ਖਵਾਉਣ ਦੇ ਇਲਜ਼ਾਮ ਹਨ, ਜਿਸ ਨਾਲ ਉਸਦੀ ਜੂਨ 2020 ਵਿੱਚ ਮੌਤ ਹੋ ਗਈ ਸੀ। ਇਸ ਸੰਬੰਧੀ ਸਰਕਾਰੀ ਵਕੀਲ ਅਨੁਸਾਰ ਮਾਰਕਸ ਨੇ ਜੀਵਨ ਬੀਮਾ ਪਾਲਿਸੀਆਂ ਦੀ ਰਾਸ਼ੀ ਇਕੱਤਰ ਕਰਨ ਲਈ ਲੜਕੇ ਦੀ ਹੱਤਿਆ ਕੀਤੀ, ਜਿਹਨਾਂ ਦੀ ਕੁੱਲ ਕੀਮਤ 100,000 ਡਾਲਰ ਹੈ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਮਾਰਕਸ ਆਪਣੇ ਬੇਟੇ ਨੂੰ ਕਲੋਰ-ਫੇਨੀਰਾਮਾਈਨ, ਡਿਫੇਨਹਾਈਡ੍ਰਾਮਾਈਨ, ਜੋ ਕਿ ਐਲਰਜੀ ਦੀਆਂ ਦਵਾਈਆਂ ਹਨ, ਅਤੇ ਡੈਕਸਟ੍ਰੋਮੈਥੋਰਫਨ, ਖੰਘ ਦੀ ਦਵਾਈ ਹੈ, ਦੇਣ ਦਾ ਵੀ ਦੋਸ਼ ਲਾਇਆ ਗਿਆ



ਹੈ। ਟੈਕਸਾਸ ਦੇ ਪਰਿਵਾਰਕ ਅਤੇ ਸੁਰੱਖਿਆ ਸੇਵਾਵਾਂ ਵਿਭਾਗ ਦੀ ਰਿਪੋਰਟ ਦੇ ਅਨੁਸਾਰ, ਜੇਸਨ ਅਤੇ ਉਸਦੀ ਛੋਟੀ ਭੈਣ ਅਪ੍ਰੈਲ 2020 ਵਿੱਚ ਆਪਣੇ ਦਾਦੇ ਕੋਲ ਗਏ ਸਨ, ਅਤੇ ਮਾਰਕਸ ਬੱਚਿਆਂ ਨੂੰ ਦਵਾਈ ਦੇਣ ਲਈ ਉਸਦੇ ਘਰ ਗਈ ਸੀ, ਪਰ ਲੜਕੀ ਨੇ ਇਸ ਦੌਰਾਨ ਦਵਾਈ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਸੰਬੰਧੀ ਦਾਦੇ ਨੇ ਦੱਸਿਆ ਕਿ ਉਸਨੇ ਕਈ ਵਾਰ ਮਾਰਕਸ ਨਾਲ ਸੰਪਰਕ ਕੀਤਾ ਕਿਉਂਕਿ 6 ਸਾਲ ਦਾ ਬੱਚਾ ਬਿਮਾਰ ਸੀ। ਪਰ ਨਾ ਤਾਂ ਮਾਂ ਅਤੇ ਨਾ ਹੀ ਦਾਦੇ ਨੇ 6 ਸਾਲਾਂ ਬੱਚੇ ਲਈ ਡਾਕਟਰੀ ਸਹਾਇਤਾ ਮੰਗੀ ਜਦਕਿ ਬੱਚੇ ਦੀ ਹਾਲਤ ਵਿਗੜਦੀ ਗਈ। ਇਸ ਕੇਸ ਸੰਬੰਧੀ ਵੀਰਵਾਰ ਨੂੰ ਅਦਾਲਤ ਵਿੱਚ ਸੁਣਵਾਈ ਦੌਰਾਨ ਮਾਰਕਸ ਨੇ ਬਾਂਡ ਦੇਣ ਤੋਂ ਇਨਕਾਰ ਕਰ ਦਿੱਤਾ। ਜੇਸਨ ਦੇ ਅਧਿਆਪਕਾਂ ਅਨੁਸਾਰ ਉਹ ਇੱਕ ਪਿਆਰਾ ਬੱਚਾ ਸੀ, ਜੋ ਕਿ ਹਿਊਸਟਨ ਚਿੜੀਆਘਰ ਦਾ ਦੌਰਾ ਕਰਨਾ ਪਸੰਦ ਕਰਦਾ ਸੀ।

# ਕਾਰੋਬਾਰੀ ਘਰਾਣਿਆਂ ਨੂੰ ਬੈਂਕ ਵੇਚਣੇ ਵੱਡੀ ਗਲਤੀ: ਰਘੂਰਾਮ ਰਾਜਨ

**ਨਵੀਂ ਦਿੱਲੀ -** ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਦੋ ਬੈਂਕਾਂ ਦੇ ਨਿੱਜੀਕਰਨ ਬਾਰੇ ਕਿਹਾ ਹੈ ਕਿ ਬੈਂਕਾਂ ਨੂੰ ਕਾਰੋਬਾਰੀ ਘਰਾਣਿਆਂ ਨੂੰ ਵੇਚਣਾ ਵੱਡੀ ਗਲਤੀ ਹੋਵੇਗੀ। ਚੰਗੇ ਤੇ ਵੱਡੇ ਬੈਂਕਾਂ ਨੂੰ ਵਿਦੇਸ਼ੀ ਬੈਂਕਾਂ ਕੋਲ ਵੇਚਣਾ ਸਿਆਸੀ ਨਜ਼ਰੀਏ ਤੋਂ ਵੀ ਵਿਹਾਰਕ ਨਹੀਂ ਹੋਵੇਗਾ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਨਿੱਜੀ ਖੇਤਰ ਦਾ ਇਕ ਬੈਂਕ ਜਨਤਕ ਖੇਤਰ ਦੇ ਬੈਂਕ ਨੂੰ ਗ੍ਰਹਿਣ ਕਰਨ ਦੀ ਸਥਿਤੀ ਵਿਚ ਹੋਵੇ ਪਰ ਉਹ ਇਸ ਗੱਲ ਨੂੰ ਲੈ ਕੇ ਨਿਸ਼ਚਿਤ ਨਹੀਂ ਹਨ ਕਿ ਉਹ ਇਸ ਗੱਲ ਦੀ ਇੱਛਾ ਜ਼ਾਹਿਰ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤੀ ਮੁਦਰਾ ਨੀਤੀ ਢਾਂਚੇ ਵਿਚ ਵੱਡੀ ਤਬਦੀਲੀ ਨਾਲ ਬਾਂਡ ਬਾਜ਼ਾਰ ਪ੍ਰਭਾਵਿਤ ਹੋ ਸਕਦਾ ਹੈ ਕਿਉਂਕਿ ਮੌਜੂਦਾ ਪ੍ਰਣਾਲੀ ਨੇ ਮਹਿੰਗਾਈ ਨੂੰ ਰੋਕਣ ਅਤੇ ਵਿਕਾਸ ਨੂੰ ਹੁਲਾਰਾ ਦੇਣ ਵਿਚ ਮਦਦ ਕੀਤੀ ਹੈ। ਪੀ।ਟੀ।ਆਈ। ਨੂੰ ਦਿੱਤੇ ਇਕ ਇੰਟਰਵਿਊ ਵਿਚ ਰਾਜਨ ਨੇ ਕਿਹਾ, ''ਮੇਰਾ ਮੰਨਣਾ ਹੈ ਕਿ ਮੁਦਰਾ ਨੀਤੀ ਢਾਂਚੇ ਨੇ ਮਹਿੰਗਾਈ ਘਟਾਉਣ ਵਿਚ ਮਦਦ ਕੀਤੀ ਹੈ। ਇਸ ਵਿਚ ਭਾਰਤੀ ਰਿਜ਼ਰਵ ਬੈਂਕ ਲਈ ਅਰਥਚਾਰੇ ਨੂੰ ਸਮਰਥਨ ਦੇਣ ਦੀ ਗੁੰਜਾਇਸ਼ ਵੀ ਹੈ। ਇਹ ਸੋਚਣਾ ਵੀ ਮੁਸ਼ਕਲ ਹੈ ਕਿ ਜੇਕਰ ਅਜਿਹਾ ਢਾਂਚਾ ਨਾ ਹੁੰਦਾ ਤਾਂ ਅਸੀਂ ਐਨਾ ਵੱਡਾ ਵਿੱਤੀ ਘਾਟਾ ਕਿਵੇਂ ਝੱਲਦੇ।" ਉਨ੍ਹਾਂ ਤੋਂ ਸਵਾਲ ਕੀਤਾ ਗਿਆ ਸੀ ਕਿ ਕੀ ਉਹ ਮੁਦਰਾ ਨੀਤੀ ਢਾਂਚੇ ਤਹਿਤ ਮਹਿੰਗਾਈ ਦੇ ਦੋ ਤੋਂ ਛੇ ਫੀਸਦ ਤੱਕ ਦੇ ਟੀਚੇ ਦੀ ਸਮੀਖਿਆ ਦੇ ਪੱਖ ਵਿਚ ਹਨ। ਭਾਰਤੀ ਰਿਜ਼ਰਵ ਬੈਂਕ ਨੂੰ ਪ੍ਰਚੂਨ ਮਹਿੰਗਾਈ ਚਾਰ ਫੀਸਦ (ਦੋ ਫੀਸਦ ਉੱਪਰ ਜਾਂ ਥੱਲੇ) ਰੱਖਣ ਦਾ ਟੀਚਾ ਦਿੱਤਾ ਗਿਆ ਹੈ। ਰਿਜ਼ਰਵ ਬੈਂਕ ਦੇ ਗਵਰਨਰ ਦੀ ਅਗਵਾਈ ਵਾਲੀ ਕੇਂਦਰੀ





ਬੈਂਕ ਦੀ ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਇਸ ਨੂੰ ਧਿਆਨ ਵਿਚ ਰੱਖ ਕੇ ਨੀਤੀਗਤ ਦਰਾਂ ਤੈਅ ਕਰਦੀ ਹੈ। ਮੌਜੂਦਾ ਮੱਧਮ ਕਾਲ ਮਹਿੰਗਾਈ ਟੀਚਾ ਜੋ ਅਗਸਤ 2016 ਵਿਚ ਤੈਅ ਕੀਤਾ ਗਿਆ ਸੀ, ਇਸੇ ਸਾਲ 31 ਮਾਰਚ ਨੂੰ ਖਤਮ ਹੋ ਰਿਹਾ ਹੈ। ਅਗਲੇ ਪੰਜ ਸਾਲਾਂ ਲਈ ਮਹਿੰਗਾਈ ਦਾ ਟੀਚਾ ਪਹਿਲੀ ਅਪਰੈਲ ਤੋਂ ਸ਼ੁਰੂ ਹੋਣਾ ਹੈ ਜਿਸ ਨੂੰ ਇਸੇ ਮਹੀਨੇ ਨੋਟੀਫਾਈ ਕੀਤੇ ਜਾਣ ਦੀ ਆਸ ਹੈ। ਇਸੇ ਸਬੰਧੀ ਰਾਜਨ ਨੇ ਕਿਹਾ, ''ਜੇਕਰ ਅਸੀਂ ਢਾਂਚੇ ਵਿਚ ਵੱਡੀ ਤਬਦੀਲੀ ਕਰਦੇ ਹਾਂ ਤਾਂ ਇਸ ਨਾਲ ਬਾਂਡ ਬਾਜ਼ਾਰ ਪ੍ਰਭਾਵਿਤ ਹੋਣ ਦਾ ਖਤਰਾ ਪੈਦਾ ਹੋ ਜਾਵੇਗਾ। ਮੇਰਾ ਮੰਨਣਾ ਕਿ ਵੱਡਾ ਬਦਲਾਅ ਕਰਨ ਲਈ ਇਹ ਸ਼ਾਇਦ ਗਲਤ ਸਮਾਂ ਹੈ।" ਸੋਧੇ ਮਾਪਦੰਡਾਂ ਸਬੰਧੀ ਸ੍ਰੀ ਰਾਜਨ ਨੇ ਕਿਹਾ ਕਿ 2021-22 ਦੇ ਬਜਟ ਵਿਚ ਨਿੱਜੀਕਰਨ 'ਤੇ ਕਾਫੀ ਜੋਰ ਦਿੱਤਾ ਗਿਆ ਹੈ। ਨਿੱਜੀਕਰਨ ਸਬੰਧੀ ਸਰਕਾਰ ਦਾ ਰਿਕਾਰਡ ਕਾਫੀ ਉਤਾਰ-ਚੜ੍ਹਾਓ ਵਾਲਾ ਰਿਹਾ ਹੈ ਅਤੇ ਇਸ ਵਾਰ ਇਹ ਕਿਵੇਂ ਵੱਖ ਹੋਵੇਗਾ।" ਉਨ੍ਹਾਂ ਕਿਹਾ ਕਿ ਇਸ ਵਾਰ ਦੇ ਬਜਟ ਵਿਚ ਕਾਫੀ ਹੱਦ ਤੱਕ ਖਰਚੇ ਤੇ ਪ੍ਰਾਪਤੀਆਂ ਨੂੰ ਲੈ ਪਾਰਦਰਸ਼ਤਾ ਦਿਖਦੀ ਹੈ। ਪਹਿਲਾਂ ਦੇ ਬਜਟ ਵਿਚ ਅਜਿਹਾ ਨਹੀਂ ਸੀ ਦਿਖਦਾ। ਹਾਲਾਂਕਿ, ਇਸ ਦੇ ਨਾਲ ਹੀ ਰਾਜਨ ਨੇ ਕਿਹਾ ਕਿ ਬਜਟ ਵਿਚ ਮਾਲੀਆ ਇਕੱਤਰ ਕਰਨ ਤੇ ਵਿੱਤੀ ਖੇਤਰ ਦੇ ਸੁਧਾਰਾਂ ਸਬੰਧੀ ਚੀਜ਼ਾਂ ਜ਼ਿਆਦਾ ਸਪੱਸ਼ਟ ਨਹੀਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦਾ 2024-25 ਤੱਕ ਭਾਰਤ ਨੂੰ ਪੰਜ ਖਰਬ ਅਮਰੀਕੀ ਡਾਲਰ ਦਾ ਅਰਥਚਾਰਾ ਬਣਾਉਣ ਦਾ ਟੀਚਾ ਲੋੜ ਤੋਂ ਜ਼ਿਆਦਾ ਉਤਸ਼ਾਹੀ ਹੈ, ਹਾਲਾਂਕਿ ਮਹਾਮਾਰੀ ਤੋਂ ਪਹਿਲਾਂ ਵੀ ਇਸ ਟੀਚੇ ਸਬੰਧੀ ਸਾਵਧਾਨੀ ਨਾਲ ਗਿਣਤੀ-ਮਿਣਤੀ ਨਹੀਂ ਕੀਤੀ ਗਈ।

# ਪੰਜਾਬ ਦੇ ਵਿਦਿਆਰਥੀ ਵੀ 'ਸਿੱਖਿਆ ਕਰਜ਼ੇ' ਦੇ ਬੋਝ ਹੇਠ ਦੱਬ ਗਏ

**ਚੰਡੀਗੜ੍ਹ** – ਬੈਂਕਾਂ ਤੋਂ 'ਸਿੱਖਿਆ ਕਰਜ਼ਾ' ਲੈਣ ਵਾਲੇ ਪੰਜਾਬ ਦੇ 30 ਹਜ਼ਾਰ ਵਿਦਿਆਰਥੀ ਕਰਜ਼ਾਈ ਹੋ ਗਏ ਹਨ। ਇਨ੍ਹਾਂ ਸਿਰ 1748.48 ਕਰੋੜ ਦਾ ਕਰਜ਼ਾ ਖੜ੍ਹਾ ਹੈ। ਗਰੀਬ ਘਰਾਂ ਦੇ ਵਿਦਿਆਰਥੀ 'ਸਿੱਖਿਆ ਲੋਨ' ਲੈ ਕੇ ਪੜ੍ਹਾਈ ਕਰਨ ਲਈ ਮਜਬੂਰ ਹੁੰਦੇ ਹਨ, ਜਿਨ੍ਹਾਂ ਨੂੰ ਮਗਰੋਂ ਕਰਜ਼ਾ ਮੋੜਨਾ ਮੁਸ਼ਕਲ ਹੋ ਜਾਂਦਾ ਹੈ।

ਪਿਛਲੇ ਕੁਝ ਵਰ੍ਹਿਆਂ ਤੋਂ ਬੈਂਕਾਂ ਨੇ ਵੀ 'ਸਿੱਖਿਆ ਕਰਜ਼ਾ' ਦੇਣ ਤੋਂ ਹੱਥ ਪਿਛਾਂਹ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰੀ ਵਿੱਤ ਮੰਤਰਾਲੇ ਅਨੁਸਾਰ ਕੇਂਦਰ ਸਰਕਾਰ ਦੀ 'ਸਿੱਖਿਆ ਲੋਨ' ਸਕੀਮ ਤਹਿਤ ਕੁਝ ਨਿਸ਼ਚਿਤ ਮਾਤਰਾ ਦੇ ਕਰਜ਼ੇ ਲਈ ਬਿਨਾਂ ਸਕਿਓਰਿਟੀ ਤੋਂ ਲੋਨ ਦਿੱਤਾ ਜਾਂਦਾ ਹੈ। ਜਿਨ੍ਹਾਂ ਘਰਾਂ ਦੀ ਪਹੁੰਚ ਨਹੀਂ ਹੁੰਦੀ, ਉਹ ਮਾਪੇ ਬੱਚਿਆਂ ਦੀ ਸਿੱਖਿਆ ਲਈ ਕਰਜ਼ਾ ਚੁੱਕਦੇ ਹਨ। ਪੰਜਾਬ ਵਿਚ 1849 ਵਿਦਿਆਰਥੀ ਤਾਂ ਕਰਜ਼ਾ ਮੋੜ ਹੀ ਨਹੀਂ ਸਕੇ, ਜਿਸ ਕਰਕੇ ਉਨ੍ਹਾਂ ਦਾ 52.63 ਕਰੋੜ ਦਾ ਲੋਨ ਬੈਂਕਾਂ ਨੂੰ ਵੱਟੇ ਖਾਤੇ ਪਾਉਣਾ ਪਿਆ ਜੋ ਕਿ ਕੁੱਲ ਐਨ।ਪੀ।ਏ। ਦਾ 3.01 ਫੀਸਦੀ ਬਣਦਾ ਹੈ। ਕਿਸਾਨ ਆਗੂ ਜਸਵੀਰ ਬੁਰਜ ਸੇਮਾ ਅਨੁਸਾਰ ਕਿੰਨੇ ਹੀ ਕਿਸਾਨ ਅਜਿਹੇ ਹਨ ਜਿਨ੍ਹਾਂ ਸਿਰ ਖੇਤੀ ਕਰਜ਼ਾ ਹੈ ਅਤੇ ਪੁੱਤ 'ਸਿੱਖਿਆ ਲੋਨ' ਵਿਚ ਡਿਫਾਲਟਰ ਹੋ ਗਏ ਹਨ। ਵੇਰਵਿਆਂ ਅਨੁਸਾਰ ਪੰਜਾਬ ਦੇ 29,934 ਵਿਦਿਆਰਥੀਆਂ ਨੇ ਪੜ੍ਹਾਈ ਲਈ ਕਰਜ਼ਾ ਲਿਆ ਹੈ, ਜਿਨ੍ਹਾਂ ਨੇ ਹਾਲੇ ਰਕਮ ਵਾਪਸ ਕਰਨੀ ਹੈ। ਇਸੇ ਤਰ੍ਹਾਂ ਹਰਿਆਣਾ ਦੇ 33,517 ਵਿਦਿਆਰਥੀ ਹਨ, ਜਿਨ੍ਹਾਂ ਸਿਰ 1,644 ਕਰੋੜ ਦਾ



ਕਰਜ਼ਾ ਹੈ। ਹਰਿਆਣਾ ਵਿਚ ਬੈਂਕਾਂ ਨੇ ਕਰੀਬ 100 ਕਰੋੜ ਦੇ ਸਿੱਖਿਆ ਲੋਨ ਦੀ ਰਾਸ਼ੀ ਵੱਟੇ ਖਾਤੇ ਪਾਈ ਹੈ, ਜੋ ਐਨ।ਪੀ।ਏ। ਦਾ 6.13 ਫੀਸਦੀ ਬਣਦੀ ਹੈ।

ਤੱਥਾਂ ਅਨੁਸਾਰ ਦੇਸ ਵਿਚ ਇਸ ਵੇਲੇ 24.84 ਲੱਖ ਵਿਦਿਆਰਥੀਆਂ ਨੇ ਕਰੀਬ 89,883 ਕਰੋੜ ਦਾ ਸਿੱਖਿਆ ਕਰਜ਼ਾ ਲਿਆ ਹੋਇਆ ਹੈ। ਵਰ੍ਹਾ 2015 ਵਿਚ ਸਿੱਖਿਆ ਕਰਜ਼ਾ ਹਾਸਲ ਕਰਨ ਵਾਲਿਆਂ ਦਾ ਅੰਕੜਾ 34 ਲੱਖ ਸੀ, ਜੋ ਕਿ 2019 ਵਿਚ ਘਟ ਕੇ 27 ਲੱਖ ਰਹਿ ਗਿਆ ਸੀ। ਹੁਣ ਇਹ ਅੰਕੜਾ 24.84 ਲੱਖ 'ਤੇ ਹੀ ਸਿਮਟ ਗਿਆ ਹੈ। ਐਨ।ਪੀ।ਏ। (ਨਾਨ ਪਰਫਾਰਮਿੰਗ ਐਸੇਟਸ) ਦੀ ਦਰ ਦੇਖੀਏ ਤਾਂ 31 ਮਾਰਚ 2020 ਨੂੰ ਸਨਅਤੀ ਖੇਤਰ ਵਿਚ 13.60 ਫੀਸਦੀ ਸੀ ਜਦੋਂ ਕਿ ਖੇਤੀ ਅਤੇ ਅਲਾਇਡ 'ਚ 10.33 ਫੀਸਦੀ ਰਹੀ। ਇਸੇ ਤਰ੍ਹਾਂ ਸਿੱਖਿਆ ਖੇਤਰ ਵਿਚ 7.61 ਫੀਸਦੀ ਅਤੇ ਹਾਊਸਿੰਗ 'ਚ ਇਹ ਦਰ 1.61 ਫੀਸਦੀ ਰਹੀ।

# ਨਸ਼ਾ ਤਸਕਰੀ ਦੇ ਦੋਸ਼ਾਂ 'ਚ 5 ਵੱਡੇ ਪੁਲਿਸ ਅਫਸਰ ਮੁਅੱਤਲ

**ਚੰਡੀਗੜ੍ਹ** – ਪੰਜਾਬ ਸਰਕਾਰ ਨੇ ਵੱਡੀ ਕਾਰਵਾਈ ਕਰਦਿਆਂ ਚਰਚਿਤ ਤੇ ਵਿਵਾਦਿਤ ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ, ਐਸਪੀ ਵਰਿੰਦਰਜੀਤ ਸਿੰਘ ਥਿੰਦ, ਫਰੀਦਕੋਟ ਦੇ ਐਸਪੀ (ਡੀ) ਸੇਵਾ ਸਿੰਘ ਮੱਲ੍ਹੀ, ਪਰਮਿੰਦਰ ਸਿੰਘ ਬਾਠ ਡੀਐਸਪੀ ਤੇ ਕਰਨਸ਼ੇਰ ਸਿੰਘ ਡੀ।ਐਸ।ਪੀ। ਫਤਿਹਗੜ੍ਹ ਸਾਹਿਬ ਨੂੰ ਮੁਅੱਤਲ ਕਰ ਦਿੱਤਾ ਹੈ। ਸੂਬੇ ਦੇ ਡੀਜੀਪੀ ਦਫਤਰ ਵੱਲੋਂ ਕੀਤੀ ਸਿਫਾਰਸ਼ ਦੇ ਆਧਾਰ ਉਤੇ ਗ੍ਰਹਿ ਵਿਭਾਗ ਨੇ ਉਕਤ ਪੁਲਿਸ ਅਫਸਰਾਂ ਦੀ ਮੁਅੱਤਲੀ ਦੇ ਹੁਕਮ ਦਿੱਤੇ ਹਨ। ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਂ ਪੁਲਿਸ ਅਫਸਰਾਂ ਨੂੰ ਦੋਸ਼ ਪੱਤਰ ਜਾਰੀ ਕੀਤੇ ਜਾ ਰਹੇ ਹਨ।

ਪੁਲਿਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਮੁਅੱਤਲ ਕੀਤੇ ਪੁਲਿਸ ਅਧਿਕਾਰੀਆਂ ਦੀ ਕਥਿਤ ਸ਼ਮੂਲੀਅਤ ਦੇ ਤੱਥ ਐਸਟੀਐਫ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤੇ ਖੰਨਾ ਜ਼ਿਲ੍ਹੇ ਦੇ ਸਰਪੰਚ ਗੁਰਦੀਪ ਸਿੰਘ ਰਾਣੋ ਦੇ ਮਾਮਲੇ 'ਚ ਸਾਹਮਣੇ ਆਏ ਹਨ। ਜ਼ਿਕਰਯੋਗ ਹੈ ਕਿ ਐਸਟੀਐਫ ਨੇ ਗੁਰਦੀਪ ਸਿੰਘ ਦੀ ਤਫਤੀਸ਼ ਦੇ ਅਧਾਰ 'ਤੇ ਸਰਕਾਰ ਅਤੇ ਡੀ।ਜੀ।ਪੀ। ਦਫਤਰ ਨੂੰ ਜੋ ਰਿਪੋਰਟ ਭੇਜੀ ਸੀ, ਉਸ ਰਿਪੋਰਟ 'ਚ ਉਕਤ ਪੁਲਿਸ ਅਫਸਰਾਂ ਦੇ ਗੁਰਦੀਪ ਸਿੰਘ ਨਾਲ ਨੇੜਲੇ ਸਬੰਧਾਂ ਦਾ ਜ਼ਿਕਰ



ਕੀਤਾ ਗਿਆ ਸੀ। ਨਸ਼ਿਆਂ ਦੀ ਤਸਕਰੀ ਕਰਨ ਵਾਲੇ ਕਿਸੇ ਵਿਅਕਤੀ ਨਾਲ ਸਬੰਧ ਰੱਖਣ ਦੇ ਦੋਸ਼ਾਂ ਤਹਿਤ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਆਈ।ਜੀ, ਐਸ।ਪੀ। ਤੇ ਡੀ-ਐਸਪੀ ਰੈਂਕ ਦੇ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਗਠਿਤ ਵਿਸ਼ੇਸ਼ ਟਾਸਕ ਫੋਰਸ ਵੱਲੋਂ ਕੁਝ ਮਹੀਨੇ ਪਹਿਲਾਂ ਖੰਨਾ ਨੇੜਲੇ ਪਿੰਡ ਰਾਣੋ ਦੇ ਸਰਪੰਚ ਗੁਰਦੀਪ ਸਿੰਘ ਨੂੰ ਤਸਕਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੀਜੀਪੀ ਦਫਤਰ ਦੀਆਂ ਸਿਫਾਰਸ਼ਾਂ 'ਤੇ ਗ੍ਰਹਿ ਵਿਭਾਗ ਦੀ ਤਾਜ਼ਾ ਕਾਰਵਾਈ 6 ਨਵੰਬਰ 2011 ਨੂੰ ਦਰਜ ਐਫ।ਆਈ।ਆਰ। ਨੰ। 147, ਜੋ ਕਿ ਐਨਡੀਪੀਐਸ ਐਕਟ ਤੇ ਅਸਲਾ ਐਕਟ ਅਧੀਨ ਦਰਜ ਕੀਤੀ ਗਈ ਸੀ, ਤਹਿਤ ਹੋਈ ਹੈ। ਇਸ ਲਈ ਮੁਕੰਮਲ ਤਫਤੀਸ਼ ਤੋਂ ਬਾਅਦ ਜੇ ਕਿਸੇ ਪੁਲਿਸ ਅਧਿਕਾਰੀ ਖਿਲਾਫ ਠੋਸ ਤੱਥ ਸਾਹਮਣੇ ਆਉਂਦੇ ਹਨ ਤਾਂ ਮਾਮਲੇ ਵਿਚ ਨਾਮਜ਼ਦ ਵੀ ਕੀਤਾ ਜਾ ਸਕਦਾ ਹੈ। ਐਸ।ਟੀ।ਐਫ। ਵੱਲੋਂ ਇਸ ਕਥਿਤ ਤਸਕਰ ਦੀ ਤਫਤੀਸ਼ ਮਗਰੋਂ ਰਿਪੋਰਟ ਤਿਆਰ ਕੀਤੀ ਗਈ ਸੀ, ਜਿਸ ਮੁਤਾਬਕ ਮੁਲਜ਼ਮ ਦੇ ਡੀਐਸਪੀ, ਐਸਪੀ ਅਤੇ ਆਈਜੀ ਰੈਂਕ ਦੇ ਪੁਲਿਸ ਅਧਿਕਾਰੀਆਂ ਨਾਲ ਗੂੜ੍ਹੇ ਸਬੰਧ ਸਨ। ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕੁਝ ਪੁਲਿਸ ਅਫਸਰਾਂ ਨੂੰ ਗੁਰਦੀਪ ਸਿੰਘ ਦੇ ਧੰਦਿਆਂ ਬਾਰੇ ਨਾ ਸਿਰਫ ਜਾਣਕਾਰੀ ਸੀ, ਬਲਕਿ ਉਨ੍ਹਾਂ ਦੀ ਸ਼ਮੂਲੀਅਤ ਦੇ ਤੱਥ ਵੀ ਸਾਹਮਣੇ ਆਏ ਹਨ।

ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਖਿਲਾਫ ਇਸ ਤੋਂ ਪਹਿਲਾਂ ਕੋਟਕਪੂਰਾ ਗੋਲੀ ਕਾਂਡ ਸਬੰਧੀ ਵੀ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਅਧਿਕਾਰੀ ਦੋ ਸਾਲਾਂ ਤੋਂ ਮੁਅੱਤਲੀ ਅਧੀਨ ਹੀ ਚੱਲ ਰਿਹਾ ਹੈ। ਇਸ ਤਰ੍ਹਾਂ ਨਾਲ ਕੈਪਟਨ ਸਰਕਾਰ ਦੀ ਤਾਜ਼ਾ ਕਾਰਵਾਈ ਤੋਂ ਬਾਅਦ ਉਮਰਾਨੰਗਲ ਦੋਹਰੀ ਮੁਅੱਤਲੀ ਦੀ ਮਾਰ ਹੇਠ ਆ ਗਿਆ ਹੈ।

# ਭਾਰਤ 'ਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਪਸਾਰੇ ਪੈਰ

**ਨਵੀਂ ਦਿੱਲੀ** – ਪੰਜਾਬ ਸਣੇ ਕੁਝ ਸੂਬਿਆਂ ਵਿਚ ਇਕ ਵਾਰ ਫਿਰ ਕਰੋਨਾ ਵਾਇਰਸ ਦੇ ਦੂਜੇ ਹੱਲੇ ਦੀ ਹਾਲ-ਦੁਹਾਈ ਪਾਈ ਜਾ ਰਹੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਲੋਕਾਂ ਨੂੰ ਘਰਾਂ ਦੇ ਅੰਦਰ ਡੱਕਣ ਲਈ ਟਿੱਲ ਲਾਇਆ ਜਾ ਰਿਹਾ ਹੈ। ਰਾਤ ਦੇ ਕਰਫਿਊ ਮੁੜ ਲੱਗ ਗਏ ਹਨ ਤੇ ਇਸ ਦਾ ਸਮਾਂ ਲਗਾਤਾਰ ਵਧਾਇਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਪੂਰਨ ਤਾਲਾਬੰਦੀ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ। ਸਕੂਲ, ਕਾਲਜ ਬੰਦ ਕਰ ਦਿੱਤੇ ਹਨ। ਪੰਜਾਬ ਵਿਚ ਮਾਸਕ ਦੇ ਬਹਾਨੇ ਪੁਲਿਸ ਵੱਲੋਂ ਲੋਕਾਂ ਦੇ ਜਬਰੀ ਕੋਵਿਡ ਟੈਸਟ ਕਰਵਾਏ ਜਾ ਰਹੇ ਹਨ।

ਹਾਲਾਤ ਇਹ ਹਨ ਕਿ ਇਕ ਪਾਸੇ ਜਿਥੇ ਸਰਕਾਰ ਨਿੱਤ ਨਵੀਆਂ ਪਾਬੰਦੀਆਂ ਦੇ ਹੁਕਮ ਲਾਗੂ ਕਰ ਰਹੀ ਹੈ, ਉਥੇ ਲੋਕ ਇਸ ਵਾਰ ਵਾਇਰਸ ਤੋਂ ਡਰਨ ਦੀ ਥਾਂ ਸਰਕਾਰ ਦੀ ਨੀਅਤ ਉਤੇ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ। ਸਕੂਲ ਕਾਲਜ ਬੰਦ ਕਰਨ ਖਿਲਾਫ ਬੱਚੇ ਤੇ ਉਨ੍ਹਾਂ ਦੇ ਮਾਪਿਆਂ ਦਾ ਰੋਹ ਭਖ ਗਿਆ ਹੈ ਤੇ ਦੋਸ਼ ਲੱਗ ਰਹੇ ਹਨ ਕਿ ਕਰੋਨਾ ਬਹਾਨੇ ਸਰਕਾਰ ਸਿੱਖਿਆ ਦੇ ਆਨਲਾਈਨ ਨਿੱਜੀਕਰਨ ਦੇ ਰਾਹ ਤੁਰ ਪਈ ਹੈ।

ਪੰਜਾਬ, ਮਹਾਰਾਸ਼ਟਰ, ਕੇਰਲ, ਕਰਨਾਟਕ, ਗੁਜਰਾਤ ਅਤੇ ਤਾਮਿਲਨਾਡੂ ਨੂੰ ਕਰੋਨਾ ਦੀ ਮਾਰ ਹੇਠ ਦੱਸਿਆ ਜਾ ਰਿਹਾ ਹੈ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸੂਬਿਆਂ ਵਿਚੋਂ 85.91 ਫੀਸਦ ਨਵੇਂ ਕੇਸ ਸਾਹਮਣੇ ਆ ਰਹੇ ਹਨ।

ਇਸ ਸਮੇਂ ਸਭ ਤੋਂ ਵੱਡੇ ਸਵਾਲ ਕਰੋਨਾ ਦੀ ਮੁਲਕ ਚੋਣਾਂ ਵਾਲੇ ਪੰਜ ਸੂਬਿਆਂ ਤੋਂ ਦੂਰੀ ਉਤੇ ਉਠ ਰਹੇ ਹਨ। ਇਥੇ ਸਿਆਸੀ ਧਿਰਾਂ ਵੱਲੋਂ ਚੋਣ ਰੈਲੀਆਂ ਵਿਚ ਵੱਡੀਆਂ ਭੀੜਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਕੇਰਲ ਵੀ ਕਰੋਨਾ ਪ੍ਰਭਾਵਿਤ ਸੂਬਿਆਂ ਵਿਚੋਂ ਇਕ ਹੈ ਪਰ ਉਥੇ ਚੋਣਾਂ ਦੇ ਮੱਦੇਨਜ਼ਰ ਵੱਡੀਆਂ ਰੈਲੀਆਂ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਇਸ ਸਮੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਪੂਰੇ ਮੁਲਕ ਵਿਚ ਕਿਸਾਨ ਅੰ-ਦੋਲਨ ਚੱਲ ਰਿਹਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਪਿਛਲੇ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਡੇਰੇ ਲਾਈ ਬੈਠੇ ਹਨ।



ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਐਡੀ ਵੱਡੀ ਗਿਣਤੀ ਵਿਚ ਬੈਠੇ ਕਿਸਾਨਾਂ ਨੂੰ ਕਰੋਨਾ ਨੇ ਕੁਝ ਕਿਹਾ? ਉਲਟਾ ਨਿੱਤ ਦਿਨ ਸੈਂਕੜਿਆਂ ਦੀ ਗਿਣਤੀ ਵਿਚ ਕਿਸਾਨ ਟਰਾਲੀਆਂ ਭਰ-ਭਰ ਕੇ ਧਰਨੇ ਵਿਚ ਸ਼ਾਮਲ ਹੋਣ ਜਾ ਰਹੇ ਹਨ। ਸਵਾਲ ਇਹ ਹੈ ਕਿ ਜੇਕਰ ਸਰਕਾਰ ਕਰੋਨਾ ਤੋਂ ਇੰਨਾ ਹੀ ਖਤਰਾ ਮੰਨ ਰਹੀ ਹੈ ਤਾਂ ਕਿਸਾਨਾਂ ਦੇ ਮਸਲੇ ਦਾ ਹੱਲ ਕਰਕੇ ਉਨ੍ਹਾਂ ਨੂੰ ਘਰੋਂ ਘਰੀਂ ਤੋਰਨ ਤੋਂ ਕਿਉਂ ਭੱਜ ਰਹੀ ਹੈ। ਇਹੀ ਨਹੀਂ, ਪੰਜਾਬ ਵਿਚ ਕਿਸਾਨ ਅੰਦੋਲਨ ਆਸਰੇ ਸਿਆਸੀ ਧਿਰਾਂ ਵੱਲੋਂ ਵੱਡੀਆਂ ਰੈਲੀਆਂ ਕੀਤੀ ਜਾ ਰਹੀਆਂ ਹਨ। ਅਕਾਲੀ ਦਲ ਬਾਦਲ ਵੱਲੋਂ ਕੈਪਟਨ ਸਰਕਾਰ ਦੀ ਵਾਅਦਾਖਿਲਾਫੀ ਸੰਘਰਸ਼ ਛੇੜਿਆ ਹੋਇਆ। ਜਿਥੇ ਵੱਡੇ ਇਕੱਠ ਹੋ ਰਹੇ ਹਨ। ਹਾਲਾਤ ਇਹ ਹਨ ਕਿ ਇਹ ਪਾਬੰਦੀਆਂ ਸਿਰਫ ਆਮ ਲੋਕਾਂ ਉਤੇ ਹੀ ਥੋਪੀਆਂ ਜਾ ਰਹੀਆਂ। ਪੰਜਾਬ ਵਿਚ ਕਰਫਿਊ ਦਾ ਸਮਾਂ 11 ਵਜੇ ਦੀ ਬਜਾਏ 9 ਤੋਂ 5 ਵਜੇ ਤੱਕ ਕੀਤੇ ਜਾਣ ਕਾਰਨ ਜਿਥੇ ਦੁਕਾਨ ਦਾਰਾਂ ਤੇ ਹੋਰਨਾਂ ਛੋਟੇ ਕਾਰੋਬਾਰੀਆਂ ਦਾ ਕੰਮ ਕਾਫੀ ਘੱਟ ਗਿਆ ਹੈ, ਉਥੇ ਹੋਟਲਾਂ, ਮੈਰਿਜ ਪੈਲੇਸਾਂ ਅਤੇ ਰੈਸਟੋਰੈਂਟ, ਜਿਨ੍ਹਾਂ ਦਾ ਜ਼ਿਆਦਾਤਰ ਕੰਮ ਹੀ ਦੇਰ ਰਾਤ ਤੱਕ ਚੱਲਦਾ ਹੈ, ਇਕ ਤਰ੍ਹਾਂ ਨਾਲ ਠੱਪ ਹੋਣ ਕਿਨਾਰੇ ਪਹੁੰਚ ਗਿਆ ਹੈ। ਸਰਕਾਰ ਵੱਲੋਂ ਵਿਆਹਾਂ 'ਚ ਮਹਿਮਾਨਾਂ ਦੀ ਗਿਣਤੀ 20 ਤੱਕ ਸੀਮਤ ਕਰ ਦੇਣ ਕਾਰਨ ਲੋਕਾਂ ਵਲੋਂ ਰਾਤ ਦੇ ਵਿਆਹਾਂ ਦੀਆਂ ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਹਾਲਾਤ ਇਹ ਹਨ ਕਿ ਲੋਕਾਂ ਨੂੰ ਕਰੋਨਾ ਤੋਂ ਵੱਧ ਡਰ ਆਉਣ ਵਾਲੇ ਦਿਨਾਂ ਵਿਚ ਭੁੱਖਮਰੀ ਤੋਂ ਲੱਗ ਰਿਹਾ ਹੈ।

ਕੇਂਦਰ ਸਰਕਾਰ ਕਰੋਨਾ ਦੇ ਸਫਲ ਟਾਕਰੇ ਲਈ ਆਪਣੀ ਪਿੱਠ ਥਾਪੜ ਰਹੀ ਹੈ। ਭਾਰਤ ਵਿਚ ਬਣਾਈ ਕਰੋਨਾ ਵੈਕਸੀਨ ਦੇ ਸੋਹਲੇ ਗਾਏ ਜਾ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਗੁਆਂਢੀ ਮੁਲਕਾਂ ਨੂੰ ਫਰੀ ਵੈਕਸੀਨ ਵੰਡ ਕੇ ਆਪਣੀ ਵੱਡੀ ਪ੍ਰਾਪਤੀ ਦੱਸ ਰਹੇ ਹਨ, ਪਰ ਆਪਣੇ ਮੁਲਕ ਦੇ ਲੋਕਾਂ ਨੂੰ ਵੈਕਸੀਨ ਦੇਣ ਦੀ ਕੋਈ ਠੋਸ ਵਿਉਂਤਬੰਦੀ ਹੀ ਨਹੀਂ ਹੈ।

ਭਾਰਤ ਵਿਚ ਹੁਣ ਤੱਕ ਸਾਢੇ ਤਿੰਨ ਕਰੋੜ ਦੇ ਲਗਭਗ ਵਿਅਕਤੀਆਂ ਨੂੰ ਟੀਕੇ ਲਗਾਏ ਜਾ ਚੁੱਕੇ ਹਨ ਪਰ 130 ਕਰੋੜ ਦੀ ਆਬਾਦੀ ਵਾਲੇ ਵੱਡੇ ਮੁਲਕ ਵਿਚ ਇਹ ਅੰਕੜੇ ਕਾਫੀ ਘੱਟ ਦਿਖਾਈ ਦਿੰਦੇ ਹਨ। ਉਂਜ, ਸਵਾਲ ਵੈਕਸੀਨ ਉਤੇ ਵੀ ਖੜ੍ਹੇ ਹੋ ਰਹੇ ਹਨ। ਹੁਣ ਤੱਕ ਜੋ ਰਿਪੋਰਟਾਂ ਆਈਆ ਹਨ, ਮੁਤਾਬਕ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੈਣ ਦੇ ਬਾਵਜੂਦ ਲੋਕ ਇਸ ਵਾਇਰਸ ਦੇ ਲਪੇਟੇ ਵਿਚ ਆ ਗਏ ਹਨ। ਸਰਕਾਰ ਤਰਕ ਦੇ ਰਹੀ ਹੈ ਕਿ ਵੈਕਸੀਨ ਲੈਣ ਦੇ ਬਾਵਜੂਦ ਮਾਸਕ, ਸਮਾਜਿਕ ਦੂਰੀਆਂ ਵਰਗੀਆਂ ਸਾਵਧਾਨੀਆਂ ਦੀ ਪਾਲਣਾ ਕਰਨੀ ਹੀ ਪਵੇਗੀ।

ਯਾਦ ਰਹੇ ਕਿ ਪਿਛਲੇ ਸਾਲ 11 ਮਾਰਚ 2020 ਨੂੰ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ .ਓ.) ਨੇ ਕੋਵਿਡ-19 ਨੂੰ ਮਹਾਮਾਰੀ ਕਰਾਰ ਦਿੱਤਾ ਸੀ। ਇਸ ਪਿੱਛੋਂ ਪੂਰੀ ਦੁਨੀਆਂ ਦੇ ਮੁਲਕਾਂ ਨੇ ਲੋਕਾਂ ਉਤੇ ਸਖਤ ਪਾਬੰਦੀਆਂ ਲਾਗੂ ਕਰ ਦਿੱਤੀਆਂ।

# ਮਹਾਰਾਸ਼ਟਰ- ਆਖਿਰ ਗ੍ਰਹਿ ਮੰਤਰੀ ਨੂੰ ਅਸਤੀਫਾ ਦੇਣਾ ਪਿਆ

**ਮੁੰਬਈ–** ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਮੁੰਬਈ ਦੇ ਸਾਬਕਾ ਪੁਲੀਸ ਕਮਿਸ਼ਨਰ ਪਰਮਬੀਰ ਸਿੰਘ ਦੇ ਵਸੂਲੀ ਸਬੰਧੀ ਦੋਸ਼ਾਂ 'ਤੇ ਹਾਈ ਕੋਰਟ ਵੱਲੋਂ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਜਾਣ ਮਗਰੋਂ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਐੱਨਸੀਪੀ ਆਗੂ ਅਤੇ ਮੰਤਰੀ ਦਿਲੀਪ ਵਾਲਸੇ ਪਾਟਿਲ ਨੂੰ ਗ੍ਰਹਿ ਵਿਭਾਗ ਦਾ ਜ਼ਿੰਮਾ ਸੌਂਪਿਆ ਗਿਆ ਹੈ। ਮੁੱਖ ਮੰਤਰੀ ਊਧਵ ਠਾਕਰੇ ਨੇ ਦੇਸ਼ਮੁਖ ਦਾ ਅਸਤੀਫਾ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੂੰ ਮਨਜ਼ੂਰੀ ਲਈ ਭੇਜ ਦਿੱਤਾ ਹੈ। ਦੇਸ਼ਮੁਖ ਨੇ ਅਸਤੀਫ਼ੇ ਦੀ ਕਾਪੀ ਟਵੀਟ ਕੀਤੀ ਹੈ ਜਿਸ 'ਚ ਉਨ੍ਹਾਂ ਕਿਹਾ ਹੈ ਕਿ ਵਕੀਲ ਜਯਸ੍ਰੀ ਪਾਟਿਲ ਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਹਨ। ਆਪਣੇ ਅਸਤੀਫ਼ੇ 'ਚ ਉਨ੍ਹਾਂ ਲਿਖਿਆ ਹੈ, "ਅਦਾਲਤ ਦੇ ਹੁਕਮਾਂ ਤੋਂ ਬਾਅਦ ਮੇਰੇ ਕੋਲ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਆਧਾਰ ਨਹੀਂ ਰਿਹਾ ਹੈ। ਮੈਂ ਅਹੁਦਾ ਛੱਡਣ ਦਾ ਫ਼ੈਸਲਾ ਲਿਆ ਹੈ। ਕ੍ਰਿਪਾ ਕਰਕੇ ਮੈਨੂੰ ਮੇਰੇ ਅਹੁਦੇ ਤੋਂ ਲਾਂਭੇ ਕਰੋ।" ਹਾਈ ਕੋਰਟ ਦੇ ਹੁਕਮਾਂ ਮਗਰੋਂ ਦੇਸ਼ਮੁਖ ਨੇ ਐੱਨਸੀਪੀ ਪ੍ਰਧਾਨ ਸ਼ਰਦ ਪਵਾਰ ਨਾਲ ਮੁਲਾਕਾਤ ਕਰਕੇ ਅਸਤੀਫ਼ਾ ਦੇਣ ਦੀ ਇੱਛਾ ਜ਼ਾਹਰ ਕੀਤੀ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਸੀਬੀਆਈ ਜਾਂਚ ਦੇ ਹੁਕਮਾਂ ਤੋਂ ਬਾਅਦ ਅਹੁਦੇ 'ਤੇ ਬਣੇ ਰਹਿਣਾ ਸਹੀ ਨਹੀਂ ਹੈ। ਸ੍ਰੀ ਮਲਿਕ ਨੇ ਕਿਹਾ, "ਦੇਸ਼ਮੁਖ, ਪਵਾਰ ਤੋਂ ਹਰੀ ਝੰਡੀ ਮਿਲਣ ਮਗਰੋਂ ਠਾਕਰੇ ਨੂੰ ਅਸਤੀਫ਼ਾ ਸੌਂਪਣ ਗਏ। ਉਨ੍ਹਾਂ 'ਤੇ ਦੋਸ਼ਾਂ ਦਾ ਕੋਈ ਆਧਾਰ ਨਹੀਂ ਹੈ ਪਰ ਪਾਰਟੀ ਅਦਾਲਤ ਦਾ ਸਨਮਾਨ ਕਰਦੀ ਹੈ ਅਤੇ ਸੱਚਾਈ ਸਾਰਿਆਂ ਦੇ ਸਾਹਮਣੇ ਆਵੇਗੀ।" ਐੱਨਸੀਪੀ ਆਗੂ ਨੇ ਕਿਹਾ ਕਿ ਸੂਬਾ ਸਰਕਾਰ ਇਕ ਰਿਟਾਇਰਡ ਜੱਜ ਤੋਂ ਦੋਸ਼ਾਂ ਦੀ ਜਾਂਚ ਦੇ ਹੁਕਮ ਪਹਿਲਾਂ ਹੀ ਦੇ ਚੁੱਕੀ ਹੈ। ਐੱਨਸੀਪੀ ਆਗੂ ਅਤੇ ਮੰਤਰੀ ਦਿਲੀਪ ਵਾਲਸੇ ਪਾਟਿਲ ਨੂੰ ਗ੍ਰਹਿ ਵਿਭਾਗ ਦਾ ਜ਼ਿੰਮਾ ਸੌਂਪਿਆ ਗਿਆ ਹੈ। ਜਿਕਰਯੋਗ ਹੈ ਕਿ ਮੁੰਬਈ ਦੇ ਸਾਬਕਾ ਪੁਲੀਸ ਕਮਿਸ਼ਨਰ ਪਰਮਬੀਰ ਸਿੰਘ ਨੇ 25 ਮਾਰਚ ਨੂੰ ਦੇਸ਼ਮੁਖ ਖਿਲਾਫ਼ ਸੀਬੀਆਈ ਜਾਂਚ ਦੀ ਬੇਨਤੀ ਕਰਦਿਆਂ ਹਾਈ ਕੋਰਟ 'ਚ ਅਪਰਾਧਿਕ ਜਨਹਿੱਤ ਪਟੀਸ਼ਨ ਦਾਖ਼ਲ ਕੀਤੀ ਸੀ ਜਿਸ 'ਚ ਉਨ੍ਹਾਂ ਦਾਅਵਾ ਕੀਤਾ ਹੈ ਕਿ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਨੇ ਮੁਅੱਤਲ ਕੀਤੇ ਪੁਲੀਸ ਅਧਿਕਾਰੀ ਸਚਿਨ ਵਜ਼ੇ ਸਮੇਤ ਹੋਰ ਪੁਲੀਸ ਅਧਿਕਾਰੀਆਂ ਨੂੰ ਬਾਰ ਅਤੇ ਰੈਸਤਰਾਂ ਤੋਂ 100 ਕਰੋੜ ਰੁਪਏ ਦੀ ਵਸੂਲੀ ਕਰਨ ਨੂੰ ਕਿਹਾ ਸੀ। ਹਾਈ ਕੋਰਟ ਦੇ ਚੀਫ਼ ਜਸਟਿਸ ਦੀਪਾਂਕਰ ਦੱਤ ਅਤੇ ਜਸਟਿਸ ਗਿਰੀਸ਼ ਕੁਲਕਰਨੀ ਦੇ ਬੈਂਚ ਨੇ ਕਿਹਾ ਕਿ ਇਹ 'ਨਿਵੇਕਲਾ' ਅਤੇ 'ਬੇਮਿਸਾਲ' ਕੇਸ ਹੈ ਜਿਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਬੈਂਚ ਨੇ ਸੀਬੀਆਈ ਨੂੰ ਮੁੱਢਲੀ ਜਾਂਚ 15 ਦਿਨਾਂ ਦੇ ਅੰਦਰ ਪੂਰੀ ਕਰਕੇ ਅੱਗੇ ਦੀ ਕਾਰਵਾਈ 'ਤੇ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ।

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਸਮਾਗਮ ਮਨਾਇਆ

ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਸਮਾਗਮ ਦੌਰਾਨ ਅਦਾਰਾ ਅੰਬੇਦਕਰ ਟਾਈਮਜ਼ (ਇੰਗਲਿਸ਼) ਅਤੇ ਦੇਸ਼ ਦੁਆਬਾ (ਪੰਜਾਬੀ) ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਹਾਜ਼ਰੀ ਭਰਦਿਆਂ ਸੰਗਤਾਂ ਨੂੰ ਬੀਤੀ 21 ਮਾਰਚ 2021 ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਵਧਾਈਆਂ ਦਿੱਤੀਆਂ। ਇਸ ਦੇ ਨਾਲ ਹੀ ਕਰੋਨਾ ਦੌਰਾਨ ਪ੍ਰਕਾਸ਼ਿਤ 'ਦੇਸ਼ ਦੁਆਬਾ( ਦੇ ਦੋ ਅੰਕ ਸਾਂਝੇ ਕੀਤੇ ਅਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਵੱਲੋਂ ਬੁਕਲੈਟ 'ਲੋਗ ਗਠਾਵੈ ਪਨਹੀ' ਵੀ ਰਿਲੀਜ਼ ਕੀਤੀ ਗਈ, ਜਿਸ ਨੂੰ ਸੰਗਤਾਂ ਨੇ ਬਹੁਤ ਹੀ ਸਲਾਹਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਦੇਵਰਾਜ ਸਿੰਘ ਜੀ ਨੇ ਸਟੇਜ ਦੀ ਭੂਮਿਕਾ ਨਿਭਾਈ ਅਤੇ ਕੈਸ਼ੀਅਰ ਦੀ ਸੇਵਾ ਨਿਭਾਅ ਰਹੇ ਸ੍ਰੀ ਮਨੋਹਰ ਗਾਦਰਾ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।






ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ' 28 ਮਾਰਚ 2021









# ਪੰਜਾਬ ਦੇ ਦਰਿਆਵਾਂ ਦੀ ਖੁਰ ਰਹੀ ਪਛਾਣ ਨੂੰ ਬਹਾਲ ਕਰਵਾਉਣ ਵਿੱਚ ਸੰਤ ਸੀਚੇਵਾਲ ਦੀ ਵੱਡੀ ਭੂਮਿਕਾ

## ਪੰਜਾਬੀ ਦੇ ਗਾਇਕ ਨੇ ਪਵਿੱਤਰ ਵੇਈਂ ਤੇ ਸਤਲੁਜ ਦਰਿਆ ਦਾ ਕੀਤਾ ਦੌਰਾ







**ਪਾਲ ਸਿੰਘ ਨੌਲੀ**

**ਜਲੰਧਰ–** ਲੋਕ ਗਾਇਕ ਪੰਮੀ ਬਾਈ ਨੇ ਪਵਿੱਤਰ ਵੇਈਂ ਤੇ ਗਿੱਦੜਪਿੰਡ ਨੇੜੇ ਸਤਲੁਜ ਦਰਿਆ !ਤੇ ਚੱਲ ਰਹੀ ਕਾਰ ਸੇਵਾ ਦੌਰਾਨ ਕਿਹਾ ਕਿ ਪੰਜਾਬ ਵਿੱਚ ਰੁੱਖਾਂ ਤੇ ਮਨੁੱਖਾਂ ਸੰਭਾਲ ਲਈ ਵਾਤਾਵਰਣ ਪੈਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੀ ਵੱਡੀ ਭੂਮਿਕਾ ਹੈ।

ਉਹ ਅੱਜ ਸੈਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪੈਰਾਪਤ ਪਵਿੱਤਰ ਵੇਈਂ ਦੇ ਦਰਸ਼ਨ ਕਰਨ ਲਈ ਉਚੇਚੇ ਤੌਰ 'ਤੇ ਆਏ ਹੋਏ ਸਨ।ਸਤਲੁਜ ਦਰਿਆ ਵਿੱਚ ਗਿੱਦੜਪਿੰਡੀ ਪੁੱਲਾਂ ਹੇਠੋਂ ਬਰਸਾਤਾਂ ਤੋਂ ਪਹਿਲਾਂ ਮਿੱਟੀ ਕੱਢਣ ਦੀ ਚੱਲ ਰਹੀ ਕਾਰ ਸੇਵਾ ਦੌਰਾਨ ਗਾਇਕ ਪੰਮੀ ਬਾਈ ਨੇ ਸੰਤ ਸੀਚੇਵਾਲ ਨਾਲ ਮੁਲਾਕਾਤ ਕੀਤੀ। ਉਹਨਾਂ ਨੇ ਸੰਤ ਸੀਚੇਵਾਲ ਵੱਲੋਂ ਪੰਜਾਬ ਵਿੱਚ ਗੰਦੇ ਪਾਣੀਆਂ ਵਿਰੁੱਧ ਛੇੜੀ ਗਈ ਜੰਗ ਦੀ ਪੈਰਸੰਸ਼ਾ ਕਰਦਿਆ ਕਿਹਾ ਕਿ ਸੂਬੇ ਦੀਆਂ ਨਦੀਆਂ ਤੇ ਦਰਿਆ ਅੱਜ ਪਲੀਤ ਹੋ ਚੁੱਕੇ ਹਨ ਜਿਸ ਨਾਲ ਲੋਕਾਂ ਦੀ ਸਿਹਤ !ਤੇ ਮਾੜਾ ਪੈਰਭਾਵ ਪਿਆ ਹੈ। ਨਦੀਆਂ ਦਰਿਆਂਵਾਂ ਵਿੱਚ ਪੈ ਰਹੀ ਗੰਦੀ ਨੂੰ ਰੋਕਣ ਲਈ ਸੰਤ ਸੀਚੇਵਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਦਰ ਵੀ ਅਵਾਜ਼ ਚੁੱਕ ਰਹੇ ਹਨ ਤੇ ਬਾਹਰ ਧਰਾਤਲ !ਤੇ ਵੀ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਹਨਾਂ ਕਿਹਾ ਲੁਧਿਆਣੇ ਦਾ ਦਰਿਆ ਹੁਣ ਬੁੱਢੇ ਨਾਲੇ ਕਰਕੇ ਜਾਣਿਆ ਜਾਂਦਾ ਹੈ। ਇਸ ਦੇ ਪਲੀਤ ਪਾਣੀ ਨਾਲ ਮਾਲਵਾ ਤੇ ਰਾਜਸਥਾਨ ਦੇ ਇਲਾਕੇ ਵਿੱਚ ਕੈਂਸਰ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ।

ਪੰਜਾਬ ਦੀਆਂ ਨਦੀਆਂ ਤੇ ਦਰਿਆਵਾਂ ਦੀ ਖੁਰ ਰਹੀ ਪਛਾਣ ਅਤੇ ਵਿਰਾਸਤ ਨੂੰ ਬਚਾਉਣ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਜੇ ਆਪਣੇ ਜੀਵਨ ਦੇ ਦੋ ਦਹਾਕੇ ਲਾ ਦਿੱਤੇ ਹਨ ਤੇ ਬਾਕੀ ਜਿੰਦਗੀ ਵੀ ਸੇਵਾ ਲਈ ਸਮਰਪਿਤ ਕੀਤੀ ਹੋਈ ਹੈ। ਪਵਿੱਤਰ ਵੇਈਂ ਦੀ ਕਾਰ ਸੇਵਾ ਦੇਖਣ ਲਈ ਦੇਸ਼ ਦੇ ਰਾਸ਼ਟਰਪਤੀ ਹੁੰਦਿਆ ਹੋਇਆ ਡਾ: ਕਲਾਮ ਦਾ ਆਉਣਾ ਆਪਣੇ ਆਪ ਵਿੱਚ ਹੀ ਪੰਜਾਬ !ਤੇ ਪੰਜਾਬੀਆਂ ਲਈ ਵੱਡੇ ਮਾਣ ਤੇ ਫਖ਼ਰ ਵਾਲੀ ਗੱਲ ਸੀ। ਉਹਨਾਂ ਕਿਹਾ ਕਿ ਵਾਤਾਵਰਣ ਦੀਆਂ ਕੌਮਾਂਤਰੀ ਕਾਨਫਰੰਸਾਂ ਵਿੱਚ ਬਾਬੇ ਨਾਨਕ ਦੀ ਵੇਈਂ ਦੀ ਚਰਚਾ ਮੁੜ ਏਸੇ ਕਰਕੇ ਹੋਈ ਹੈ ਕਿ ਇਸ ਨੂੰ ਕਾਰ ਸੇਵਾ ਰਾਹੀ ਨਿਰਮਲ ਬਣਾ ਦਿੱਤਾ ਗਿਆ ਹੈ। ।ਪੰਮੀ ਬਾਈ ਨੇ ਕਿਹਾ ਕਿ ਸੰਤ ਸੀਚੇਵਾਲ ਨੇ 21 ਸਾਲ ਵਿੱਚ ਦਿਨ ਰਾਤ ਇੱਕ ਕਰਕੇ ਬਾਬੇ ਨਾਨਕ ਦੀ ਪਵਿੱਤਰ ਵੇਈ ਨੂੰ ਸੁੰਦਰ ਬਣਾਇਆ ਹੈ। ਇਸੇ ਲਈ ਉਹ ਇਸ ਇਤਿਹਾਸਿਕ ਕਾਰਜਾਂ ਨੂੰ ਸਿਜਦਾ ਕਰਨ ਲਈ ਆਇਆ ਹਨ। ਪਵਿੱਤਰ ਵੇਈਂ ਦੇ ਦਰਸ਼ਨਾਂ ਤੋਂ ਬਾਅਦ ਉਹਨਾਂ ਸਤਲੁਜ ਦਰਿਆ ਦੀ ਚੱਲ ਰਹੀ ਸੇਵਾ ਦੌਰਾਨ ਗਿੱਦੜਪਿੰਡੀ ਪੁੱਲ !ਤੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪੰਮੀ ਬਾਈ ਦਾ ਸੇਵਾਦਾਰ ਗੁਰਵਿੰਦਰ ਸਿੰਘ ਬੋਪਾਰਾਏ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਗਾਇਕ ਦਵਿੰਦਰ ਦਇਆਲਪੁਰੀ, ਯੋਗੇਸ਼ ਕੁਮਾਰ, ਮਨੋਜ ਸ਼ਰਮਾ ਅਤੇ ਉਨੈਹਾਂ ਦੀ ਟੀਮ ਦੇ ਮੈਂਬਰ ਹਾਜਰ ਸਨ।







ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ ਦੇ 25 ਸਾਲ ਪ੍ਰਧਾਨ ਰਹੇ ਅਤੇ ਕਰੀਬ 15 ਸਾਲ ਤੋਂ ਚੇਅਰਮੈਨ ਦੀ ਸੇਵਾ ਨਿਭਾਅ ਰਹੇ 108 ਸੰਤ ਸਰਵਣ ਦਾਸ ਜੀ ਬੋਹਣ ਨੂੰ ਕੌਮ ਲਈ ਕੀਤੀਆਂ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕਰਦੇ ਸੁਸਾਇਟੀ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੋੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸ਼ੇਖੇ, ਸੀਨੀ ਮੀਤ ਪ੍ਰਧਾਨ ਸੰਤ ਸਰਵਣ ਦਾਸ ਲੁਧਿਆਣਾ,ਸੰਤ ਬਲਵੰਤ ਦਾਸ ਡੀਗਰੀਆਂ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਂਉਡੇਸ਼ਨ ਭਾਰਤ ਤੇ ਹੋਰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂ।











ਜਿਲਾ ਕਪੂਰਥਲਾ ਦੇ ਪਿੰਡ ਨਵਾਂ ਪਿੰਡ ਭੱਠੇ ਤਿੰਨ ਰਤਨ ਮਿਸ਼ਨ ਧਿਆਨ ਕੇਂਦਰ ਵਿਖੇ ਬਹੁਜਨ ਕ੍ਰਾਂਤੀ ਮੋਰਚਾ ਦੇ ਬੈਨਰ ਹੇਠ ਯੁੱਗ ਪੁਰਸ਼ ਮਹਾਂਮਾਨਵ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।

Pictures and caption by Kushal Kumar



# ਬਹੁਜਨ ਸਮਾਜ ਪਾਰਟੀ ਦੀ ਮਹਾਂ ਰੈਲੀ ਦੀ ਕਾਮਯਾਬੀ ਲਈ ਵਰਕਰ ਤੇ ਲੀਡਰਸ਼ਿਪ ਦਾ ਧੰਨਵਾਦ - ਜਸਵੀਰ ਸਿੰਘ ਗੜ੍ਹੀ







ਸਤਿਕਾਰਯੋਗ ਸਾਥੀਓ

2 ਅਪ੍ਰੈਲ ਦੀ ਬੇਗਮਪੁਰਾ ਪਾਤਸਾਹੀ ਬਣਾਓ ਮਹਾ ਰੈਲੀ ਜੋ ਕਿ ਸਾਹਿਬ ਕਾਂਸ਼ੀ ਰਾਮ ਜੀ ਦੇ ਜੱਦੀ ਪਿੰਡ ਖ਼ੁਵਾਸਪੁਰਾ ਰੋਪੜ ਵਿਖੇ ਹੋਈ, ਓਸ ਰੈਲੀ ਦੀ ਕਾਮਯਾਬੀ ਵਿੱਚ ਸਮੁੱਚੀ ਸੂਬਾ ਕਮੇਟੀ, ਜੋਨ, ਜਿਲਾ ਕਮੇਟੀ, ਵਿਧਾਨ ਸਭਾ, ਸੈਕਟਰ ਅਤੇ ਬੂਥ ਕਮੇ-ਟੀਆਂ ਦੀ ਸਤਿਕਾਰਯੋਗ ਲੀਡਰਸ਼ਿਪ ਦਾ ਕੋਟਨ ਕੋਟ ਧੰਨਵਾਦ ਹੈ ਉਥੇ ਬਸਪਾ ਸਮਰਥਕਾਂ ਦਾ ਵੀ ਦਿਲੋਂ ਮਸ਼ਕੂਰ ਹਾਂ। ਪੰਜਾਬ ਦੀ ਸਮੁੱਚੀ ਸਤਿਕਾਰਯੋਗ ਲੀਡਰਸ਼ਿਪ, ਬਹੁਜਨ ਵਲੰਟੀਅਰ ਫੋਰਸ, ਬਾਮਸੇਫ਼, ਵਰਕਰ ਸਾਹਿਬਾਨ ਤੇ ਬਸਪਾ ਸਮਰਥਕਾਂ ਨੇ ਅਜਿਹੀ ਘਾਲਣਾ ਘਾਲੀ ਹੈ ਕਿ 2 ਅਪ੍ਰੈਲ ਦੀ ਮਹਾ ਰੈਲੀ ਨੇ ਪੰਜਾਬ ਬਸਪਾ ਦੇ ਇਤਿਹਾਸ ਵਿੱਚ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਇਤਿਹਾਸ ਸਿਰਜ ਦਿੱਤਾ ਹੈ ਜਿਸ ਵਿਚ ਵਿਸ਼ੇਸ਼ ਯੋਗਦਾਨ ਬਹੁਜਨ ਸਮਾਜ ਦੇ ਵਿਦੇਸ਼ਾਂ ਵਿੱਚ ਬੈਠੇ ਭਾਈਚਾਰੇ ਦਾ ਵੀ ਬਹੁਤ ਜਿਆਦਾ ਹੈ, ਮੈਂ ਸਮੁੱਚੀ ਬਸਪਾ ਪੰਜਾਬ ਵਲੋਂ ਬਸਪਾ ਸਮਰਥਕਾਂ ਦਾ ਵੀ ਓਹਨਾਂ ਦੇ ਚਰਨਾਂ ਵਿੱਚ ਸੀਸ ਨਿਭਾ ਕੇ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਮੇਰੇ ਵਰਗੇ ਨਿਮਾਣੇ ਜਿਹੇ ਵਰਕਰ ਨੂੰ ਇੱਡਾ ਮਾਣ ਬਖਸ਼ਿਆ ਹੈ।

ਸਤਿਕਾਰਯੋਗ ਸਾਥੀਓ,

ਇਕ ਸੁਨੇਹਾ ਵੀ ਹੈ, 2022 ਲਈ ਸਾਡੇ ਕੋਲ ਸਮਾਂ ਬਹੁਤ ਥੋੜਾ ਹੈ। ਸਾਡੇ ਲਈ ਆਰਾਮ ਹਰਾਮ ਹੋਣਾ ਚਾਹੀਦਾ ਹੈ। ਅਸੀਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਟੀਮ ਦੇ ਹਾਂ ਅਤੇ ਅਸੀਂ ਭੀਮ ਦੇ ਬੱਚੇ ਹੈ, ਯਾਦ ਕਰੋ ਸਾਹਿਬ ਕਾਂਸ਼ੀ ਰਾਮ ਜੀ ਦਾ ਦਿੱਤਾ ਨਾਹਰਾ ਬੱਚਾ ਬੱਚਾ ਭੀਮ ਦਾ ਕਾਂਸ਼ੀ ਰਾਮ ਦੀ ਟੀਮ ਦਾ। ਸੋ ਸਾਥੀਓ ਆਰਾਮ ਨਹੀਂ, ਅੱਜ ਤੋਂ ਜ਼ਰੂਰੀ ਨਿਰਦੇਸ਼ਾਂ ਤੇ ਕੰਮ ਕਰਨਾ ਸ਼ੁਰੂ ਕਰ ਦਿਓ ਜੀ -

1. ਜਿਨ੍ਹਾਂ ਪਿੰਡਾ ਵਿੱਚੋ ਗੱਡੀਆਂ ਗਈਆਂ, ਤੁਰੰਤ ਅੱਜ ਹੀ ਲਿਸਟਾਂ ਬਣਾਓ, ਆਪਣੀਆਂ ਡਾਇਰੀਆਂ ਤੇ ਰਿਕਾਰਡ ਮੈਂਟੇਨ ਕਰੋ। ਅੱਜ ਜਿਲ੍ਹਾ ਪ੍ਰਧਾਨ ਇਹ ਰਿਪੋਰਟ ਕਲੈਕਟ ਕਰਨਾ ਅਤੇ ਰਿਪੋਰਟ ਜਮਾਂ ਕਰਾਉਣ।

2. ਜਿਨ੍ਹਾਂ ਪਿੰਡਾ ਵਿੱਚੋ ਗੱਡੀਆਂ ਗਈਆਂ, ਉਥੇ ਤੁਰੰਤ ਬੂਥ ਕਮੇਟੀ ਬਣਾ ਕੇ, ਆਪਣੀ ਵਿਧਾਨ ਸਭਾ ਦਾ ਬੂਥ ਕਮੇਟੀ ਰਜਿਸਟਰ ਬਣਾਉਣ।

3. ਸੈਕਟਰ ਕਮੇਟੀਆਂ ਦਾ ਰਜਿਸਟਰ ਤੇ ਫੋਲਡਰ ਮੈਂਟੇਨ ਕਰੋ ਜੀ , ਇਹ 11 ਅਪ੍ਰੈਲ ਮਹਾਤਮਾ ਜੋਤੀ ਰਾਓ ਫੂਲੇ ਦੇ ਜਨਮ ਦਿਨ ਮੌਕੇ ਜਮਾਂ ਕਰਵਾਇਆ ਜਾਵੇਗਾ। ਇਸ ਲਈ ਤੁਰੰਤ ਪੰਜਾਬ ਸੂਬਾ ਦਫ਼ਤਰ ਵਲੋਂ ਲੀਡਰਸ਼ਿਪ ਲਈ ਜਿਲ੍ਹਾ ਮੀਟਿੰਗਾਂ ਦੀ ਤਾਰੀਖਾਂ ਦਿੱਤੀਆਂ ਜਾ ਰਹੀਆਂ ਹਨ।

3. ਸਭ ਤੋਂ ਅਹਿਮ ਪ੍ਰੋਗਰਾਮ ਬਹੁਜਨ ਸਮਾਜ ਬਣਾਉਣ ਦਾ ਹੈ, ਜਿਸ ਲਈ ਸਾਰੀਆਂ ਵਿਧਾਨ ਸਭਾ ਕਮੇਟੀਆਂ 21 21 ਮੈਂਬਰੀ ਪਛੜੀਆਂ ਸ਼੍ਰੇਣੀਆਂ ਓਬੀਸੀ ਦੀਆਂ ਕਮੇਟੀਆਂ ਬਣਾਉਣ। ਤਾਂ ਕਿ ਪੰਜਾਬ ਦੀ ਹਰ ਵਿਧਾਨ ਸਭਾ ਵਿਚ ਪਛੜੇ ਵਰਗਾਂ ਦੇ ਸੰਮੇਲਨ ਕੀਤੇ ਜਾ ਸਕਣ। ਓਹਨਾਂ ਓਬੀਸੀ ਜਮਾਤਾਂ ਨੂੰ ਪਾਰਟੀ ਨਾਲ ਜੋੜਨ ਲਈ ਦਾ ਸਮੁੱਚੀ ਲੀਡਰਸ਼ਿਪ ਅਤੇ ਸਤਿਕਾਰਯੋਗ ਵਰਕਰ ਸਾਹਿਬਾਨਾਂ ਨੂੰ ਅਪੀਲ ਹੈ ਕਿ ਆਪਣੇ ਆਪਣੇ ਲਿੰਕ ਦੇ ਪਛੜੇ ਵਰਗਾਂ ਦੇ ਪਰਿਵਾਰਾਂ ਨਾਲ ਤੁਰੰਤ ਰਾਬਤਾ ਬਣਾਉਣ ਅਤੇ ਪਾਰਟੀ ਨੀਤੀਆਂ, ਮੰਡਲ ਕਮਿਸ਼ਨ ਉਪਰ ਚਰਚਾ ਕਰਨ।

ਆਖਰ ਵਿੱਚ, 2022 ਦਾ ਟੀਚਾ ਪ੍ਰਾਪਤ ਕਰਨ ਲਈ ਬਹੁਤ ਕੰਮ ਕਰਨਾ ਬਾਕੀ ਹੈ, ਹਾਂਲੀ ਗੋਹਲੇ ਵਿੱਚ ਇਕ ਪੂਣੀ ਕੱਤੀ ਹੈ, ਅਵੇਸਲੇ ਹੋਣਾ ਆਰਾਮ ਕਰਨਾ ਸਾਡੇ ਸਬਦਕੋਸ਼ ਵਿਚ ਨਹੀਂ ਹੈ।

ਮੈਨੂੰ ਆਪ ਸਭ ਤੇ ਅੰਨਾਂ ਭਰੋਸਾ ਹੈ, ਮੈ ਆਪ ਸਭ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦਾ ਹਾਂ। ਮੇਰੇ ਲਈ ਤੁਸੀਂ ਸਾਰੇ ਇੱਕੋ ਜਿਹੇ ਹੋ। ਤੁਸੀਂ ਡਟਕੇ ਹੋਰ ਤੇਜ਼ੀ ਨਾਲ ਕੰਮ ਕਰੋ। ਸਾਡੀ ਸਾਰਿਆਂ ਦੀ ਕੀਤੀ ਸਖ਼ਤ ਮਿਹਨਤ ਰੰਗ ਜਰੂਰ ਲਿਆਏਗੀ।







ਬਸਪਾ ਪੰਜਾਬ ਪੈਰਧਾਨ ਸਰਦਾਰ ਜਸਵੀਰ ਸਿੰਘ ਗੜੀ ਜੀ ਦਮੜੀ ਯਾਤਰਾ ਵਿਚ ਹਿੱਸਾ ਲੈਣ ਹਰਿਦਵਾਰ ਪੁੱਜੇ। ਓਹਨਾ ਦੇ ਨਾਲ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ ਅਤੇ ਸ਼ੈਰੀ ਗੁਰਲਾਲ ਸੈਲਾ ਜੀ ਹਨ। ਦਸਿਆ ਗਿਆ ਕਿ ਕਲ 2 ਅਪਰੈਲ ਨੂੰ ਰੈਲੀ ਦੀ ਸਮਾਪਤੀ ਤੋਂ ਬਾਅਦ ਦੇਰ ਰਾਤ ਤਕ ਰੈਲੀ ਦੇ ਹਿਸਾਬ ਕਿਤਾਬ ਸਮੇਟਣ ਤੋਂ ਬਾਅਦ ਪੰਜਾਬ ਪੈਰਧਾਨ ਜੀ ਆਪਣੀ ਗੱਡੀ ਹਰਿਦਵਾਰ ਦੇ ਚਾਲੇ ਪਾ ਦਿੱਤੀ, ਜਿੱਥੇ ਪੰਜਾਬ ਦੇ ਸੰਤ ਸਮਾਜ ਨੇ ਸ਼ੈਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਸਾਲਾਨਾ ਦੀ ਤਰੈਹਾ ਦਮੜੀ ਯਾਤਰਾ ਦਾ ਆਯੋਜਨ ਕੀਤਾ ਸੀ। ਗੱਡੀ ਦੇ 6 ਘੰਟੇ ਦੇ ਸਫ਼ਰ ਤੋਂ ਬਾਅਦ ਪੰਜਾਬ ਪੈਰਧਾਨ ਸ ਗੜੀ ਜੀ ਅੱਧੀ ਰਾਤ ਤੋਂ ਬਾਅਦ ਹਰਿਦਵਾਰ ਪੁੱਜ ਚੁੱਕੇ ਸਨ।

ਜਿੱਥੇ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਸੰਤ ਸ਼੍ਰੀ ਨਿਰਮਲ ਦਾਸ ਬਾਬਾ ਜੌੜਾ ਜੀ ਦੀ ਅਗਵਾਈ ਵਿੱਚ ਸੰਗਤਾਂ ਨਾਲ ਚਾਰ ਕਿਲੋਮੀਟਰ ਲੰਬੀ ਯਾਤਰਾ ਸੰਤ ਸਮਾਜ ਅਤੇ ਸੰਗਤਾਂ ਦਾ ਅਸ਼ੀਰਵਾਦ ਲੈਣ ਲਈ ਕਰ ਰਹੇ ਹਨ ਤਾਂਕਿ ਪੰਜਾਬ ਵਿੱਚ ਬੇਗਮਪੁਰਾ ਵਸਾਉਣ ਲਈ ਪਾਤਸਾਹੀ ਬਣਾਈ ਜਾ ਸਕੇ। ਇਸ ਮੌਕੇ ਸੰਤ ਸਰਵਣ ਦਾਸ ਸਲੇਮ ਟਾਬਰੀ, ਸੰਤ ਸੁਰਿਦਰ ਦਾਸ ਖੁਰਾਲਗੜ ਸਾਹਿਬ, ਸੰਤ ਪਰਸ਼ੋਤਮ ਦਾਸ ਚਕ ਹਕੀਮ, ਸੰਤ ਸੀਤਲ ਦਾਸ ਬੋਹਣ ਪੱਟੀ, ਸੰਤ ਕਿਰਪਾਲ ਦਾਸ ਭਾਰਟਾ ਗਣੇਸ਼ਵਰ, ਸੰਤ ਇੰਦਰ ਦਾਸ, ਸੰਤ ਗੁਰਮੀਤ ਦਾਸ, ਸੰਤ ਓਮ ਪੈਰਕਾਸ਼, ਭੈਣ ਸੰਤੋਸ਼ ਜੀ ਵਿਸ਼ਾਲ ਸੰਗਤਾਂ ਦਾ ਜਨਸਮੂਹ ਨਾਲ ਚਲ ਰਿਹਾ ਹੈ।

# ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਦਾ ਗੋਲਡ ਮੈਡਲ ਨਾਲ ਸਨਮਾਨ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਆਪਣੀ ਸੁਰੀਲੀ ਅਵਾਜ ਰਾਂਹੀ ਆਪਣੇ ਸਮਾਜ ਦੇ ਲੋਕਾਂ ਦੇ ਘਰਾਂ ਤੱਕ ਮਿਸ਼ਨਰੀ ਗੀਤਾਂ ਨਾਲ ਪਹੁੰਚਾਉਣ ਵਾਲੀ ਛੋਟੀ ਉਮਰ ਚ ਵੱਡੀਆਂ ਪੁਲਾਂਘਾ ਪੁੱਟਣ ਵਾਲੀ ਬੁਲੰਦ ਅਵਾਜ ਦੀ ਸੁਰੀਲੀ ਗਾਇਕਾ ਪ੍ਰੀਆ ਬੰਗਾ ਦੇ ਇਸ ਕਾਰਜ ਤੋਂ ਖੁਸ਼ ਹੋ ਕੇ ਤੇ ਬਹੁਜਨ ਸਮਾਜ ਪਾਰਟੀ ਸੰਸਥਾ ਦੇ ਸਪੋਟਰ ਸਮੂੰਹ ਵਿਰਦੀ ਪਰਿਵਾਰ ਅਤੇ ਬਸਪਾ ਦੀ ਸਮੁੱਚੀ ਲੀਡਰ ਸ਼ਿੱਪ ਵਲੋਂ ਬਸਪਾ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ਤੇ ਬਸਪਾ ਦੇ ਸਾ.ਪ੍ਰਧਾਨ ਰਛਪਾਲ ਰਾਜੂ,ਭਗਵਾਨ ਦਾਸ ਸਿੱਧੂ ਆਦਿ ਵਲੋਂ ਗੋਲਡ ਮੈਡਲ ਦੇ ਕੇ ਵਿਸੇਸ਼ ਸਨਮਾਨ ਕੀਤਾ ਅਤੇ ਗਾਇਕਾ ਪ੍ਰੀਆ ਬੰਗਾ ਨੂੰ ਆਉਣ ਵਾਲੇ ਸਮੇਂ ਵੀ ਇਸ ਤਰਾਂ ਹੀ ਆਪਣੇ ਸਮਾਜ ਦੇ ਭਟਕ ਚੁੱਕੇ ਲੋਕਾਂ ਨੂੰ ਮਿਸ਼ਨ ਨਾਲ ਜੋੜਨ ਦਾ ਯਤਨ ਕਰਨ ਲਈ ਪ੍ਰੇਰਿਤ ਕਰਨ ਲਈ ਆਖਿਆ ਤੇ ਆਖਿਆ ਕਿ ਲੋਕਾਂ ਨੂੰ ਧੀਆਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ ਸਗੋਂ ਅੱਗੇ ਵੱਧਣ ਲਈ ਸਹਿਜੋਗ ਦੇਣਾ ਚਾਹੀਦਾ ਹੈ ਤੇ ਸਾਡੇ ਸਮਾਜ ਲਈ ਬੜੇ ਮਾਣ ਵਾਲੀ ਗੱਲ ਹੈ ਕਿ.ਭੀਮ ਰਾਓ ਜੀ ਦੀ ਬਦੋਲਤ ਸਾਡੀਆਂ ਬੇ-ਟੀਆਂ ਤਰੱਕੀ ਕਰ ਰਹੀਆਂ ਹਨ ਇਸ ਮੋਕੇ ਗਾਇਕਾ ਪ੍ਰੀਆ ਬੰਗਾ ਨੇ ਸਮੂੰਹ ਵਿਰਦੀ ਪਰਿਵਾਰ ਤੇ ਬਸਪਾ ਲੀਡਰ ਸ਼ਿੱਪ ਦਾ ਇਹ ਮਾਨ ਸਨਮਾਨ ਦੇਣ ਲਈ ਧੰਨਵਾਦ ਕੀਤਾ ਪ੍ਰੀਆ ਬੰਗਾ ਨੇ ਆਖਿਆ ਕਿ ਮੇਰੇ ਸਮਾਜ ਦੇ ਲੋਕੋ ਅਜੇ ਵੀ ਸਮਾ ਹੈ ਸਮੇਂ ਦੀ ਨਜਾਕਤ ਨੂੰ ਸਮਝਣ ਦੀ ਲੋੜ ਹੈ ਕਿੰਨਾ ਚਿਰ ਤੁਸੀ ਗੁਲਾਮੀ ਵਾਲੀ ਜਿੰਦਗੀ ਬਸਰ ਕਰਦੇ ਰਹੋਗੇ ਜੋ ਸਾਨੂੰ ਸੰਵਿਧਾਨ ਮੁਤਾਬਕ ਕਾਨੂੰਨ ਹਨਉਨਾਂ ਮੁਤਾਬਕ ਆਪਣੀ ਕੋਮ ਲਈ ਇੱਕ ਜੁੱਟ ਹੋਵੋ ਤੇ ਆਪਣੇ ਸਮਾਜ ਦੇ ਲੋਕਾਂ ਦੀ ਸਰਕਾਰ ਬਣਾਕੇ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਪ੍ਰਫੁੱਲਤ ਕਰਨ ਲਈ ਵੱਧ ਤੋਂ ਵੱਧ ਸਹਿਜੋਗ ਦਿਓ ਤੇ ਸਤਿਗੁਰ ਰਵਿਦਾਸ ਜੀ,ਡਾ.ਭੀਮ ਰਾਓ ਅੰਬੇਡਕਰ ਜੀ,ਬਾਬੂ ਕਾਂਸ਼ੀ ਰਾਮ ਜੀ,ਬਾਬੂ ਮੰਗੂਰਾਮ ਮੁੱਗੋਵਾਲੀਆ ਦਾ ਅਧੂਰੇ ਪਏ ਮਿਸ਼ਨ ਸੀ ਉਸ ਨੂੰ ਪੂਰਾ ਕਰਨ ਦਾ ਸੁਪਨਾ ਸੱਚ ਕਰਨ ਦੀ ਅਪੀਲ ਕੀਤੀ ਗਈ। ਇਸ ਮੋਕੇ ਖੁਸ਼ੀ ਰਾਮ, ਇੰਦਰਜੀਤ ਬੱਧਣ, ਜਗਦੀਸ਼ ਰਾਣਾ, ਸੱਤਪਾਲ ਭਾਰਦਵਾਜ ਮੋਹਣ ਲਾਲ ਭਟੋਆ, ਰਮਨ ਮਾਹੀ,ਰਵੀ ਵਿਰਦੀ. ਅਮਰਜੀਤ ਹਨੀ ਵਿਰਦੀ, ਲਲਿਤ, ਨਰੇਸ਼, ਕਸਤੂਰੀ ਲਾਲ ਆਦਿ ਹਾਜਰ ਸਨ।

# ਕੌਮੀ ਬੈਂਕ ਦੇ ਗਠਨ ਸਬੰਧੀ ਬਿੱਲ ਰਾਜ ਸਭਾ ਵਿਚ ਪਾਸ


ਨਵੀਂ ਦਿੱਲੀ - ਰਾਜ ਸਭਾ ਨੇ ਬੁਨਿਆਦੀ ਢਾਂਚੇ ਤੇ ਵਿਕਾਸ ਲਈ ਫੰਡ ਜੁਟਾਉਣ ਲਈ ਕੌਮੀ ਬੈਂਕ (ਐਨ ਏ ਬੀ ਐਫ ਆਈ ਡੀ) ਦੇ ਗਠਨ ਨਾਲ ਸਬੰਧਤ ਬਿੱਲ ਪਾਸ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਹੈ ਕਿ ਕੌਮੀ ਬੈਂਕ ਸੀ ਬੀ ਆਈ, ਸੀ ਵੀ ਸੀ। ਤੇ ਕੈਗ ਦੇ ਘੇਰੇ 'ਚੋਂ ਬਾਹਰ ਰਹੇਗਾ ਤੇ ਸਰਕਾਰ ਦੀ ਇਸ ਵਿਚ ਹਿੱਸੇਦਾਰੀ 26 ਫੀਸਦ ਜਦੋਂਕਿ 74 ਫੀਸਦ ਨਿੱਜੀ ਖੇਤਰ ਦੀ ਹੋਵੇਗੀ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਿੱਲ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਇਨ੍ਹਾਂ ਤੱਥਾਂ ਦਾ ਖੁਲਾਸਾ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਬੈਂਕ ਨੂੰ ਸਰਕਾਰ ਵੱਲੋਂ ਨਿ-ਯੁਕਤ ਚੇਅਰਮੈਨ ਪੇਸ਼ੇਵਰ ਤਰੀਕੇ ਨਾਲ ਚਲਾਏਗਾ ਜਦੋਂਕਿ ਹੋਰ ਸਾਰੀਆਂ ਨਿਯੁਕਤੀਆਂ ਬੈਂਕਿੰਗ ਬਿਊਰੋ ਬੋਰਡ ਵੱਲੋਂ ਕੀਤੀਆਂ ਜਾਣਗੀਆਂ। ਸਰਕਾਰ ਕੌਮੀ ਬੁਨਿਆਦੀ ਢਾਂਚਾ ਪਾਈਪਲਾਈਨ (ਐਨ ਆਈ ਪੀ) ਤਹਿਤ 7000 ਇਨਫਰਾ (ਬੁਨਿਆਦੀ ਢਾਂਚਾ) ਪ੍ਰੋਜੈਕਟਾਂ ਲਈ ਗ੍ਰਾਂਟ ਵਜੋਂ 5000 ਕਰੋੜ ਰੁਪਏ ਤੇ 20 ਹਜ਼ਾਰ ਕਰੋੜ ਰੁਪਏ ਇਕੁਇਟੀ ਕੈਪੀਟਲ ਵਜੋਂ ਮੁਹੱਈਆ ਕਰਵਾਏਗੀ। ਕੌਮੀ ਬੈਂਕ ਦੇ ਗਠਨ ਬਾਰੇ ਕਾਂਗਰਸ ਦੇ ਜੈਰਾਮ ਰਮੇਸ਼ ਤੇ ਹੋਰਨਾਂ ਵੱਲੋਂ ਜ਼ਾਹਿਰ ਕੀਤੇ ਫਿਕਰਾਂ ਦਾ ਜਵਾਬ ਦਿ-ੰਦਿਆਂ ਵਿੱਤ ਮੰਤਰੀ ਨੇ ਕਿਹਾ, 'ਕੌਮੀ ਬੈਂਕ (ਐਨ ਏ ਬੀ ਐਫ ਆਈ ਡੀ) ਸਾਡੀ ਹੱਦ/ਨਿਗਰਾਨੀ ਤੋਂ ਬਾਹਰ ਨਹੀਂ ਹੋਵੇਗਾ। ਬੈਂਕ ਦੀਆਂ ਆਡਿਟ ਰਿਪੋਰਟਾਂ ਸੰਸਦ ਦੇ ਦੋਵਾਂ ਸਦਨਾਂ ਵਿਚ ਹੀ ਪੇਸ਼ ਕੀਤੀਆਂ ਜਾਣਗੀਆਂ।

ਜਦੋਂ ਕਦੇ ਵੀ ਸਰਕਾਰ ਰਿਪੋਰਟ ਮੰਗੇਗੀ, ਬੈਂਕ ਅਜਿਹਾ ਕਰਨ ਲਈ ਪ੍ਰਤੀਬੱਧ ਹੋਵੇਗਾ।' ਸੀਤਾਰਾਮਨ ਨੇ ਐਕਟ ਦੀ ਉਸ ਕਲਾਜ ਦਾ ਵੀ ਹਵਾਲਾ ਦਿੱਤਾ, ਜਿਸ ਤਹਿਤ ਸੰਸਥਾ ਨੂੰ ਆਪਣਾ ਵਿੱਤੀ ਸਾਲ ਖਤਮ ਹੋਣ ਦੇ ਚਾਰ ਮਹੀਨਿਆਂ ਅੰਦਰ ਕੇਂਦਰ ਤੇ ਆਰ ਬੀ ਆਈ ਨੂੰ ਆਪਣੀ ਬੈਲੰਸ ਸ਼ੀਟ, ਖਾਤਿਆਂ ਤੇ ਆਡਿਟਰ ਦੀ ਰਿਪੋਰਟ ਜਮ੍ਹਾਂ ਕਰਵਾਉਣੀ ਹੋਵੇਗੀ। ਬਹਿਸ ਦਾ ਜਵਾਬ ਦਿੰਦਿਆਂ ਸੀਤਾਰਾਮਨ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਬਿੱਲ ਅਜਿਹੀ ਕੋਈ ਵਿਵਸਥਾ/ਪ੍ਰਬੰਧ ਨਹੀਂ ਹੈ ਕਿ ਕੌਮੀ ਬੈਂਕ ਸਿਰਫ ਸਿੱਧੇ ਵਿਦੇਸ਼ ਨਿਵੇਸ਼ (ਐਫ ਡੀ ਆਈ।) 'ਤੇ ਟੇਕ ਰੱਖੇਗਾ।

ਭਾਰਤੀ ਬੁਨਿਆਦੀ ਢਾਂਚੇ ਨਾਲ ਜੁੜੇ ਪ੍ਰੋਜੈਕਟਾਂ ਨੂੰ ਭਾਰਤੀ ਨਿਵੇਸ਼ਕਾਂ ਤੋਂ ਵਧੇਰੇ ਫੰਡ ਮਿਲਣਗੇ। ਉਨ੍ਹਾਂ ਕਿਹਾ ਕਿ ਬੈਂਕ ਅਜਿਹਾ ਵਾਤਾਵਰਨਕ ਪ੍ਰਬੰਧ ਸਿਰਜਣ ਦੀ ਕੋਸ਼ਿਸ਼ ਕਰਨਗੇ, ਜੋ ਬੌਂਡ ਮਾਰਕੀਟ ਨੂੰ ਪੱਕੇ ਪੈਰੀਂ ਕਰੇਗਾ।

# ਕਾਨੂੰਨ ਅਤੇ ਖੇਤੀ ਅਰਥਚਾਰੇ ਦਾ ਭਵਿੱਖ



**ਡਾ. ਸੁਖਪਾਲ ਸਿੰਘ**
**ਸੀਨੀਅਰ ਅਰਥ ਸ਼ਾਸਤਰੀ (ਖੇਤੀ ਮੰਡੀਕਰਨ), ਪੀ.ਏ.ਯੂ. ਲੁਧਿਆਣਾ।**
**98760-63523**

ਜੀ ਹਾਂ, ਕੇਂਦਰ ਸਰਕਾਰ ਨੇ ਖੇਤੀ ਸੈਕਟਰ ਵਿਚ ਇਕ ਇਤਿਹਾਸਕ ਕਦਮ ਚੁੱਕਿਆ ਹੈ। ਇਹ ਬਿਲਕੁਲ ਇਤਿਹਾਸਕ ਹੋ ਨਿਬੜੇਗਾ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਇਤਿਹਾਸ ਕਕਦਮ ਨੂੰ ਲਿਖਿਆ ਸੁਨਹਿਰੀ ਅੱਖਰਾਂ ਵਿਚ ਜਾਵੇਗਾ ਜਾਂ ਕਾਲਿਆਂ ’ਚ। ਸਰਕਾਰ ਅਨੁਸਾਰ ਖੇਤੀ ਸੈਕਟਰ ’ਚ ਤਿੰਨ ਆਰਡੀਨੈਂਸ (ਹੁਣ ਕਾਨੂੰਨ) ਲਿਆ ਕੇ ਕੀਤੇ ਵੱਡੇ ਸੁਧਾਰਾਂ ਰਾਹੀਂ ਕਿਸਾਨੀ ਦਾ ਪਾਰ-ਉਤਾਰਾ ਹੋ ਜਾਵੇਗਾ। ਪਹਿਲਾ ਆਰਡੀਨੈਂਸ 'ਜ਼ਰੂਰੀ ਵਸਤਾਂ ਸੋਧ ਆਰਡੀਨੈਂਸ-2020 ਹੈ ਜਿਸ ਦੇ ਦੱਸੇ ਮੰਤਵ ਅਨੁਸਾਰ ਖੇਤੀਬਾੜੀ ਸੈਕਟਰ ਵਿਚ ਮੁਕਾਬਲੇਬਾਜੀ ਵਧਾਉਣਾ, ਕਿਸਾਨੀ ਦੀ ਆਮਦਨ ਵਿਚ ਵਾਧਾ ਕਰਨਾ ਅਤੇ ਖਪਤਕਾਰਾਂ ਦੇ ਹਿੱਤਾਂ ਦੇ ਨਾਲ-ਨਾਲ ਰੈਗੂਲੇਟਰੀ ਸਿਸਟਮ ਦਾ ਉਦਾਰੀਕਰਨ ਕਰਨਾ ਹੈ। ਦੂਜਾ ਆਰਡੀਨੈਂਸ 'ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਆਰਡੀਨੈਂਸ-2020’ ਹੈ ਜਿਸਦਾ ਦੱਸਿਆ ਗਿਆ ਉਦੇਸ਼ ਹੈ ਕਿ ਕਿਸਾਨ ਆਪਣੀ ਫ਼ਸਲੀ ਉਪਜ ਦੀ ਵੇਚ ਸਬੰਧੀ ਸੁਤੰਤਰ ਚੋਣ ਕਰ ਸਕੇਗਾ ਜਿਸ ਨਾਲ ਵਪਾਰ ਵਿਚ ਮੁਕਾ-ਬਲੇਬਾਜੀ ਹੋਵੇਗੀ ਅਤੇ ਉਸਨੂੰ ਬਦਲਵੇਂ ਮੰਡੀ-ਚੈਨਲਾਂ ਰਾਹੀਂ ਵੱਧ ਭਾਅ ਮਿਲ ਸਕਣਗੇ। ਤੀਸਰੇ ਆਰਡੀਨੈਂਸ' ਕੀਮਤ ਗਰੰਟੀ ਅਤੇ ਖੇਤੀ ਸੇਵਾਵਾਂ ਸਬੰਧੀ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ-2020’ ਦਾ ਦੱਸਿਆ ਗਿਆ ਉਦੇਸ਼ ਖੇਤੀ ਵਿਚ ਰਾਸਟਰੀ ਪੱਧਰ ਦਾ ਸਿਸਟਮ ਮਹੱਈਆ ਕਰਵ-ਾਉਣਾ ਹੈ ਜਿਸ ਰਾਹੀਂ ਕਿਸਾਨਾਂ ਨੂੰ ਤਾਕਤਵਰ ਬਣਾਉਣਾ ਹੈ ਤਾਂ ਕਿ ਉਹ ਕਾਰੋਬਾਰੀ ਫਰਮਾਂ, ਪ੍ਰੋਸੈਸਰਾਂ, ਥੋਕ ਵਪਾਰੀਆਂ, ਨਿ-ਰਯਾਤਕਾਰਾਂ ਅਤੇ ਖੇਤੀ ਸੇਵਾਵਾਂ ਨਾਲ ਟਾਕਰਾ ਲੈ ਸਕਣ। ਪਰ ਅਸਲ ਵਿਚ ਪਹਿਲੇ ਆਰਡੀਨੈਂਸ ਰਾਹੀਂ ਜ਼ਖੀਰੇਬਾਜੀ ਵਧੇਗੀ ਅਤੇ ਉਪਭੋਗੀਆਂ ਨੂੰ ਚੀਜਾਂ ਮਹਿੰਗੀਆਂ ਮਿਲਣਗੀਆਂ। ਦੂਸਰੇ ਆਰਡੀਨੈਂਸਾਂ ਰਾਹੀਂ ਭਾਵੇਂ ਇਹ ਕਿਹਾ ਜਾ ਰਿਹਾ ਹੈ ਕਿ ਕਿਸਾਨ ਕੋਲ ਆਪਣੀ ਮਰਜ਼ੀ ਅਨੁਸਾਰ ਉਪਜ ਨੂੰ ਕਿਤੇ ਅਤੇ ਕਿਸੇ ਨੂੰ ਵੇਚਣ ਦੀ ਆਜ਼ਾਦੀ ਹੈ। ਪਰ ਅਸਲ ਵਿਚ ਕਿਸਾਨੀ ਕੰਪਨੀਆਂ ਦੇ ਰਹਿਮੋ-ਕਰਮ ’ਤੇ ਹੋ ਜਾਵੇਗੀ। ਖੇਤੀ ਉਤਪਾਦ ਮੰਡੀ ਕਮੇਟੀ (ਏ. ਪੀ. ਐਮ. ਸੀ.) ਐਕਟ ਦੇ ਟੁੱਟਣ ਨਾਲ ਰੈਗੂ-ਲੇਟਿਡ ਮੰਡੀਆਂ ਦਾ ਖਾਤਮਾ ਅਤੇ ਮੰਡੀ ਬੋਰਡ ਨੂੰ ਹੋਣ ਵਾਲੀ ਆਮਦਨ ਬੰਦ ਹੋ ਜਾਵੇਗੀ। ਇਸ ਨਾਲ ਸਰਕਾਰੀ ਆਮਦਨ ਘਟਣ ਕਰਕੇ ਪਿੰਡਾਂ ਨੂੰ ਸ਼ਹਿਰੀ ਮੰਡੀਆਂ ਨਾਲ ਜੋੜਦਾ ਸੜਕੀ-ਜਾਲ ਅਤੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਅੰਤ ਵਿਚ ਸਮੁੱਚੇ ਪੇਂਡੂ ਵਿਕਾਸ ’ਤੇ ਗਹਿਰੀ ਸੱਟ ਵੱਜੇਗੀ। ਇਨ੍ਹਾਂ ਆਰਡੀਨੈਂਸਾਂ ਨਾਲ ਕਿਸਾਨੀ ਦਾ ਵਿਨਾਸ਼ ਹੋਣ ਦੇ ਨਾਲ-ਨਾਲ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਤਾਂ ਛੱਡੋ, ਸਵਿਧਾਨਕ ਤੌਰ ’ਤੇ ਮਿਲੇ ਕੁਝ ਹੱਕਾਂ ਤੇ ਡਾਕਾ ਪੈਣ ਦੇ ਵੀ ਖ਼ਦਸ਼ੇ ਹਨ।

ਅਸਲ ਵਿਚ ਇਨ੍ਹਾਂ ਆਰਡੀਨੈਂਸਾਂ ਨੂੰ ਲਿਆਉਣ ਦੀ ਲੋੜ ਇਸ ਕਰਕੇ ਪਈ ਕਿ ਦੇਸ਼ ਵਿਚ ਇਹ ਵਕਾਲਤ ਲੰਬੇ ਅਰਸੇ ਤੋਂ ਚੱਲ ਰਹੀ ਹੈ ਕਿ ਲੋਕਾਂ ਦੀ ਵੱਡੀ ਗਿਣਤੀ ਨੂੰ ਖੇਤੀ ਵਿਚੋਂ ਕੱਢਕੇ ਸ਼ਹਿਰਾਂ ਵਿਚ ਲਿਜਾਣ ਨਾਲ ਹੀ ਦੇਸ਼ ਦਾ ਵਿਕਾਸ ਸੰਭਵ ਹੈ। ਇਸਦਾ ਛੁਪਿਆ ਮੰਤਵ ਇਹ ਹੈ ਕਿ ਖੇਤੀ ਨੂੰ ਵੱਡੀਆਂ ਕੰਪਨੀਆਂ ਦੇ ਹੱਥਾਂ ਵਿਚ ਸੌਂਪਿਆ ਜਾਵੇ ਅਤੇ ਇਹ ਕੰਪਨੀਆਂ ਪ੍ਰੋਸੈਸਿੰਗ, ਨਿਰਯਾਤ ਅਤੇ ਵਾਅਦਾ ਵਪਾਰ ਕਰ ਸਕਣ।ਇਨ੍ਹਾਂ ਆਰਡੀਨੈਂਸਾਂ ਰਾਹੀਂ ਖੇਤੀ ਮੰਡੀਕਰਨ ਨਾਲ ਸਬੰਧਤ ਸੰਸਥਾਵਾਂ ਜਿਵੇਂ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀ. ਏ. ਸੀ. ਪੀ.), ਭਾਰਤੀ ਖਾਧ ਕਾਰਪੋਰੇਸ਼ਨ (ਐਫ. ਸੀ. ਆਈ.) ਅਤੇ ਰਾਜ ਮੰਡੀ ਬੋਰਡਾਂ ਦਾ ਭੋਗ ਪੈ ਜਾਵੇਗਾ। ਸਭ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਇਹ ਸੰਸਥਾਵਾਂ ਹੋਂਦ ਵਿਚ ਕਿਉਂ ਆਈਆਂ ਸਨ। ਹਰੀ ਕ੍ਰਾਂਤੀ ਦੇ ਮਾਡਲ ਨਾਲ ਖੇਤੀ ਉਪਜ ਵਿਚ ਵਾਧੇ ਕਾਰਨ, ਇਸਦੇ ਮੰਡੀਕਰਨ ਅਤੇ ਭੰਡਾਰਨ ਲਈ ਸੰਸਥਾਗਤ ਅਤੇ ਨੀਤੀਗਤ ਕਦਮ ਚੁੱਕੇ ਗਏ ਸਨ। ਇਸ ਤੋਂ ਪਹਿਲਾਂ ਕਿਸਾਨਾਂ ਅਤੇ ਖਪਤਕਾਰਾਂ ਦੀ ਮੰਡੀ ਵਿਚ ਲੁੱਟ ਹੁੰਦੀ ਸੀ। ਇਸ ਸੰਦਰਭ ਵਿਚ ਹੀ ਉਸ ਸਮੇਂ ਕੇਂਦਰ ਵਿਚ ਸੀ. ਏ. ਸੀ. ਪੀ, ਐਫ. ਸੀ. ਆਈ ਅਤੇ ਰਾਜਾਂ ਵਿਚ ਮੰਡੀ ਬੋਰਡਾਂ ਦੀ ਸਥਾਪਨਾ ਕੀਤੀ ਗਈ ਸੀ। ਜਿਸ ਵਿਚ ਏ. ਪੀ. ਐਮ. ਸੀ.ਐਕਟ ਰਾਹੀਂ ਫ਼ਸਲਾਂ ਦੀ ਖਰੀਦ ਰੈਗੂਲੇਟਿਡ ਮੰਡੀਆਂ ਵਿਚ ਹੋਣ ਲੱਗ ਪਈ। ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀ ਫ਼ਸਲ ਘੱਟੋ-ਘੱਟ ਸਹਾਇਕ ਕੀਮਤ (ਐਮ.ਐਸ.ਪੀ.) ’ਤੇ ਸਰਕਾਰੀ ਅਦਾਰਿਆਂ ਵੱਲੋਂ ਖਰੀਦੀ ਜਾਣ ਲੱਗ ਪਈ। ਇਸੇ ਕਰਕੇ ਇਥੋਂ ਦੇ ਕਿਸਾਨਾਂ ਦੀ ਆਮਦਨ ਬਾਕੀ ਸੂਬਿਆਂ ਨਾਲੋਂ ਵੱਧ ਹੈ।

ਅਸਲ ਵਿਚ ਭਾਰਤੀ ਖੇਤੀ ਉਪਰ ਬਹੁ-ਕੌਮੀ ਕਾਰਪੋਰੇਸ਼ਨਾਂ ਆਪਣੀ ਜਕੜ ਵਧਾਉਣਾ ਚਾਹੁੰਦੀਆਂ ਹਨ। ਇਸੇ ਕਰਕੇ 1990ਵਿਆਂ ’ਚ ਵਿਸ਼ਵੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਰਾਹੀਂ ਸੁਤੰਤਰ ਵਪਾਰ ਉਪਰ ਜ਼ੋਰ ਦਿੱਤਾ ਗਿਆ। ਉਸ ਸਮੇਂ ਤੋਂ ਹੀ ਵਿਸ਼ਵ ਵਪਾਰ ਸੰਸਥਾ ਦੀਆਂ ਵੱਖ-ਵੱਖ ਮੀਟਿੰਗਾਂ ਰਾਹੀਂ ਖੇਤੀ ਸੈਕਟਰ ਨੂੰ ਦਿੱਤੀਆਂ ਜਾਂਦੀਆਂ ਰਾਹਤਾਂ ਨੂੰ ਬੰਦ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਰਹੇ ਹਨ। ਵਿਸ਼ਵ ਵਪਾਰ ਸੰਸਥਾ ਦੀ ਬਾਲੀ (ਇੰਡੋਨੇਸ਼ੀਆ) ਮਨਿਸਟੀਰੀਅਲ ਮੀਟਿੰਗ ਖੇਤੀ ਨੂੰ ਮੰਡੀ ਸਹਾਇਤਾ (ਸਬਸਿਡੀ) ਦੇਣ ਤੋਂ ਵਰਜ਼ਿਤ ਕਰਦੀ ਹੈ।ਇਸੇ ਤਰ੍ਹਾਂਸ਼ਾਂਤਾ ਕੁਮਾਰ ਕਮੇਟੀ ਦੀਆਂ ਐਫ. ਸੀ. ਆਈ. ਨੂੰ ਸਮੇਟਣ ਦੀਆਂ ਸਿਫ਼ਾਰਸ਼ਾਂ, ਆਦਿ ਕਰਕੇ ਫ਼ਸਲਾਂ ਦੀ ਐਮ.ਐਸ.ਪੀ ਨੂੰ ਵਧਾਇਆ ਨਹੀਂ ਜਾ ਰਿਹਾ। ਭਾਵੇਂ ਰਾਸ਼ਟਰੀ ਕਿਸਾਨ ਕਮਿਸ਼ਨ ਨੇ ਆਪਣੀ ਰਿਪੋਰਟ (ਸਵਾਮੀਨਾਥਨ ਰਿ-ਪੋਰਟ) ਵਿਚ ਕਿਹਾ ਸੀ ਕਿ ਕਿਸਾਨਾਂ ਨੂੰ ਕੁੱਲ ਲਾਗਤਾਂ (C-2) ਉਪਰ 50% ਜੋੜ ਕੇ ਐਮ.ਐਸ.ਪੀ. ਦਿੱਤੀ ਜਾਵੇ। ਇਸ ਤੋਂ ਬਾਅਦ ਰਮੇਸ਼ ਚੰਦ ਕਮੇਟੀ ਅਨੁਸਾਰ ਲਾਗਤਾਂ ਵਿਚ ਹੋਰ ਵੀ ਅੰਦਰਾਜ਼ ਜਿਵੇਂ ਪਰਿਵਾਰ ਦੇ ਮੁਖੀ ਦੀ ਕਿਰਤ ਨੂੰ ਸਿਖਿਅਤ ਮੰਨ ਕੇ, ਪੂੰਜੀ ਦਾ ਵਿਆਜ ਅੱਧੇ ਦੀ ਥਾਂ ਪੂਰੇ ਸੀਜਨ ਦਾ ਪਾ ਕੇ, ਆਪਣੀ ਜਮੀਨ ਦਾ ਠੇਕਾ ਇਕ-ਤਿਹਾਈ ਦੀ ਥਾਂ ਪੂਰਾ ਪਾ ਕੇ, ਮੰਡੀ ਦੇ ਖਰਚੇ, ਮੰਡੀ ਤੱਕ ਫ਼ਸਲ ਢੋਅ-ਢੁਆਈ ਦੇ ਖਰਚੇ ਪਾਏ ਜਾਣ ਅਤੇ ਇਸ ਤੋਂ ਬਾਅਦ ਪ੍ਰਬੰਧਕੀ ਲ਼ਾਗਤਾਂ ਵੀ ਪਾਈਆਂ ਜਾਣ। ਪ੍ਰੰਤੂ ਕੇਂਦਰ ਸਰਕਾਰ ਵੱਲੋਂ ਆਪਣੇ ਕਮਿਸ਼ਨਾਂ/ਕਮੇਟੀਆਂ ਦੀਆਂ ਰਿਪੋਰਟਾਂ ਨੂੰ ਨਜ਼ਰ ਅੰਦਾਜ਼ ਕਰਕੇ ਸਮੁੱਚੀਆਂ ਲਾਗਤਾਂ (C-2) ਦੀ ਥਾਂ ’ਤੇ ਉਸ ਤੋਂ ਵੀ ਘੱਟ ਲਾਗਤਾਂ (A-2+FL) ਨੂੰ ਹੀ ਲਾਗਤਾਂ ਮੰਨ ਕੇ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਸਾਨਾਂ ਨੂੰ ਫ਼ਸਲੀ ਕੀਮਤਾਂ ਕਾਫ਼ੀ ਦਿੱਤੀਆਂ ਜਾ ਰਹੀਆਂ ਹਨ। ਹੁਣ ਸ੍ਰੀ ਨਿੱਤਣ ਗਡਗਰੀ ਅਨੁਸਾਰ ਦੇਸ਼ ਕੋਲ ਵਾਧੂ ਅਨਾਜ ਭੰਡਾਰ, ਘੱਟ ਅੰਤਰਰਾਸਟਰੀ ਕੀਮਤਾਂ ਅਤੇ ਮੰਡੀ ਦੀਆਂ ਚਾਲੂ ਕੀਮਤਾਂ ਕਰਕੇ ਐਮ.ਐਸ.ਪੀ. ਨਹੀਂ ਦਿਤੀ ਜਾ ਸਕਦੀ।ਮੰਤਵ ਸਪੱਸਟ ਹੈ।

ਕੀ ਸੱਚਮੁਚ ਇਹੋ-ਜਿਹੇ ਆਰਡੀਨੈਂਸ ਲਿਆਉਣ ਨਾਲ ਕਿਸਾਨਾਂ ਦਾ ਸੁਧਾਰ ਹੋਵੇਗਾ ਅਤੇ ਉਨ੍ਹਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ? ਕਿਸਾਨਾਂ ਦੀ ਆਰਥਿਕਤਾ ਵਿਚ ਸੁਧਾਰ ਕਰਨ ਲਈ ਚਾਹੀਦਾ ਤਾਂ ਇਹ ਸੀ ਕਿ ਮੰਡੀ ਪ੍ਰਬੰਧ ਨੂੰ ਕੁਸ਼ਲ ਬਣਾਇਆ ਜਾਂਦਾ। ਪ੍ਰੰਤੂ ਕੀਤਾ ਇਸਦੇ ਬਿਲਕੁਲ ਉਲਟ। ਇਹ ਗੱਲ ਪ੍ਰਮਾਣਿਤ ਹੈ ਕਿ ਪੰਜਾਬ ਦਾ ਖੇਤੀ ਮੰਡੀ ਪ੍ਰਬੰਧ ਦੁਨੀਆਂ ਦੇ ਵਧੀਆ ਸਿਸਟਮਾਂ ਵਿੱਚੋਂ ਇਕ ਹੈ। ਲੋੜ ਸੀ ਇਸ ਨੂੰ ਹੋਰ ਸੁਧਾਰਿਆ ਜਾਂਦਾਅਤੇ ਸਾਰੀਆਂ ਫ਼ਸਲਾਂ ਦੀ ਐਮ.ਐਸ.ਪੀ. ’ਤੇ ਖਰੀਦ ਕੀਤੀ ਜਾਂਦੀ। ਭਾਰਤ ਵਿਚ ਇਸ ਵੇਲੇ 7000 ਖੇਤੀ ਮੰਡੀਆਂ ਹਨ। ਮਾਹਿਰਾਂ ਅਨੁਸਾਰ ਇਨ੍ਹਾਂ ਨੂੰ ਵਧਾਕੇ 42000 ਮੰਡੀਆਂ ਬਣਾਉਣ ਦੀ ਲੋੜ ਹੈ। ਪ੍ਰੰਤੂ ਅਫ਼ਸੋਸ ਹੈ ਕਿ ਇਨ੍ਹਾਂ ਆਰਡੀਨੈਂਸ ਨਾਲ ਮੌਜੂਦਾ ਮੰਡੀਆਂ ਨੂੰ ਵਧਾਉਣ ਅਤੇ ਕੁਸ਼ਲ ਬਣਾਉਣ ਦੀ ਥਾਂ ਤੋੜਿਆ ਜਾ ਰਿਹਾ ਹੈ।

ਇਨ੍ਹਾਂ ਆਰਡੀਨੈਂਸਾਂ ਰਾਹੀਂ ਖੇਤੀ ਸੈਕਟਰ ਦਾ ਜੋ ਸਰੂਪ ਬਨਣ ਜਾ ਰਿਹਾ ਹੈ ਇਹ ਕੋਈ ਨਵਾਂ ਸੰਕਲਪ ਨਹੀਂ। ਇਹ ਖੇਤੀ ਵਿਚ ਵੱਡੀਆਂ ਕੰਪਨੀਆਂ ਦੀ ਆਮਦ ਦਾ ਰਾਹ ਖੋਲ੍ਹਣਗੀਆਂ। ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਵੀ ਵੱਡੀਆਂ ਕੰਪਨੀਆਂ ਨੇ ਖੇਤੀ 'ਤੇ ਕੰਟਰੋਲ ਕਰਕੇ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਬਣਾ ਰੱਖੀ ਹੈ। ਬਾਵਜੂਦ ਇਸ ਗੱਲ ਦੇ ਕਿ ਉਥੋਂ ਦੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਦਿਤੀਆਂ ਜਾਂ-ਦੀਆਂ ਹਨ ਫਿਰ ਵੀ ਉੱਥੋਂ ਦੇ ਕਿਸਾਨ ਕਰਜਈ ਹਨ, ਖੇਤੀ ਛੱਡ ਰਹੇ ਹਨ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਵਿਕਸਤ ਦੇਸ਼ਾਂ ਦੇ ਕਿਸਾਨਾਂ ਦੀ ਹਾਲਤ ਬਾਰੇ ਪੜ੍ਹ ਕੇ ਅਤੇ ਉਨਾਂ ਨੂੰ ਨਿੱਜੀ ਤੌਰ ਤੇ ਮਿਲਕੇ ਮੈਨੂੰ ਇਹ ਪਤਾ ਲੱਗਿਆ ਕਿਸਾਨਾਂ ਦੀ ਆਮਦਨ ਵਿਚ ਉਨ੍ਹਾਂ ਦੀ ਜ਼ਮੀਨ ਦਾ ਲਗਾਨ ਅਤੇ ਉਜ਼ਰਤਾਂ ਮੁਸ਼ਕਲ ਨਾਲ ਹੀ ਪੱਲੇ ਪੈਂਦੀਆਂ ਹਨ। ਬਾਕੀ ਸਭ ਕੁਝ ਕੰਪਨੀਆਂ ਹੀ ਲੈ ਜਾਂਦੀਆਂ ਹਨ। ਕੰਪਨੀਆਂ ਨੂੰ ਜ਼ਮੀਨ ਖਰੀਦਣ ਨਾਲੋਂ ਜ਼ਮੀਨ ਨੂੰ ਠੇਕੇ ’ਤੇ ਲੈਣਾ ਸਸਤਾ ਪੈਂਦਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਇਹ ਕੰਪ-ਨੀਆਂ ਲੰਬੇ ਅਰਸੇ ਤੋਂ ਖੇਤੀ ਸੈਕਟਰ ਵੱਲ ਇਸ ਲਈ ਝਪਟ ਰਹੀਆਂ ਹਨ ਕਿਉਂਕਿ ਇਨ੍ਹਾਂ ਨੂੰ ਕੰਟਰੈਟ ਖੇਤੀ ਲਈ ਭਾਰਤ ਵਰਗੇ ਦੇਸ਼ਾਂ ਵਿਚ ਘੱਟ ਲਗਾਨ ਵਾਲੀ ਜ਼ਮੀਨ,ਘੱਟ ਉਜ਼ਰਤਾਂ ਵਾਲੀ ਕਿਰਤ ਸ਼ਕਤੀ ਅਤੇ ਨਾਲੋ-ਨਾਲ ਵੱਡੀ ਉਪਭੋਗਤਾ ਮੰਡੀ ਵੀ ਉਪਲੱਬਧ ਹੁੰਦੀ ਹੈ। ਇੱਥੇ ਵੱਡੇ ਪੱਧਰ ’ਤੇ ਖੇਤੀ ਕਰਨਾ ਉਨ੍ਹਾਂ ਲਈ ਵਧੇਰੇ ਲਾਹੇਵੰਦ ਹੈ ਭਾਵੇਂ ਉਨ੍ਹਾਂ ਨੂੰ ਉਜ਼ਰਤਾਂ ਦੀ ਦਰ ਵਿਚ ਵਾਧਾ ਵੀ ਕਰਨਾ ਪਵੇ। ਇਹ ਕੰਪਨੀਆਂ ਖੇਤੀ ’ਤੇ ਕਬਜ਼ਾ ਕਰਕੇ ਐਗਰੀ-ਬਿਜਨਸ ਰਾਹੀਂ ਭਾਰਤੀ ਵੱਡੀ ਖਾਧ-ਮੰਡੀ ’ਤੇ ਕੰਟਰੋਲ ਕਰਨਗੀਆਂ। ਇਸ ਸਮੇਂ ਐਗਰੀਬਿਜਨਸ, ਫਾਰਮਾਸੁਟੀਕਲ (ਦਵਾਈਆਂ) ਨੂੰ ਛੱਡ ਕੇ, ਦੁਨੀਆਂ ਦਾ ਸਭ ਤੋਂ ਵੱਧ ਮੁਨਾਫ਼ੇ ਵਾਲਾ ਧੰਦਾ ਮੰਨਿਆ ਜਾਂਦਾ ਹੈ। ਮੁੱਦਾ ਆਰਡੀਨੈਂਸਾਂ ਰਾਹੀਂ ਖੇਤੀ ਸੁਧਾਰਾਂ ਦਾ ਨਹੀਂ ਸਗੋਂ ਖੇਤੀ ਸੈਕਟਰ ਨੂੰ ਨਿੱਜ਼ੀ ਕੰਪਨੀਆਂ ਦੇ ਸਪੁਰਦ ਕਰਨ ਦਾ ਹੈ। ਭਾਵੇਂ ਸ਼ੁਰੂਆਤੀ ਦੌਰ ਵਿਚ ਕਿਸਾਨਾਂ/ਮਜ਼ਦੂਰਾਂ ਦੀ ਆਮਦਨ ਵਿਚ ਕੁਝ ਵਾਧਾ ਵੀ ਹੋ ਜਾਵੇ ਪਰ ਲੰਬੇ ਸਮੇਂ ਵਿਚ ਕਿਸਾਨਾਂ ਦਾ ਆਰਥਿਕ ਤਾਣਾ-ਬਾਣਾ ਖਿੰਡਣ ਦੀਆਂ ਵੱਧ ਸੰਭਾਵਨਾਵਾਂ ਹਨ। ਅੱਜ ਲੋੜ ਹੈ ਕਿ ਕਿਸਾਨੀ ਜੋ ਕਰਜ਼ੇ ਥੱਲੇ ਹੈ, ਖੇਤੀ ਤੋਂ ਕਿਨਾਰਾ ਕਰ ਰਹੀ ਹੈ ਅਤੇ ਖੁਦਕੁਸ਼ੀਆਂ ਕਰ ਰਹੀ ਹੈ, ਨੂੰ ਬਚਾਇਆ ਜਾਵੇ। ਰੂਸ ਅਤੇ ਚੀਨ ਦੇ ਪਹਿਲੇ ਦੌਰ ਦੀਆਂ ਉਦਾਹਰਣਾਂ ਸਾਡੇ ਕੋਲ ਹਨ ਜਿੱਥੇ ਨਾ ਕਿਸਾਨਾਂ ਦੀ ਆਰਥਿਕ ਦੁਰਦਸ਼ਾ ਹੋਈ, ਨਾ ਉਨ੍ਹਾਂ ਸ਼ਹਿਰਾਂ ਵੱਲ ਹਿਜ਼ਰਤ ਕੀਤੀ ਅਤੇ ਨਾ ਹੀ ਉਨਾਂ ਨੇ ਵਿਦੇਸ਼ਾਂ ਵੱਲ ਕੂਚ ਕੀਤਾ। ਸਗੋਂ ਉਹ ਪਾਏਦਾਰ ਰਹਿਣਯੋਗਤਾ ਕਾਰਨ ਪਿੰਡਾਂ ਵਿਚ ਹੀ ਚੰਗੇਰਾ ਜੀਵਨ ਬਸਰ ਕਰਦੇ ਰਹੇ। ਸੋ ਚਾਹੀਦਾ ਹੈ ਕਿ ਖੇਤੀ ਨੂੰ ਮੌਜੂਦਾ ਆਰਡੀਨੈਂਸਾਂ ਰਾਹੀਂ ਹੋ ਰਹੇ ਨਿੱਜ਼ੀ ਕੰਪਨੀਆਂ ਦੇ ਕੰਟਰੋਲ ਤੋਂ ਬਚਾਇਆ ਜਾਵੇ ਅਤੇ ਆ-ਪਣੀਆਂ ਲੋੜਾਂ ਅਤੇ ਹਾਲਾਤਾਂ ਮੁਤਾਬਿਕ 'ਆਪਣਾ ਦੇਸੀ ਮਾਡਲ’ ਬਣਾਕੇ ਅਰਥ ਵਿਵਸਥਾ ਦਾ ਸੰਤੁਲਿਤ ਵਿਕਾਸ ਕੀਤਾ ਜਾਵੇ।

# ਖੇਤੀ ਐਕਟ: ਕੁੱਝ ਅਹਿਮ ਮੁੱਦਿਆਂ ’ਤੇ ਝਾਤ

**ਡਾ. ਸੁਖਪਾਲ ਸਿੰਘ**

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਆਰਡੀਨੈਂਸਾਂ (ਹੁਣ ਕਾਨੂੰਨ) ਬਾਰੇ ਛਿੜੀ ਬਹਿਸ ਵਿਚ ਵੱਡੀ ਗਿਣਤੀ ਬੁੱਧਜੀਵੀਆਂ ਨੇ ਇਹਨਾਂ ਖੇਤੀ ਸੁਧਾਰਾਂ ਦੇ ਅਗਾਊਂ ਭਿਆਨਕ ਨਤੀਜਿਆਂ ਬਾਰੇ ਖ਼ਦਸ਼ੇ ਪ੍ਰਗਟਾਏ ਹਨ। ਹਥਲੇ ਲੇਖ ਵਿਚ ਕੁਝ ਅਹਿਮ ਮੁੱਦਿਆਂ ਬਾਰੇ ਹੋਰ ਸਪੱਸ਼ਟ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਪਹਿਲਾਂ, ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾ ਆਰਡੀਨੈਂਸ-2020 ਹੈ, ਜਿਸ ਦਾ ਮੰਤਵ ਇਹ ਦੱਸਿਆ ਗਿਆ ਹੈ ਕਿ ਕਿਸਾਨ ਆਪਣੀ ਫ਼ਸਲ ਵੇਚਣ ਸਬੰਧੀ ਸੁਤੰਤਰ ਚੋਣ ਕਰ ਸਕੇਗਾ, ਜਿਸ ਨਾਲ ਮੁਕਾਬਲੇਬਾਜ਼ੀ ਹੋਵੇਗੀ ਅਤੇ ਉਸ ਨੂੰ ਵੱਧ ਭਾਅ ਮਿਲ ਸਕਣਗੇ। ਇਸ ਬਾਰੇ ਕਿਹਾ ਜਾ ਰਿਹਾ ਹੈ ਕਿ ਚੱਲ ਰਹੀਆਂ ਸਰਕਾਰੀ ਰੈਗੂਲੇਟਿਡ ਮੰਡੀਆਂ ਵਿਚ ਖਰੀਦ ਇਸੇ ਤਰਾਂ ਚਲਦੀ ਰਹੇਗੀ ਅਤੇ ਨਵਾਂ ਸਿਸਟਮ ਇਸ ਨੂੰ ਪ੍ਰਭਾਵਿਤ ਨਹੀਂ ਕਰੇਗਾ। ਕਿਸਾਨ ਦੀ ਮਰਜ਼ੀ ਹੈ ਕਿ ਉਹ ਕਿਸੇ ਵੀ ਮੰਡੀ ਵਿਚ ਜਿਣਸ ਵੇਚੇ। ਅਸਲ ਵਿਚ ਭਾਰਤ ਦੇ 86% ਕਿਸਾਨ 5 ਏਕੜ ਤੋਂ ਘੱਟ ਜ਼ਮੀਨ ਵਾਲੇ ਅਤੇ 67% ਕਿਸਾਨ 2.5 ਏਕੜ ਤੋਂ ਵੀ ਘੱਟ ਜ਼ਮੀਨ ਵਾਲੇ ਹਨ। ਕਿਸਾਨੀ ਦੀਆਂ ਇਹ ਪਰਤਾਂ ਹੀ ਗਹਿਰੇ ਆਰਥਿਕ ਸੰਕਟ ਦਾ ਸ਼ਿਕਾਰ ਹਨ। ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਕਿਸਾਨ ਦੂਜੀਆਂ ਮੰਡੀਆਂ ਵਿਚ ਦੂਰ-ਦਰਾਡੇ ਜਾ ਕੇ ਆਪਣੀ ਜਿਣਸ ਵੇਚ ਸਕਣਗੇ। ਜੇ ਇਹ ਛੋਟੇ ਕਿਸਾਨ ਨਵੀਆਂ ਮੰਡੀਆਂ ਵਿਚ ਭਾਗ ਨਹੀਂ ਲੈ ਸਕਦੇ ਤਾਂ ਇਹ ਕੀਹਦੇ ਲਈ ਬਣਾਈਆਂ ਹਨ?

### ਕਿਵੇਂ ਚੱਲਣਗੀਆਂ ਨਵੀਆਂ ਪ੍ਰਾਈਵੇਟ ਮੰਡੀਆਂ?

ਇਹਨਾਂ ਨਵੀਆਂ ਮੰਡੀਆਂ ਵਿਚ ਰਾਜ ਸਰਕਾਰ ਦਾ ਕੋਈ ਰੈਗੂਲੇਸ਼ਨ ਜਾਂ ਟੈਕਸ ਨਹੀਂ ਹੋਵੇਗਾ। ਰਾਜ ਸਰਕਾਰਾਂ ਸਿਰਫ਼ ਆਪਣੀਆਂ ਪਹਿਲੋਂ ਚੱਲ ਰਹੀਆਂ ਮੰਡੀਆਂ ਨੂੰ ਹੀ ਰੈਗੂਲੇਟ ਕਰਨਗੀਆਂ। ਇਹਨਾਂ ਮੰਡੀਆਂ ਵਿਚ 8.5% ਟੈਕਸ ਹੋਵੇਗਾ ਜਿਸ ਵਿਚ 3% ਮੰਡੀ ਫੀਸ, 3% ਪੇਂਡੂ ਵਿਕਾਸ ਫੰਡ ਅਤੇ 2.5% ਆੜਤੀਆਂ ਦਾ ਕਮਿਸ਼ਨ ਹੋਵੇਗਾ। ਇਸ ਤਰਾਂ ਇਸ ਸਾਲ ਇਹ ਟੈਕਸ ਝੋਨੇ ਉਪਰ 155 ਅਤੇ ਕਣਕ ਉਪਰ 164 ਰੁਪਏ ਫੀ ਕੁਇੰਟਲ ਬਣਦਾ ਹੈ। ਭਾਵ ਇਹ ਕਿ ਪ੍ਰਾਈਵੇਟ ਖਰੀਦ ਉਪਰ ਇਹ ਟੈਕਸ ਨਾ ਹੋਣ ਕਰਕੇ ਝੋਨੇ ਅਤੇ ਕਣਕ ਦੀ ਖਰੀਦ ਪ੍ਰਾਈਵੇਟ ਖਰੀਦਦਾਰਾਂ ਨੂੰ 155 ਤੋਂ 164 ਰੁਪਏ ਪ੍ਰਤੀ ਕੁਇੰਟਲ ਸਸਤੀ ਪਵੇਗੀ। ਸ਼ੁਰੂ ਵਿਚ ਜੇ ਪ੍ਰਾਈਵੇਟ ਮੰਡੀਆਂ ਕਿਸਾਨਾਂ ਨੂੰ ਝੋਨੇ ਅਤੇ ਕਣਕ ਦੀ ਖਰੀਦ 'ਤੇ 55 ਤੋਂ 64 ਰੁਪਏ ਪ੍ਰਤੀ ਕੁਇੰਟਲ ਵੱਧ ਵੀ ਦੇ ਦੇਣ ਤਾਂ ਵੀ ਉਹਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਦਾ ਮੁਨਾਫ਼ਾ ਹੋਵੇਗਾ। ਕਿਸਾਨਾਂ ਨੂੰ ਵੱਧ ਭਾਅ ਮਿਲਣ ਕਰਕੇ ਉਹਨਾਂ ਦਾ ਝੁਕਾਅ ਪ੍ਰਾਈਵੇਟ ਮੰਡੀਆਂ ਵੱਲ ਹੋਣ ਨਾਲ ਸਰਕਾਰੀ ਖਰੀਦ ਪ੍ਰਭਾਵਿਤ ਹੋਵੇਗੀ। ਮੁੱਢਲੇ ਦੌਰ ਵਿਚ ਸਰਕਾਰ ਫ਼ਸਲ ਦਾ ਟੀਚਾ ਮਿੱਥ ਕੇ ਖਰੀਦ ਕਰੇਗੀ। ਜਿਵੇਂ ਕਈ ਰਾਜਾਂ ਵਿਚ ਦਾਲਾਂ ਅਤੇ ਤੇਲ ਵਾਲੀਆਂ ਜਿਣਸਾਂ ਦੀ ਸਰਕਾਰੀ ਖਰੀਦ ਸਮੁੱਚੀ ਫ਼ਸਲ ਦੀ ਬਜਾਏ ਥੋੜੀ ਮਾਤਰਾ ਦੀ ਹੀ ਹੁੰਦੀ ਹੈ। ਉੱਥੇ ਸਰਕਾਰ ਆਪਣੇ ਕੋਟੇ ਮੁਤਾਬਕ ਖਰੀਦ ਕਰਦੀ ਹੈ, ਬਾਕੀ ਫ਼ਸਲ ਪ੍ਰਾਈਵੇਟ ਏਜੰਸੀਆਂ ਖ਼ਰੀਦਦੀਆਂ ਹਨ।

ਮੌਜੂਦਾ ਮੰਡੀ ਸਿਸਟਮ ਵਿਚ ਪੰਜਾਬ ਅਤੇ ਹਰਿਆਣੇ ਦੀਆਂ ਦੋ ਮੁੱਖ ਫ਼ਸਲਾਂ (ਕਣਕ, ਝੋਨੇ) ਦਾ ਦਾਣਾ ਦਾਣਾ ਖਰੀਦਿਆ ਜਾਂਦਾ ਹੈ। ਨਵੇਂ ਸਿਸਟਮ ਵਿਚ ਸਰਕਾਰ ਵੱਲੋਂ ਪਹਿਲਾਂ ਕੋਟਾ ਮਿਥ ਕੇ ਖ਼ਰੀਦ ਕੀਤੀ ਜਾਵੇਗੀ। ਹੌਲੀ-ਹੌਲੀ ਸਰਕਾਰੀ ਖਰੀਦ ਨੂੰ ਨਾਂ-ਮਾਤਰ ਕੀਤਾ ਜਾਵੇਗਾ। ਅਜਿਹੀ ਹਾਲਤ ਵਿਚ ਪ੍ਰਾਈਵੇਟ ਮੰਡੀਆਂ ਵਿਚ ਫ਼ਸਲਾਂ ਦੇ ਮੁੱਲ ਘੱਟ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਮੰਡੀ ਵਿਚ ਫ਼ਸਲ ਰੱਖਣਾ, ਤੁਲਾਈ, ਸਿਲਾਈ, ਪਾਰਕਿੰਗ ਆਦਿ ਦੇ ਖਰਚੇ ਵੀ ਕਰਨੇ ਪੈਣਗੇ, ਜਿਹੜੇ ਸਰਕਾਰੀ ਮੰਡੀ ਵਿਚ ਨਹੀਂ ਹਨ। ਪੰਜਾਬ ਵਿਚ ਇਸ ਵੇਲੇ ਜਿਸ ਤਰਾਂ ਮੰਡੀਆਂ ਦਾ ਪਸਾਰਾ ਹੈ, ਇਸ ਨਾਲ ਕਿਸਾਨ ਆਪਣੀ ਜਿਣਸ ਆਸਾਨੀ ਨਾਲ ਵੇਚ ਲੈਂਦੇ ਹਨ। ਖ਼ਦਸ਼ਾ ਹੈ ਕਿ ਪ੍ਰਾਈਵੇਟ ਮੰਡੀਆਂ ਹਰ ਥਾਂ ਨਹੀਂ ਬਣਨਗੀਆਂ, ਹਾਈਟੈਕ ਸਾਇਲੋ ਬਣਨਗੇ। ਇਸ ਨਾਲ ਛੋਟੇ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿਚ ਔਕੜਾਂ ਆਉਣਗੀਆਂ ਤੇ ਉਹ ਵਪਾਰੀਆਂ ਨੂੰ ਘੱਟ ਰੇਟ ਉਪਰ ਜਿਣਸ ਵੇਚਣ ਲਈ ਮਜਬੂਰ ਹੋਣਗੇ। ਇਕ ਮੁੱਦਾ ਬੜੇ ਜ਼ੋਰ ਨਾਲ ਉਭਾ-ਰਿਆ ਜਾ ਰਿਹਾ ਹੈ ਕਿ ਘੱਟੋ ਘੱਟ ਸਮਰਥਨ ਕੀਮਤ (ਐਮਐਸਪੀ) ਇਸੇ ਤਰਾਂ ਚਲਦੀ ਰਹੇਗੀ। ਕਿਉਂਕਿ ਆਰਡੀਨੈਂਸਾਂ ਵਿਚ ਇਸ ਨੂੰ ਖ਼ਤਮ ਕਰਨ ਬਾਰੇ ਕੋਈ ਜਿਕਰ ਨਹੀਂ। ਇਸ ਮੁੱਦੇ ਬਾਰੇ ਸਪੱਸ਼ਟਤਾ ਦੀ ਬੜੀ ਜ਼ਰੂਰਤ ਹੈ। ਅਸਲ ਵਿਚ ਐਮਐਸਪੀ ਦੇਣਾ ਕਿਸੇ ਕਾਨੂੰਨੀ ਦਾਇਰੇ ਦਾ ਹਿੱਸਾ ਨਹੀਂ ਇਸ ਕਰਕੇ ਇਹਨਾਂ ਆਰਡੀਨੈਂਸਾਂ ਵਿਚ ਇਸ ਦਾ ਜ਼ਿਕਰ ਹੋਣ ਬਾਰੇ ਕਦਾਚਿੱਤ ਸੋਚਿਆ ਨਹੀਂ ਜਾ ਸਕਦਾ। ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਸਿਰਫ਼ ਸਲਾਹਕਾਰ ਸੰਸਥਾ ਹੈ, ਜੋ ਖੇਤੀ ਮੰਤਰਾਲੇ ਨੂੰ ਫ਼ਸਲਾਂ ਦੀ ਐਮਐਸਪੀ ਬਾਰੇ ਸਲਾਹ ਦਿੰਦੀ ਹੈ। ਜੇ ਐਮਐਸਪੀ ਨੂੰ ਕਾਨੂੰਨੀ ਮਾਨਤਾ ਹੁੰਦੀ ਤਾਂ ਇਹ ਕੁਝ ਰਾਜਾਂ ਅਤੇ ਕੁਝ ਫ਼ਸਲਾਂ ਵਿਚ ਨਾ ਹੁੰਦੀ, ਸਗੋਂ ਸਾਰੇ ਦੇਸ਼ ਵਿਚ ਲਾਗੂ ਹੁੰਦੀ। ਹੁਣ ਇਹ ਮੁੱਦਾ ਵੀ ਉਭਰ ਰਿਹਾ ਹੈ ਕਿ ਐਮਐਸਪੀ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਇਹਨਾਂ ਆਰਡੀਨੈਂਸਾਂ ਵਿਚ ਐਮਐਸਪੀ ਬੰਦ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਜਦੋਂ ਕਿਸੇ ਚੱਲ ਰਹੇ ਸਿਸਟਮ ਦੇ ਬਰਾਬਰ ਨਵਾਂ ਸਿਸਟਮ ਖੜਾ ਕੀਤਾ ਜਾਵੇ ਤਾਂ ਪੁਰਾਣੇ ਦਾ ਪਤਨ ਲਾਜ਼ਮੀ ਹੈ। ਸਿਹਤ ਅਤੇ ਸਿੱਖਿਆ ਖੇਤਰ ਦੇ ਬੁਰੇ ਹਾਲ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਸਾਫ਼ ਹੈ ਕਿ ਕਾਰਪੋਰੇਟ ਅਤੇ ਕੌਮ-ਾਂਤਰੀ ਦਬਾਉ ਕਰਕੇ ਐਮਐਸਪੀ ਉੱਪਰ ਸਰਕਾਰੀ ਖਰੀਦ ਦਾ ਹੁਣ ਭੋਗ ਪੈਣ ਵਾਲਾ ਹੈ।

ਕਿਹਾ ਜਾ ਰਿਹਾ ਹੈ ਕਿ ਇਕ ਦੇਸ਼ ਇਕ ਮੰਡੀ ਨਾਲ ਕਿਸਾਨਾਂ ਨੂੰ ਭਾਰਤ 'ਚ ਦੂਜੀ ਥਾਈਂ ਜਾ ਕੇ ਫ਼ਸਲਾਂ ਵੇਚਣ ਦਾ ਮੌਕਾ ਮਿਲੇਗਾ। ਕਿਉਂਕਿ ਵੱਖ-ਵੱਖ ਮੰਡੀਆਂ ਵਿਚ ਫ਼ਸਲਾਂ ਦੀਆਂ ਕੀਮਤਾਂ ਵਿਚ ਕਾਫ਼ੀ ਅੰਤਰ ਪਾਇਆ ਜਾਂਦਾ ਹੈ। ਇਸ ਵਿਸ਼ੇ ਉੱਪਰ ਲਿਖੇ ਤਕਨੀਕੀ ਖੋਜ ਪੱਤਰ ਦਰਸਾਉਂਦੇ ਹਨ ਕਿ ਭਾਰਤ ਦੀ ਖੇਤੀ ਮੰਡੀ ਪੂਰੀ ਤਰਾਂ ਸੰਗਠਿਤ (ਇੰਟੈਗਰੇਟਿਡ) ਹੈ। ਜਦੋਂ ਫ਼ਸਲਾਂ ਦੇ ਭਾਅ ਇਕ ਮੰਡੀ ਵਿਚ ਵਧ ਜਾਂਦੇ ਹਨ ਤਾਂ ਉਤਪਾਦਨ ਦਾ ਵਹਾਅ ਉਸ ਦਿਸ਼ਾ ਵੱਲ ਵਧ ਜਾਂਦਾ ਹੈ। ਸਿੱਟੇ ਵਜੋਂ ਕੀਮਤਾਂ ਘਟ ਜਾਂਦੀਆਂ ਹਨ। ਇਸ ਤਰਾਂ ਇਹ ਦਲੀਲ ਬਹੁਤੀ ਵਾਜਬ ਨਹੀਂ ਕਿ ਕਿਸੇ ਦੂਜੀ ਮੰਡੀ ਵਿਚ ਜਾਣ ਦੀ ਸੁਤੰਤਰਤਾ ਨਾਲ ਕਿਸਾਨਾਂ ਨੂੰ ਫ਼ਸਲਾਂ ਦਾ ਵੱਧ ਭਾਅ ਮਿਲ ਜਾਵੇਗਾ। ਜੇ ਕਿਸੇ ਮੰਡੀ ਵਿਚ ਵੱਧ ਭਾਅ ਦੀ ਸੰਭਾਵਨਾ ਵੀ ਹੋਵੇ ਤਾਂ ਵੀ ਜ਼ਰਾ ਸੋਚੋ ਕਿ ਕੀ ਛੋਟਾ ਕਿਸਾਨ ਆਪਣੇ ਨਿਗੂਣੇ ਸਾਧਨਾਂ ਨਾਲ ਇਹ ਕੰਮ ਕਰਨ ਦੀ ਸਮਰੱਥਾ ਰੱਖਦਾ ਹੈ? ਕਦਾਚਿਤ ਨਹੀਂ। ਇਸੇ ਤਰਾਂ ਜੇ ਦੂਜੇ ਰਾਜਾਂ ਦੇ ਕਿਸਾਨਾਂ ਨੇ ਆਪਣੀ ਫ਼ਸਲ ਨੂੰ ਸਾਡੀਆਂ ਸਰਕਾਰੀ ਮੰਡੀਆਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਤਾਂ ਕੀ ਅਸੀਂ ਇਸ ਦੀ ਖਰੀਦ ਦਾ ਪ੍ਰਬੰਧ ਕਰਨ ਦੇ ਯੋਗ ਹਾਂ। ਇਹ ਕੰਮ ਸਿਰਫ਼ ਵਾਅਦਾ ਵਪਾਰ ਅਤੇ ਜ਼ਖ਼ੀਰੇਬਾਜ਼ੀ ਰਾਹੀਂ ਹੀ ਕੀਤੇ ਜਾ ਸਕਦੇ ਹਨ, ਜੋ ਹੁਣ ਇਹਨਾਂ ਆਰਡੀਨੈਂਸਾਂ ਰਾਹੀਂ ਕਾਰਪੋਰੇਟ ਕਰਨਗੇ। ਹੁਣ ਦੂਜੇ ਆਰਡੀਨੈਂਸ ਕੀਮਤ ਗਾਰੰਟੀ ਅਤੇ ਖੇਤੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ-2020 ਦੀ ਗੱਲ ਕਰੀਏ ਜਿਸ ਵਿਚ ਦੱਸਿਆ ਗਿਆ ਉਦੇਸ਼ ਰਾਸ਼ਟਰੀ ਪੱਧਰ ਦਾ ਸਿਸਟਮ ਬਣਾ ਕੇ ਕਿਸਾਨਾਂ ਨੂੰ ਤਾਕਤਵਰ ਕਰਨਾ ਹੈ। ਇਸ ਵਿਚ ਕੰਟ੍ਰੈਕਟ ਖੇਤੀ ਰਾਹੀਂ ਫ਼ਸਲੀ ਵੰਨ-ਸਵੰਨਤਾ ਅਤੇ ਮੁਨਾਫ਼ੇ ਵਾਲੀ ਖੇਤੀ ਹੋਣ ਦੇ ਫਾਇਦੇ ਦੱਸੇ ਜਾ ਰਹੇ ਹਨ। ਅਸੀਂ ਕੰਟ੍ਰੈਕਟ ਖੇਤੀ ਦੇ ਨਤੀਜੇ ਪਹਿਲਾਂ ਹੀ ਵੇਖ ਚੁੱਕੇ ਹਾਂ।

ਪੰਜਾਬ ਵਿਚ ਇਹ ਖੇਤੀ ਫ਼ੇਲ ਹੋਈ। ਮੁੱਖ ਤੌਰ 'ਤੇ ਵੱਡੇ ਕਿਸਾਨਾਂ ਨੇ ਹੀ ਇਸ ਵਿਚ ਹਿੱਸਾ ਲਿਆ। ਹੋਰ ਰਾਜਾਂ ਦੀਆਂ ਮਿਸਾਲਾਂ ਵੀ ਸਾਡੇ ਕੋਲ ਹਨ। ਗੁਜਰਾਤ ਵਿਚ ਪੈਪਸੀਕੋ ਕੰਪਨੀ ਨੇ ਕੁਝ ਕਿਸਾਨਾਂ ਉਪਰ ਆਲੂਆਂ ਦੀ ਵਰਾਇਟੀ ਬੀਜਣ ਸਬੰਧੀ ਇਕ ਕਰੋੜ ਰੁਪਏ ਦੇ ਹਰਜਾਨੇ ਦਾ ਕੇਸ ਕਰ ਦਿੱਤਾ। ਪੋਲਟਰੀ ਸੈਕਟਰ ਦਾ ਵੱਡਾ ਹਿੱਸਾ ਕੰਟ੍ਰੈਕਟ ਸਿਸਟਮ ਅਧੀਨ ਆਉਂਦਾ ਹੈ, ਜਿਸ ਵਿਚ ਕੰਟ੍ਰੈਕਟ ਕਰਨ ਵਾਲੇ ਕਿਸਾਨ ਦੂਜੇ ਕਿਸਾਨਾਂ ਨਾਲੋਂ ਕਾਫ਼ੀ ਘਾਟੇ ਵਿਚ ਰਹਿੰਦੇ ਹਨ। ਸੋ ਕੰਟ੍ਰੈਕਟ ਖੇਤੀ ਨੇ ਕਿਸਾਨਾਂ ਨੂੰ ਫਾਇਦਾ ਪਹੁੰਚਾਉਣ ਦੀ ਥਾਂ ਖੱਜਲ-ਖ਼ੁਆਰੀ ਹੀ ਦਿੱਤੀ ਹੈ। ਬੱਸ ਇਹ ਖੇਤੀ ਕਾਰਪੋਰੇਟ ਖੇਤੀ ਵੱਲ ਚੁੱਕਿਆ ਕਦਮ ਹੈ ਜਿਸ ਦੇ ਕਿਸਾਨੀ ਮਾਰੂ ਨਤੀਜੇ ਅਸੀਂ ਵਿਕਸਤ ਦੇਸ਼ਾਂ ਵਿਚ ਵੇਖ ਚੁੱਕੇ ਹਾਂ। ਤੀਜੇ ਜ਼ਰੂਰੀ ਵਸਤਾਂ ਸੋਧ ਆਰਡੀਨੈਂਸ-2020 ਵਿਚ ਖੇਤੀ ਨਾਲ ਸਬੰਧਿਤ ਵਸਤਾਂ ਨੂੰ ਭੰਡਾਰ ਕਰਨ ਦੀ ਖੁੱਲ ਦੇ ਕੇ ਕਿਹਾ ਹੈ ਕਿ ਇਸ ਕਦਮ ਨਾਲ ਖੇਤੀ ਸੈਕਟਰ ਵਿਚ ਮੁਕਾਬਲੇਬਾਜ਼ੀ ਵਧੇਗੀ, ਕਿਸਾਨਾਂ ਦੀ ਆਮਦਨ ਵਧੇਗੀ ਅਤੇ ਰੈਗੂਲੇਟਰੀ ਪ੍ਰਬੰਧ ਉਦਾਰ ਹੋਣ ਨਾਲ ਖਪਤਕਾਰਾਂ ਨੂੰ ਫਾਇਦਾ ਹੋਵੇਗਾ। ਅਸਲ ਵਿਚ ਇਸ ਆਰਡੀਨੈਂਸ ਨਾਲ ਕੋਈ ਵੀ ਵਿਅਕਤੀ, ਕੰਪਨੀ ਜਾਂ ਵਪਾਰੀ ਖੇਤੀ-ਖ਼ੁਰਾਕੀ ਵਸਤਾਂ ਸਟੋਰ ਕਰ ਸਕਦਾ ਹੈ, ਜਿਸ ਨਾਲ ਬਜ਼ਾਰ ਵਿਚ ਬਣਾਉਟੀ ਕਮੀ ਵਿਖਾ ਕੇ ਮੰਡੀ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇਗਾ। ਇਸ ਨਾਲ ਛੋਟੇ ਵਪਾਰੀ, ਪਰਚੂਨ ਵਾਲੇ ਅਤੇ ਸਾਰੇ ਖਪਤਕਾਰਾਂ ਨੂੰ ਖ਼ੁਰਾਕੀ ਵਸਤਾਂ ਦੀਆਂ ਉੱਚੀਆਂ ਕੀਮਤਾਂ ਅਦਾ ਕਰਨੀਆਂ ਪੈਣਗੀਆਂ। ਕਰਨਾਟਕ ਦੇ ਛੋਟੇ ਵਪਾਰੀਆਂ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਸਿਰਫ਼ ਵੱਡੀਆਂ ਕੰਪ-ਨੀਆਂ ਅਤੇ ਵੱਡੇ ਵਪਾਰੀਆਂ ਨੂੰ ਲਾਭ ਹੋਵੇਗਾ। ਸਪੱਸ਼ਟ ਹੈ ਕਿ ਇਹ ਆਰਡੀਨੈਂਸ ਖਪਤਕਾਰਾਂ, ਛੋਟੇ ਵਪਾਰੀਆਂ ਨੂੰ ਨੁਕਸਾਨ ਅਤੇ ਵੱਡੀਅ ਕੰਪਨੀਆਂ ਦੇ ਹਿਤ ਪੂਰੇਗਾ। ਇਹਨਾਂ ਆਰਡੀਨੈਂਸਾਂ ਨਾਲ ਰਾਜਾਂ ਨੂੰ ਵੱਡਾ ਨੁਕਸਾਨ ਹੋਵੇਗਾ। ਰਾਜ ਮੰਡੀ ਬੋਰਡਾਂ ਨੂੰ ਹੋਣ ਵਾਲੀ ਆਮਦਨ ਘਟਣ ਨਾਲ ਲਿੰਕ ਸੜਕਾਂ, ਖੇਤੀ ਖੋਜ ਅਤੇ ਸਮੁੱਚੇ ਪੇਂਡੂ ਵਿਕਾਸ \ਤੇ ਗਹਿਰੀ ਸੱਟ ਵੱਜੇਗੀ। ਇਸ ਨਾਲ ਕਿਸਾਨੀ ਹੀ ਨਹੀਂ, ਦੇਸ਼ ਦਾ ਸੰਘੀ ਢਾਂਚਾ ਵੀ ਤਬਾਹ ਹੋਵੇਗਾ। ਭਾਰਤੀ ਖੇਤੀ ਉਪਰ ਬਹੁਕੌਮੀ ਕਾਰਪੋਰੇਸ਼ਨਾਂ ਦੀ ਜਕੜ ਹੋਵੇਗੀ। ਲੋਕਾਂ ਦੀ ਵੱਡੀ ਗਿਣਤੀ ਦਾ ਖੇਤੀ ਵਿਚੋਂ ਨਿਕਾਲ ਹੋਵੇਗਾ। ਆਰਥਿਕ-ਸਮਾਜਿਕ ਤਾਣਾ ਬਾਣਾ ਉਥਲ- ਪੁਥਲ ਹੋ ਜਾਵੇਗਾ। ਸੋ ਅੱਜ ਲੋੜ ਹੈ ਕਿ ਇਹਨਾਂ ਆਰਡੀਨੈਂਸਾਂ ਦੇ ਦੂਰ-ਅੰਦੇਸ਼ੀ ਪ੍ਰਭਾਵਾਂ ਉੱਪਰ ਵਿਚਾਰ ਕਰ ਕੇ ਖੇਤੀ ਨੂੰ ਕਾਰਪੋਰੇਟਾਂ ਤੋਂ ਬਚਾਉਣ ਦੀ ਦਿਸ਼ਾ ਵਿਚ ਕਦਮ ਚੁੱਕਿਆ ਜਾਵੇ।

# ਕਿਸਾਨ ਅੰਦੋਲਨ- ਭਾਰਤ ਬੰਦ ਅਤੇ ਭਾਜਪਾ



ਗੁਰਮੀਤ ਪਲਾਹੀ
91-98158-02070

**ਧਿੰਗੋਜ਼ੋਰੀ** ਦੀਆਂ ਇਤਹਾਸਿਕ ਘਟਨਾਵਾਂ ਤੇ ਤਸ਼ੱਦਦ ਨੇ ਵਰਤਮਾਨ ਸਮਿਆਂ ਵਿੱਚ ਵੀ ਭਰਵੀਂ ਥਾਂ ਮੱਲੀ ਹੋਈ ਹੈ। ਇਹ ਤਸ਼ੱਦਦ, ਜ਼ਿਆਦਤੀਆਂ ਨੂੰ ਠੱਲ੍ਹ ਪਾਉਣ ਲਈ ਲੋਕ ਲਹਿਰਾਂ ਉਸਰਦੀਆਂ ਹਨ। ਇਹ ਸੰਘਰਸ਼, ਇਹ ਲਹਿਰਾਂ, ਮਨੁੱਖ ਨੂੰ ਨਵੀਂ ਸ਼ਕਤੀ ਅਤੇ ਊਰਜਾ ਦਿੰਦੀਆਂ ਹਨ। ਧਰਮਾਂ, ਜਾਤਾਂ ਤੇ ਨਸਲਾਂ ਦੇ ਪਹਿਰੇਦਾਰ ਇਹੋ ਜਿਹੀਆਂ ਲਹਿਰਾਂ ਵਿੱਚ ਹਾਰ ਜਾਂਦੇ ਹਨ ਅਤੇ ਮਨੁੱਖਤਾ ਵਿੱਚ ਸਹਿਜਤਾ ਦੇ ਨਾਲ-ਨਾਲ ਆਪਸੀ ਸਾਂਝਾਂ ਪੱਕੀਆਂ ਹੁੰਦੀਆਂ ਹਨ। ਪੰਜਾਬੋਂ ਉਠਿਆ, ਦੇਸ਼ ਭਰ 'ਚ ਫੈਲਿਆ ਕਿਸਾਨ ਅੰਦੋਲਨ, ਜੋ ਹੁਣ ਜਨ-ਅੰਦੋਲਨ ਬਣ ਚੁੱਕਿਆ ਹੈ, ਇਸਦੀ ਪਕੇਰੀ ਮਿਸਾਲ ਹੈ। ਇਹੋ ਜਿਹੀ ਘਟਨਾ ਸਦੀਆਂ ਬਾਅਦ ਵਾਪਰਦੀ ਹੈ, ਜਦੋਂ ਦੇਸ਼, ਕਾਲ, ਕੌਮ, ਨਸਲ, ਰੰਗ, ਲਿੰਗ ਭੇਦ ਆਦਿ ਦਾ ਅੰਤਰ ਹਵਾ ਹੋ ਜਾਂਦਾ ਹੈ।

ਭਾਰਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੁਗਲ ਸਲਤਨਤ ਦੀ ਵਸੋਂ ਵਿੱਚ ਅਨੇਕ ਕਬੀਲੇ ਅਤੇ ਕੌਮਾਂ ਸਨ, ਜਿਹੜੇ ਬਹੁਤ ਸਾਰੀਆਂ ਬੋਲੀਆਂ ਬੋਲਦੇ, ਸਮਾਜੀ ਵਿਕਾਸ ਦੀਆਂ ਵੱਖ-ਵੱਖ ਪੱਧਰਾਂ ਉਤੇ ਅਪੱੜੇ ਹੋਏ ਸਨ ਅਤੇ ਜਾਤਾਂ ਦੀਆਂ ਹੱਦਾਂ ਅਤੇ ਧਰਮਾਂ ਕਾਰਨ ਵੰਡੇ ਹੋਏ ਸਨ। ਵਸੋਂ ਦੀ ਬਹੁ-ਗਿਣਤੀ ਆਪਣੇ ਪੇਂਡੂ ਭਾਈਚਾਰੇ ਦੀ ਨਿੱਕੀ ਦੁਨੀਆ ਵਿੱਚ ਰਹਿੰਦੀ ਸੀ। ਕਿਸਾਨ ਮਾਲੀਏ ਦੇ ਰੂਪ ਵਿੱਚ ਰਾਜ ਨੂੰ ਲਗਾਨ ਦਿੰਦੇ ਸਨ। ਇਹ ਗੱਲ ਹਕੂਮਤ ਦੇ ਹਿੱਤ ਵਿੱਚ ਸੀ ਕਿ ਇਹ ਮਾਲੀਆ ਬਕਾਇਦਗੀ ਨਾਲ ਅਦਾ ਕੀਤਾ ਜਾਵੇ ਪਰ ਨਾ ਹੀ ਰਾਜ ਅਤੇ ਨਾ ਹੀ ਸਾਮੰਤੀ ਸ਼ਾਹਾਂ ਨੂੰ ਕਿਸਾਨਾਂ ਦੇ ਮਾਮਲਿਆਂ ਵਿੱਚ ਦਿਲਚਸਪੀ ਸੀ।

ਇਹੋ ਹਾਲ ਮੌਜੂਦਾ ਦੌਰ ਖ਼ਾਸ ਕਰ ਮੌਜੂਦਾ ਹਕੂਮਤ ਦੇ ਸਮੇਂ 'ਚ ਹੈ, ਜਦੋਂ ਕਿਸਾਨ ਦੀ ਜ਼ਮੀਨ ਵੱਡਿਆਂ ਦੇ ਹਿੱਤਾਂ ਦੀ ਪੂਰਤੀ ਲਈ ਸਾਮੰਤੀ ਸ਼ਾਹਾਂ ਵਰਗੇ ਅੰਡਾਨੀਆਂ, ਅੰਬਾਨੀਆਂ ਦੇ ਢਿੱਡ ਦਾ ਝੁਲਕਾ ਬਣਾਈ ਜਾ ਰਹੀ ਹੈ, ਜਦਕਿ ਕਿਸਾਨਾਂ ਦੇ ਹਿੱਤਾਂ ਜਾਂ ਮਾਮਲਿਆਂ ਪ੍ਰਤੀ ਸਿਵਾਏ ਵੱਡੇ ਦਮਗਜ਼ਿਆਂ ਦੇ, ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਤਦੇ ਦੇਸ਼ ਵਿੱਚ ਕਿਸਾਨਾਂ ਦੇ ਭਰਵੇਂ ਵਿਰੋਧ ਦੇ ਬਾਵਜੂਦ ਤਿੰਨ ਕਾਲੇ ਖੇਤੀ ਕਾਨੂੰਨ ਕੇਂਦਰ ਸਰਕਾਰ ਨੇ ਪਾਸ ਕਰ ਦਿੱਤੇ ਹਨ ਅਤੇ ਵੱਡੇ ਕਿਸਾਨੀ, ਲੋਕਾਈ ਵਿਰੋਧ ਦੇ ਬਾਵਜੂਦ ਵੀ ਉਹਨਾ ਦੀ ਕੋਈ ਗੱਲ ਨਹੀਂ ਸੁਣੀ ਜਾ ਰਹੀ। ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਪੂਰੇ ਸਿਦਕ, ਦਲੇਰੀ ਨਾਲ ਬੈਠੇ ਹਨ, ਅੰਤਮ ਜਿੱਤ ਤੱਕ, ਤਿੰਨੇ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ।

ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਆਪਣੇ ਸੰਘਰਸ਼ ਨੂੰ ਲਗਾਤਾਰ ਚਲਾਉਣ ਲਈ ਜਿਵੇਂ ਇਹ ਸਿਖਾਇਆ ਹੈ ਕਿ ਹੌਂਸਲਾ ਕਿਵੇਂ ਰੱਖਣਾ ਚਾਹੀਦੈ ਅਤੇ ਸਮੇਂ ਵਿੱਚ ਵਿਸ਼ਵਾਸ ਦੀ ਆਸ ਕਿਵੇਂ ਮੱਧਮ ਨਹੀਂ ਹੋਣ ਦੇਣੀ, ਇਹ ਇਸ ਅੰਦੋਲਨ ਨੂੰ ਦੇਖਿਆਂ, ਸੁਣਿਆਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਹਜ਼ਾਰਾਂ, ਲੱਖਾਂ ਦੀ ਗਿਣਤੀ 'ਚ ਦਿੱਲੀ ਦੀਆਂ ਬਰੂਹਾਂ 'ਤੇ ਹੁੰਕਾਰ ਭਰਦੇ ਲੋਕ, ਆਪਣੇ ਨਾਲ ਹੋ ਰਹੇ ਸੋਸ਼ਣ, ਧੋਖੇ, ਦਮਨ, ਅਨਿਆਂ ਨੂੰ ਬੇਬਾਕੀ ਨਾਲ ਦੁਨੀਆ ਸਾਹਮਣੇ ਪੇਸ਼ ਕਰ ਰਹੇ ਹਨ, ਕਿਉਂਕਿ ਕਿਸਾਨਾਂ ਦੀ ਜ਼ਮੀਨ ਅਜਿਹੀ ਚੀਜ਼ ਨਹੀਂ ਜਿਸਨੂੰ ਵੇਚਕੇ ਪੈਸੇ ਵੱਟੇ ਜਾ ਸਕਦੇ ਸਨ, ਸਗੋਂ ਜ਼ਮੀਨ ਤਾਂ ਉਹਨਾ ਦੀ ਹੋਂਦ ਦਾ ਹਿੱਸਾ ਹੈ ਅਤੇ ਉਹ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ।

ਪੌੜੀ ਦਰ ਪੌੜੀ ਇਹ ਸੰਗਰਾਮ ਅੱਗੇ ਵਧਿਆ ਹੈ ਅਤੇ ਆਪਣੀ ਚਰਮ ਸੀਮਾ ਉਤੇ ਉਦੋਂ ਪਹੁੰਚਿਆ, ਜਦੋਂ ਅੰਦੋਲਨ ਦੇ ਆਗੂਆਂ ਭਾਰਤ ਬੰਦ ਦਾ ਸੱਦਾ ਦਿੱਤਾ, ਜਿਸਨੂੰ ਪੂਰੇ ਦੇਸ਼ ਵਿੱਚ ਭਰਵਾਂ ਹੁੰਗਾਰਾ ਮਿਲਿਆ। ਇਹ ਅੰਦੋਲਨ ਦੀ ਵੱਡੀ ਪ੍ਰਾਪਤੀ ਹੋ ਨਿਬੜਿਆ। ਇਸ ਨੇ ਦੇਸ਼ 'ਤੇ ਰਾਜ ਕਰ ਰਹੀ ਧਿਰ ਦੀਆਂ ਚੂਲਾਂ ਹਿਲਾ ਦਿੱਤੀਆਂ। ਭਾਰਤ ਬੰਦ ਦੇ ਸੱਦੇ ਨੂੰ ਜਦੋਂ ਹਰ ਸ਼ਹਿਰ, ਹਰ ਪਿੰਡ, ਹਰ ਕਸਬੇ, ਹਰ ਜ਼ਿਲੇ, ਹਰ ਸੂਬੇ 'ਚ ਭਰਵਾਂ ਹੁੰਗਾਰਾਂ ਮਿਲਿਆ ਅਤੇ ਇਹ ਬੰਦ ਜਿਵੇਂ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ, ਉਸਨੇ ਮੌਜੂਦਾ ਹਾਕਮ ਨੂੰ ਇਹ ਬਿਆਨ ਦੇਣ 'ਤੇ ਮਜ਼ਬੂਰ ਕਰ ਦਿੱਤਾ, "ਕੇਂਦਰ ਗੱਲਬਾਤ ਲਈ ਤਿਆਰ ਹੈ ਤੇ ਸਰਕਾਰ ਮਸਲੇ ਦਾ ਹੱਲ ਚਾਹੁੰਦੀ ਹੈ"। ਉਂਜ ਇਹ ਵੀ ਇੱਕ ਛਲਾਵਾ ਹੈ।

ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਮੌਜੂਦਾ ਹਾਕਮਾਂ ਨੇ ਕੋਝੇ ਢੰਗ-ਤਰੀਕੇ ਵਰਤੇ। ਇਸ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ। ਅੰਦੋਲਨਕਾਰੀਆਂ ਨੂੰ "ਪਰਜੀਵੀ" ਦੱਸਿਆ। ਖਾਲਿਸਤਾਨੀ, ਅਤਿਵਾਦੀ ਕਿਹਾ। ਅੰਦੋਲਨਕਾਰੀਆਂ ਲਈ ਲਗਾਏ ਲੰਗਰਾਂ ਲਈ ਆਉਣ ਵਾਲੇ ਧੰਨ ਉਤੇ ਸਵਾਲ ਉਠਾਏ। ਦਿੱਲੀ ਦੀਆਂ ਸਰਹੱਦਾਂ ਨੂੰ ਸੀਲ ਕੀਤਾ। 26 ਜਨਵਰੀ 2021 ਨੂੰ "ਟਰੈਪ" ਲਗਾ ਕੇ ਕੁਝ ਕਿਸਾਨਾਂ ਨੂੰ ਲਾਲ ਕਿਲੇ ਵੱਲ ਲੈ ਜਾਇਆ ਗਿਆ। ਗੋਦੀ ਮੀਡੀਆਂ ਨੇ ਕਿਸਾਨ ਅੰਦੋਲਨ ਨੂੰ ਦੇਸ਼ ਧ੍ਰੋਹੀ ਅੰਦੋਲਨ ਤੱਕ ਗਰਦਾਨਿਆ। ਜਿਵੇਂ ਮੁਗਲ ਸਾਮਰਾਜ ਵੇਲੇ ਕਿਸਾਨਾਂ ਤੋਂ ਮਾਲੀਆ ਇਕੱਠਾ ਕਰਨ ਲਈ ਫੌਜਾਂ ਬੁਲਾਈਆਂ ਜਾਂਦੀਆਂ ਸਨ, ਉਵੇਂ ਹੀ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਦਿੱਲੀ 'ਚ ਵੜਨੋਂ ਰੋਕਣ ਲਈ ਸੁਰੱਖਿਆ ਬਲਾਂ ਦਾ ਸਹਾਰਾ ਲਿਆ ਗਿਆ। ਇਥੇ ਹੀ ਬੱਸ ਨਹੀਂ ਐਫ.ਸੀ.ਆਈ. (ਫੂਡ ਕਾਰਪੋਰੇਸ਼ਨ ਆਫ਼ ਇੰਡੀਆ) ਰਾਹੀਂ ਫੁਰਮਾਨ ਜਾਰੀ ਹੋਇਆ ਕਿ ਆੜ੍ਹਤੀਆਂ ਦੀ ਵਿਚੋਲਗਿਰੀ ਖ਼ਤਮ ਕਰਕੇ, ਕਣਕ, ਖ਼ਰੀਦ ਦੇ ਪੈਸੇ ਸਿੱਧੇ ਜ਼ਮੀਨ ਮਾਲਕ ਦੇ ਖਾਤੇ ਪਾਏ ਜਾਣਗੇ। ਇਹ ਚਾਲ ਕਿਸਾਨਾਂ ਅਤੇ ਆੜ੍ਹਤੀਆਂ 'ਚ ਉਵੇਂ ਦੀ ਫੁਟ ਪਾਉਣ ਵਰਗੀ ਚਾਲ ਹੈ, ਜਿਵੇਂ ਦੀ ਫੁੱਟ ਦੇਸ਼ ਦੀ ਹਾਕਮ ਧਿਰ ਦੇਸ਼ ਦੀ ਕੁਰਸੀ ਹਥਿਆਉਣ ਲਈ ਲੋਕਾਂ ਨੂੰ ਧਰਮ, ਜਾਤ, ਕਬੀਲੇ ਦੇ ਨਾਮ ਉਤੇ ਵੰਡਕੇ ਚਾਲ ਚਲਦੀ ਹੈ। ਇਸ ਸਭ ਕੁਝ ਦਾ ਸਿੱਟਾ, ਅੰਦੋਲਨਕਾਰੀਆਂ ਵਿੱਚ ਰਾਜ ਕਰ ਰਹੀ ਪਾਰਟੀ ਭਾਜਪਾ ਵਿਰੁੱਧ ਵੱਡੇ ਰੋਸ ਵਜੋਂ ਦੇਖਣ ਨੂੰ ਮਿਲ ਰਿਹਾ ਹੈ।

ਵੱਧ ਰਹੇ ਰੋਸ ਦੇ ਸਿੱਟੇ ਵਜੋਂ ਦੇਸ਼ 'ਚ ਜਿਥੇ ਹੋਰ ਪਾਰਟੀਆਂ ਨੇ ਭਾਜਪਾ ਗੱਠਜੋੜ ਦਾ ਸਾਥ ਛੱਡਿਆ, ਉਥੇ ਅਕਾਲੀ ਵੀ ਭਾਜਪਾ ਦਾ ਸਾਥ ਛੱਡ ਗਏ। ਭਾਜਪਾ ਦਾ ਵਿਰੋਧ ਸੂਬੇ ਪੰਜਾਬ ਅਤੇ ਹਰਿਆਣਾ ਵਿੱਚ ਤਾਂ ਇਥੋਂ ਤੱਕ ਵੱਧ ਗਿਆ ਹੈ ਕਿ ਭਾਜਪਾ ਨੇਤਾਵਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ। ਕਿਸਾਨ ਉਹਨਾ ਨੂੰ ਥਾਂ-ਥਾਂ ਘੇਰ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ ਤਿੰਨੇ ਕਾਲੇ ਕਾਨੂੰਨ ਵਾਪਸ ਹੋਣ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਡਾ: ਸਵਾਮੀਨਾਥਨ ਦੀ ਰਿਪੋਰਟ ਲਾਗੂ ਹੋਵੇ।

ਉਹ ਭਾਜਪਾ ਪੰਜਾਬ, ਜਿਹੜੀ 2022 ਦੀ ਆਉਣ ਵਾਲੀ ਵਿਧਾਨ ਸਭਾ ਚੋਣ 'ਚ 117 ਸੀਟਾਂ ਉਤੇ ਚੋਣ ਲੜਨ ਦਾ ਦਾਅਵਾ ਕਰ ਰਹੀ ਸੀ, ਉਸਦੀ ਪੰਜਾਬ ਦੀਆਂ ਸਥਾਨਕ ਸਰਕਾਰਾਂ, ਨਗਰ ਨਿਗਮ, ਮਿਊਂਸਪਲ ਕਮੇਟੀਆਂ ਆਦਿ ਦੀਆਂ ਚੋਣਾਂ 'ਚ ਵੱਡੀ ਕਿਰਕਿਰੀ ਹੋਈ ਅਤੇ ਉਸ ਨੂੰ ਪੂਰੇ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਆਪਣੇ ਚੋਣ ਨਿਸ਼ਾਨ ਉਤੇ ਚੋਣ ਲੜਨ ਲਈ ਉਮੀਦਵਾਰ ਮਿਲਣੇ ਔਖੇ ਹੋ ਗਏ। ਇਥੇ ਹੀ ਬੱਸ ਨਹੀਂ ਭਾਜਪਾ ਦਾ ਪੰਜਾਬ ਤੇ ਹਰਿਆਣਾ ਵਿਚ ਕਿਸਾਨਾਂ ਵਲੋਂ ਐਡਾ ਵੱਡਾ ਵਿਰੋਧ ਹੋ ਰਿਹਾ ਹੈ, ਜਿਹੜਾ ਸ਼ਾਇਦ ਕੇਂਦਰ ਦੀ ਹਾਕਮ ਧਿਰ ਨੇ ਕਦੇ ਚਿਤਵਿਆ ਹੀ ਨਹੀਂ ਹੋਏਗਾ।



27 ਮਾਰਚ 2021 ਨੂੰ ਮਲੋਟ ਵਿਖੇ ਭਾਜਪਾ ਵਿਧਾਇਕ ਆਰੁਣ ਨਾਰੰਗ ਤੇ ਹਮਲਾ ਹੋਇਆ। 25 ਮਾਰਚ 2021 ਨੂੰ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਕਿਸਾਨਾਂ ਘਿਰਾਓ ਕੀਤਾ।ਪਹਿਲੀ ਜਨਵਰੀ 2021 ਨੂੰ ਹੁਸ਼ਿਆਰਪੁਰ ਵਿੱਚ ਸਾਬਕਾ ਮੰਤਰੀ ਤੇ ਭਾਜਪਾ ਆਗੂ ਤੀਕਸ਼ਣ ਸੂਦ ਦੀ ਕੋਠੀ ਦੇ ਬਾਹਰ ਗੋਹਾ ਸੁੱਟਿਆ ਗਿਆ। 25 ਦਸੰਬਰ 2020 ਨੂੰ ਬਠਿੰਡਾ 'ਚ ਭਾਜਪਾ ਦੇ ਪ੍ਰੋਗਰਾਮ 'ਚ ਵੜ ਕੇ ਕਿਸਾਨਾਂ ਨੇ ਭੰਨ-ਤੋੜ ਕੀਤੀ। 13 ਅਕਤੂਬਰ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਟਾਂਡਾ ਟੋਲ ਪਲਾਜ਼ੇ ਤੇ ਹਮਲਾ ਹੋਇਆ। ਇਹਨਾਂ ਘਟਨਾਵਾਂ ਦੀ ਮੁੱਖ ਮੰਤਰੀ ਪੰਜਾਬ ਵੱਲੋਂ ਸਮੇਂ-ਸਮੇਂ ਨਿਖੇਧੀ ਕੀਤੀ ਗਈ ਤੇ ਹਮਲਾਵਾਰਾਂ ਵਿਰੁਧ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ। ਪਰ ਨਾਲ ਹੀ 27 ਮਾਰਚ ਨੂੰ ਇੱਕ ਬਿਆਨ 'ਚ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਭਵਿੱਖ ਵਿੱਚ ਅਜਿਹੀ ਘਟਨਾ ਰੋਕਣ ਲਈ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਸੰਕਟ ਨੂੰ ਤੁਰੰਤ ਹੱਲ ਕੀਤਾ ਜਾਵੇ। ਅਸਲ ਵਿੱਚ ਭਾਜਪਾ ਵਿਰੁੱਧ ਕਿਸਾਨਾਂ ਦਾ ਇਹ ਪ੍ਰਤੀਕਰਮ ਕੇਂਦਰ ਸਰਕਾਰ ਦੀ ਕਿਸਾਨ ਮਸਲੇ ਨੂੰ ਹੱਲ ਕਰਨ ਲਈ ਵਰਤੀ ਜਾ ਰਹੀ ਬੇਧਿਆਨੀ ਅਤੇ ਜ਼ਿੱਦ ਦੀ ਉਪਜ ਹੈ।

ਕਿਸਾਨ ਕੇਂਦਰ ਸਰਕਾਰ ਦਾ ਧਿਆਨ ਖਿੱਚਣ ਅਤੇ ਆਪਣੀਆਂ ਮੰਗਾਂ ਮੰਨੇ ਜਾਣ ਲਈ ਭਾਜਪਾ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ।ਇਹੋ ਕਾਰਨ ਹੈ ਕਿ ਦੇਸ਼ ਵਿਚਲੀਆਂ ਵਿਧਾਨ ਸਭਾ ਚੋਣਾਂ 'ਚ ਕਿਸਾਨ, ਆਪਣਾ ਕੋਈ ਸਿਆਸੀ ਏਜੰਡਾ ਨਾ ਹੋਣ ਦੇ ਬਾਵਜੂਦ ਵੀ ਪੱਛਮੀ ਬੰਗਾਲ ਵਿੱਚ ਭਾਜਪਾ ਵਿਰੁੱਧ ਪ੍ਰਚਾਰ ਕਰਨ ਲਈ ਗਏ ਹਨ ਅਤੇ ਦੇਸ਼ ਭਰ ਦੇ ਕਿਸਾਨਾਂ ਦੀ ਦੁਰਦਸ਼ਾ, ਉਹਨਾ ਦੀਆਂ ਆਰਥਿਕ ਹਾਲਾਤਾਂ, ਉਹਨਾ ਨਾਲ ਸਰਕਾਰ ਵਲੋਂ ਕੀਤੇ ਜਾ ਰਹੇ ਦੁਪਰਿਆਰੇ ਵਿਵਹਾਰ, ਕਰਜ਼ ਮੁਆਫ਼ ਨਾ ਕੀਤੇ ਜਾਣ ਕਾਰਨ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀ ਗੱਲ ਆਮ ਲੋਕਾਂ ਨਾਲ ਸਾਂਝੀ ਕਰ ਰਹੇ ਹਨ। ਉਹ ਆਪਣੀਆਂ ਮੰਗਾਂ ਦੇ ਹੱਕ ਵਿੱਚ ਦੇਸ਼ ਦੇ ਵੱਖੋ-ਵੱਖਰੇ ਸੂਬਿਆਂ 'ਚ ਜਾ ਕੇ ਪ੍ਰਚਾਰ ਕਰ ਰਹੇ ਹਨ ਅਤੇ ਭਾਜਪਾ ਦੀ ਧੰਨ ਕੁਬੇਰਾਂ ਨਾਲ ਪਾਈ ਸਾਂਝ, ਦੇਸ਼ ਦੇ ਅਸਾਸੇ ਵੇਚਣ, ਨਿੱਜੀਕਰਨ ਦੀਆਂ ਨੀਤੀਆਂ ਦੀ ਗੱਲ ਵੀ ਲੋਕਾਂ ਸਾਹਮਣੇ ਲਿਆਉਂਦੇ ਹਨ। ਉਹ ਭਾਜਪਾ ਵੱਲੋਂ ਕੀਤੇ ਚੋਣ ਵਾਅਦਿਆਂ ਨੂੰ ਪੂਰਿਆਂ ਨਾ ਕਰਨ ਦੀ ਬਾਤ ਪਾਉਣੋਂ ਵੀ ਨਹੀਂ ਖੁੰਝਦੇ। ਇੰਜ ਪੂਰੇ ਦੇਸ਼ ਵਿੱਚ ਭਾਜਪਾ ਦਾ ਅਕਸ ਖਰਾਬ ਹੋ ਰਿਹਾ ਹੇ।

ਇਥੇ ਹੀ ਬੱਸ ਨਹੀਂ ਅੰਤਰ-ਰਾਸ਼ਟਰੀ ਪੱਧਰ ਉਤੇ ਭਾਜਪਾ ਸਰਕਾਰ ਦੀ ਕਿਸਾਨ ਅੰਦੋਲਨ ਕਾਰਨ ਵੀ ਵਧੇਰੇ ਬਦਨਾਮੀ ਹੋ ਰਹੀ ਹੈ।ਕਿਸਾਨ ਅੰਦੋਲਨ ਦੀ ਬਰਤਾਨੀਆਂ ਦੀ ਪਾਰਲੀਮੈਂਟ ਵਿੱਚ ਚਰਚਾ, ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਭਾਰਤੀ ਕਿਸਾਨਾਂ ਦੇ ਹੱਕ 'ਚ ਆਵਾਜ਼ ਅਤੇ ਦੁਨੀਆਂ ਦੇ ਵੱਖੋ-ਵੱਖਰੇ ਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਅਤੇ ਵਿਦੇਸ਼ੀ ਛੋਟੇ ਕਿਸਾਨਾਂ ਅਤੇ ਵੱਡੀਆਂ ਫਿਲਮੀ ਹਸਤੀਆਂ ਅਤੇ ਸਮਾਜੀ ਕਾਰਕੁੰਨਾਂ ਨੇ ਭਾਰਤ ਸਰਕਾਰ ਦੀ ਹਕੂਮਤ ਵਿਰੁੱਧ ਵੱਡੇ ਸਵਾਲ ਉਠਾਏ ਹਨ ਅਤੇ ਇਸ ਨਾਲ ਦੇਸ਼ ਦੀ ਹਕੂਮਤ ਦਾ ਚਿਹਰਾ-ਮੋਹਰਾ ਇਸ ਕਰਕੇ ਵੀ ਹੋਰ ਪੇਤਲਾ ਹੋਇਆ ਹੈ ਕਿ ਕਿਸਾਨ ਜਥੇਬੰਦੀਆਂ ਨਾਲ ਗਿਆਰਾਂ-ਬਾਰਾਂ ਵੇਰ ਗੱਲਬਾਤ ਦਾ ਢੌਂਗ ਰਚਕੇ, ਕਿਸਾਨ ਮੰਗਾਂ ਦੀ ਗੱਲ ਕਿਸੇ ਨੇਪਰੇ ਨਹੀਂ ਚਾੜ੍ਹੀ ਗਈ। ਦੇਸ਼, ਵਿਦੇਸ਼ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਲਗਾਤਾਰ ਇਸ ਦਾ ਨੋਟਿਸ ਲੈਂਦੀਆਂ ਹਨ ਅਤੇ ਸਰਕਾਰ ਦੇ ਕਿਸਾਨ ਪ੍ਰਤੀ ਵਤੀਰੇ ਦੀ ਨਿੰਦਾ ਕਰਦੀਆਂ ਹਨ। ਉਹ ਸਰਕਾਰ ਦੀ ਉਸ ਅਸੰਵੇਦਨਸ਼ੀਲਤਾ ਨੂੰ ਵੀ ਆੜੇ ਹੱਥੀਂ ਲੈਂਦੀਆਂ ਹਨ ਕਿ ਅੰਦੋਲਨ ਦੌਰਾਨ 300 ਤੋਂ ਵੱਧ ਕਿਸਾਨ ਆਪਣੀਆਂ ਜਾਨਾਂ ਦੇ ਚੁੱਕੇ ਹਨ ਪਰ ਭਾਜਪਾ ਸਰਕਾਰ ਦੇ ਕੰਨਾਂ ਉਤੇ ਜੂੰ ਨਹੀਂ ਸਰਕ ਰਹੀ।

ਇਹ ਬਿਲਕੁਲ ਕਿਹਾ ਨਹੀਂ ਜਾ ਸਕਦਾ ਕਿ ਭਾਜਪਾ ਦੀ ਕੇਂਦਰ ਸਰਕਾਰ ਪੰਜਾਬ, ਹਰਿਆਣਾ 'ਚ ਭਾਜਪਾ ਦੇ ਨੇਤਾਵਾਂ, ਵਰਕਰਾਂ ਦੇ ਹੋ ਰਹੇ ਮੰਦੜੇ ਹਾਲ ਅਤੇ ਡਿੱਗ ਰਹੀ ਸਿਆਸੀ ਤਾਕਤ ਤੋਂ ਚਿੰਤਤ ਨਹੀਂ। ਉਸਦੀ ਚਿੰਤਾ ਭਾਰਤ ਬੰਦ ਦਾ ਪੰਜਾਬ, ਹਰਿਆਣਾ, ਯੂਪੀ ਤੋਂ ਬਾਅਦ ਰਾਜਸਥਾਨ, ਮੱਧ-ਪ੍ਰਦੇਸ਼, ਬਿਹਾਰ, ਉੜੀਸਾ, ਤਿਲੰਗਾਣਾ ਤੱਕ ਫੈਲਿਆ ਅਸਰ ਵੀ ਹੈ।ਭਾਰਤੀ ਜਨਤਾ ਪਾਰਟੀ ਅਸਲ ਵਿੱਚ ਕਿਸਾਨ ਅੰਦੋਲਨ ਦੇ ਦਬਾਅ ਹੇਠ ਹੈ, ਭਾਵੇਂ ਕਿ ਉਹ ਜ਼ਾਹਰ ਤੌਰ ਤੇ ਇਸਨੂੰ ਮੰਨ ਨਹੀਂ ਰਹੀ। ਉਸਦੀ ਪ੍ਰੇਸ਼ਾਨੀ ਗੁਜਰਾਤ ਅਤੇ ਕਰਨਾਟਕ ਵਿੱਚ ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੋਂ ਵੇਖੀ ਜਾ ਸਕਦੀ ਹੈ।

ਕੇਂਦਰ ਸਰਕਾਰ ਇਸ ਸਮੁੱਚੀ ਸਥਿਤੀ ਤੋਂ ਸਬਕ ਸਿਖਣ ਤੇ ਕਿਸਾਨਾਂ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੇ ਰਾਹ ਉੱਤੇ ਆਈ ਦਿਖਾਈ ਨਹੀਂ ਦੇ ਰਹੀ। ਕਿਸਾਨ ਅੰਦੋਲਨ ਨੂੰ ਲੈ ਕੇ ਮੋਦੀ ਸਰਕਾਰ ਕਿਸਾਨਾਂ ਖਾਸ ਕਰਕੇ ਪੰਜਾਬ ਨੂੰ ਸਬਕ ਸਿਖਾਉਣ ਦੇ ਰਾਹ ਤੁਰੀ ਹੋਈ ਹੈ। ਇਹ ਸਰਕਾਰੀ ਵਤੀਰਾ ਅਤੇ ਘਟਨਾਵਾਂ ਅਕਬਰ ਰਾਜ ਵੇਲੇ ਦੇ ਉਸ ਹੁਕਮ ਦੀ ਯਾਦ ਕਰਾਉਂਦਾ ਹੈ, ਜਿਸ ਅਨੁਸਾਰ ਭੌਂ ਦੀ ਵਾਹੀ ਕਰਨਾ ਰਾਜ ਵਲੋਂ ਇੱਕ ਜ਼ੁੰਮੇਵਾਰੀ ਹੋਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਟੈਕਸ ਵਸੂਲਣ ਵਾਲਿਆਂ ਨੂੰ ਇਹ ਹਦਾਇਤ ਕੀਤੀ ਗਈ ਕਿ ਉਹ ਇਹ ਗੱਲ ਯਕੀਨੀ ਬਨਾਉਣ ਕਿ ਸਾਰੀ ਵਾਹੀ ਯੋਗ ਭੌਂ ਉਤੇ ਵਾਹੀ ਕੀਤੀ ਜਾਵੇ। ਟੈਕਸਾਂ ਦੀ ਉਗਰਾਹੀ ਨੇਮ-ਬੱਧ ਕਰਨ ਲਈ ਅਕਬਰ ਦੇ ਵਿੱਤ ਵਿਭਾਗ ਨੇ, ਜਿਸਦਾ ਮੁੱਖੀ ਟੋਡਰ ਮੱਲ ਸੀ, ਨੇ ਫੁਰਮਾਨ ਜਾਰੀ ਕੀਤਾ ਹੋਇਆ ਸੀ ਕਿ ਪਾਦਸ਼ਾਹੀ ਦੇ ਕੇਂਦਰੀ ਹਿੱਸੇ ਵਿੱਚ ਭੌਂ ਰੱਸੀਆਂ ਨਾਲ ਨਹੀਂ, ਜਿਹੜੀਆਂ ਮਨਮਰਜ਼ੀ ਨਾਲ ਖਿੱਚੀਆਂ ਜਾਂ ਢਿੱਲੀਆਂ ਫੜੀਆਂ ਜਾ ਸਕਦੀਆਂ ਸਨ, ਸਗੋਂ ਬਾਂਸਾਂ ਨਾਲ ਨਾਪੀ ਜ਼ਾਵੇ।

## ਸੁਣ ਸੰਗਤੇ ਦਿੱਲੀ ਦੀਏ!

ਪੰਥਕ ਕੇਂਦਰ 'ਤੇ ਕਬਜਾ ਜੋ ਕਰੀ ਬੈਠੇ
ਦਿੱਲੀ ਵਿੱਚ ਵੀ ਚੌਧਰਾਂ ਚਾਹੁਣ ਭਾਈ।
ਝੂਠੀ ਪੰਡ ਲੈ ਦਾਅਵੇ ਤੇ ਵਾਅਦਿਆਂ ਦੀ
ਜਾਲ਼ ਵਿਚ ਫਿਰ ਆਏ ਫਸਾਉਣ ਭਾਈ।
ਚੱਲਦੇ ਕੇਸ ਕਈ ਘਾਲ਼ਿਆਂ-ਮਾਲ਼ਿਆਂ ਦੇ
ਕਿਹੜਾ ਮੂੰਹ ਲੈ ਲੋਕਾਂ 'ਚ ਆਉਣ ਭਾਈ।
ਮੌਕਾ ਸਾਂਭ ਲਉ 'ਗੁਰੂ ਕੀ ਸੰਗਤੇ' ਜੀ
ਚੰਮ ਦੀਆਂ ਨਾ ਮੁੜਕੇ ਚਲਾਉਣ ਭਾਈ।
ਜਿਹਦੇ ਮੱਥੇ 'ਤੇ ਦਾਗ ਬਿਅਦਬੀਆਂ ਦੇ
ਰੱਖੋ ਧਰਮ ਤੋਂ ਦੂਰ ਇਸ 'ਪਾਰਟੀ' ਨੂੰ।
ਸਿੱਧ ਕਰ ਦਿਉ ਅਸੀਂ ਹੁਣ ਜਾਗਦੇ ਹਾਂ
ਮੂੰਧੀ ਮਾਰ ਕੇ ਇਹਨਾਂ ਦੀ 'ਬਾਲਟੀ' ਜੀ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਤੂੰ ਪ੍ਰਦੇਸ ਜਾਣ ਨੂੰ ਫਿਰਦੀ


ਤੂੰ ਪ੍ਰਦੇਸ ਜਾਣ ਨੂੰ ਫਿਰਦੀ ਸੀ ਹੁਣ ਬੈਠੀ ਪੱਬਾਂ ਭਾਰ ਕੁੜੇ
ਤੈਨੂੰ ਬੜਾ ਵਰਜਿਆ ਨਾ ਹਟੀ ਨਿੱਤ ਕਹਿੰਦੀ ਸੀ ਜਾਣ ਬਾਹਰ ਕੁੜੇ
ਸੋਚ-ਸੋਚ ਕੇ ਕੀ ਬਣਦਾ ਤੇਰੀ ਕਿਸਮਤ ਦੇ ਗਈ ਹਾਰ ਕੁੜੇ
ਪੰਛੀਆਂ ਤੇ ਪ੍ਰਦੇਸੀਆਂ ਤੇ ਨਾ ਕਰੀਏ ਕਦੇ ਇਤਬਾਰ ਕੁੜੇ
ਤੂੰ 'ਹੇਮਾ' ਨਾਲੋਂ ਘੱਟ ਨਾ ਸਮਝੇ ਕਰਦੀ ਸੀ ਹੰਕਾਰ ਕੁੜੇ
ਉਹ ਸਾਲੂ ਵਿਚ ਲਪੇਟੀ ਛੱਡ ਗਿਆ ਮੱਚ ਗਈ ਹਾਹਾਕਾਰ ਕੁੜੇ
ਅੱਗ ਵਾਂਗੂ ਗੱਲ ਫੈਲ ਗਈ ਹੁਣ ਹੋ ਗਈ ਜੱਗ ਤਾਂ ਜਾਹਰ ਕੁੜੇ
ਸੱਤ ਪੱਤਣਾਂ ਦਾ ਤਾਰੂ ਸੀ ਉਹਨੇ ਖੇਡਿਆ ਕਿਵੇਂ ਸ਼ਿਕਾਰ ਕੁੜੇ
ਜੱਸੀ ਵਾਂਗੂੰ ਸੁੱਤੀ ਛਡ ਕੇ ਦਿਲ ਵਿਚ ਸੀ ਕੋਈ ਖਾਰ ਕੁੜੇ
ਸੋਹਣੀ ਨਾਲੋਂ ਘੱਟ ਨਾ ਕੀਤੀ ਖੁਰ ਗਿਆ ਅੱਧ ਵਿਚਕਾਰ ਕੁੜੇ
ਇੱਥੇ ਹਰ ਕੋਈ ਨਕਲੀ ਨਾ ਕੋਈ ਅਸਲੀ ਝੂਠਾ ਹੀ ਸਭ ਪਿਆਰ ਕੁੜੇ
ਚਿੱਠੀਆਂ ਲਿਖ ਕੇ ਥੱਕ ਗਈ ਤੂੰ ਕੀਤੇ ਫੋਨ ਹਜ਼ਾਰ ਕੁੜੇ
ਨਾ ਫੋਨ ਚੁੱਕੇ ਨਾ ਮੈਸੇਜ ਸੁਣਦਾ ਕੀ ਦਿਲ ਵਿਚ ਬੈਠਾ ਧਾਰ ਕੁੜੇ



- ਦੇਵ ਘੋਲੀਆ ਖੁਰਦ
559-232-7764

ਬਾਕੀ ਗੱਲੀਂ ਬਾਤੀਂ ਸਭ ਪ੍ਰਦੇਸੀ ਜਾਨ ਦੇਣ ਤਾ ਵਾਰ ਕੁੜੇ
ਪੈਸੇ ਦਾ ਪੁੱਤ ਬਣਕੇ ਰਹਿੰਦੇ ਤਾਂ ਹੀ ਡਿੱਗ ਪਿਆ ਕਿਰਦਾਰ ਕੁੜੇ
ਦੱਸਣ ਨਾ ਇਹ ਸਹੀ ਸਿਰਨਾਵਾਂ ਹੋ ਜਾਣ ਜਦੋਂ ਫਰਾਰ ਕੁੜੇ
ਵਿਚ ਕਚਹਿਰੀਆਂ ਰੁਲ ਜਾਵੇਗੀ ਨਾ ਸੁਣਦੀ ਹੈ ਸਰਕਾਰ ਕੁੜੇ।
ਕਰਦੀ ਗੋਹਾ ਕੂੜਾ ਮਰ ਜਾਏਗੀ ਨਾ ਮਾਂਤੋ ਹੋਣਾ ਸਹਾਰ ਕੁੜੇ
ਜੇ ਸੱਚ ਪੁੱਛੇ ਤੇਰੇ ਬਾਬਲ ਦੀ ਬੱਸ ਰੁਲ ਗਈ ਹੈ ਦਸਤਾਰ ਕੁੜੇ
ਕਿਸੇ ਚੁਗਲਖੋਰੇ ਨੇ ਚੁਗਲੀ ਕੀਤੀ ਪੱਟ ਦਿੱਤਾ ਘਰ ਬਾਰ ਕੁੜੇ
ਪਤਾ ਹੁੰਦਾ ਉਹਨੇ ਇੰਝ ਕਰਨੀ ਦੇਣਾ ਮਿਰਜੇ ਵਾਂਗ ਹੀ ਮਾਰ ਕੁੜੇ
ਤਾਂਹੀ ਅੱਕੇ ਸੱਤੇ ਨੂੰ ਕੰਮ ਦਿੰਦਾ ਭਾਵੇਂ ਚੋਰੀ ਦਾ ਹਥਿਆਰ ਕੁੜੇ
ਉਹਦੇ ਪਿੰਡ 'ਘੋਲੀਏ' ਜਾ ਕੇ ਦੱਸੀ ਕਿਵੇਂ ਕੀਤਾ ਖੱਜਲ ਖੁਆਰ ਕੁੜੇ
ਹੁਣ ਮਰ ਜਾਣਾ ਉਹ'ਦੇਵ' ਨਿਮਾਣਾ ਲੈਂਦਾ ਕਿਉਂ ਨੀ ਸਾਰ ਕੁੜੇ
ਉਹਨੇ ਪਿਛਲੇ ਜਨਮ ਦਾ ਲੈ ਲਿਆ ਬਦਲਾ ਲੈ ਕੇ ਲਾਵਾਂ ਚਾਰ ਕੁੜੇ।

# ਗਾਇਕੀ ਦਾ ਮਾਣ ਸ਼ੌਕਤ ਅਲੀ- ਅਲੀ ਰਾਜਪੁਰਾ



ਸ਼ੌਕਤ ਅਲੀ ਸਾਹਿਬ ਦਾ ਬੇ-ਵਕਤ ਤੁਰ ਜਾਣਾ ਦਿਲ ਨੂੰ ਧੁਰ ਅੰਦਰ ਤੱਕ ਚੀਰ ਗਿਆ। ਯਾਦਾਂ ਦਾ ਝੱਖੜ ਝੁੱਲ ਗਿਆ। ਸ਼ੌਕਤ ਅਲੀ ਸਾਹਿਬ ਦੇ ਗੀਤ ਫਿਜਾਵਾਂ ਵਿਚ ਹਮੇਸ਼ਾ ਗੂੰਜਦੇ ਰਹਿਣ ਗੇ ਕਿਓਂਕਿ ਫਨਕਾਰ ਭਾਂਵੇਂ ਸਰੀਰਕ ਤੌਰ ਤੇ ਨਾਂ ਹੋਣ ਪਰ ਉਹਨਾਂ ਦੁਆਰਾ ਕਲਾਵਾਂ ਰੂਪੀ ਪੈੜਾਂ ਅਮਰ ਤੇ ਸਦੀਵੀ ਹੁੰਦੀਆਂ ਹਨ। ਸ਼ੌਕਤ ਸਾਹਿਬ! ਲਹਿੰਦੇ ਪੰਜਾਬ ਦਾ ਹੀ ਨਹੀ ਚੜੈਹਦੇ ਪੰਜਾਬ ਦਾ ਵੀ ਮਾਣ ਸੀ। ਮਾਂ ਬੋਲੀ ਦਾ ਸਰਵਣ ਪੁੱਤ ਭਾਵੇਂ ਦੁਨੀਆਂ ਤੋਂ ਰੁਖਸਤ ਹੋ ਚੁਕਿਆ ਹੈ ਪਰ ਯਕੀਨ! ਨੈਹੀਂ ਬੱਝਦਾ ਕਿ ਇਹ ਭਾਣਾ ਵਰਤ ਗਿਆ ਹੈ। ਕੈਨੇਡਾ ਵਿਚ ਲੱਗਦੇ ਗਦਰੀ ਬਾਬਿਆਂ ਦੇ ਮੇਲੇ ਤੇ ਜਦੋਂ ਹੋਣਹਾਰ ਗਾਇਕ ਗਿੱਲ ਹਰਦੀਪ ਨੇ ਗਾਇਆ ਸੀ:

ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਹੌਰ ਦਾ

ਤਾਂ ਜਨਾਬ ਕੁਲਦੀਪ ਮਾਣਕ ਸਾਹਿਬ ਤੇ ਸ਼ੌਕਤ ਅਲੀ ਸਾਹਿਬ ਇੰਨੇ ਭਾਵੁਕ ਹੋ ਗੇ ਕਿ ਦੋਵਾਂ ਨੇ ਆਪਣੀਆਂ ਪੱਗਾਂ ਵਟਾ ਕੇ ਭਾਈਆਂ ਵਾਲ਼ਾ ਰਿਸ਼ਤਾ ਬੁਣ ਲਿਆ ਸੀ, ਇਸ ਰਿਸ਼ਤੇ ਦਾ ਵਿਚੋਲਾ ਸਾਹਿਬ ਥਿੰਦ ਬਣਿਆ ਸੀ। ਜਦੋਂ ਮੈਂ ਜਨਾਬ ਕੁਲਦੀਪ ਮਾਣਕ ਸਾਹਿਬ ਦੀ ਜ਼ਿੰਦਗੀ 'ਤੇ ਕਿਤਾਬ ਲਿਖ ਰਿਹਾ ਸੀ ਤਾਂ ਮੇਰੀ ਅਨੇਕਾਂ ਵਾਰ ਸ਼ੌਕਤ ਅਲੀ ਸਾਹਿਬ ਨਾਲ ਗੱਲ ਹੁੰਦੀ ਰਹੀ ਕਦੇ ਇਨੈਹਾਂ ਨੂੰ ਮੈਂ ਫੋਨ ਕਰ ਲੈਣਾ ਕਦੇ ਮੈਨੂੰ ਇਹ ਆਪ ਫੋਨ ਕਰ ਲੈਂਦੇ। ਜਦੋਂ ਵੀ ਗੱਲ ਹੁੰਦੀ ਇਹੋ ਹੀ ਕਹਿੰਦੇ ਅਲੀ ਭਾਈ ਜਾਨ, ਸੁਹਣੀ ਜੀ ਕਿਤਾਬ ਲਿਖੀ ਸਾਡੇ ਯਾਰ ਬਾਰੇ, ਉਂਜ ਤਾਡੇ ਇਧਰ ਮਾਣਕ ਸਾਹਬ ਵਰਗਾ ਗਵੱਈਆ ਕੋਈ ਹੈ ਨਹੀਂ, ਮੈਂ ਤਾਂ ਅੱਲਾਹ ਪਾਕ ਕੋਲੇ ਦੁਆਵਾਂ ਕਰਦਾ ਕਿ ,ਅਗਲੀ ਦੁਨੀਆਂ 'ਚ ਸਾਡੀ ਦੋਵਾਂ ਦੀ ਅੰਮੀ ਇਕੋ ਈ ਹੋਵੇ। ਜਦੋਂ ਮਾਣਕ ਸਾਹਿਬ ਦੀ ਜੀਵਨੀ ਛਪ ਗਈ ਤਾਂ ਮੈਂ ਕਿਤਾਬ ਸ਼ੌਕਤ ਅਲੀ ਸਾਹਿਬ ਨੂੰ ਭੇਜੀ, ਕਿਤਾਬ! ਦੇਖ ਕੇ ਸ਼ੌਕਤ ਅਲੀ ਸਾਹਿਬ ਨੇ ਮੈਨੂੰ ਲੱਖਾਂ ਦੁਆਵਾਂ ਨਾ਼ਲ ਵਧਾਈ ਦਿੱਤੀ ਜੋ ਕਿ ਮੇਰੇ ਲਈ ਮਾਣ ਵਾਲੀ ਗੱਲ ਸੀ।

ਸ਼ੌਕਤ ਅਲੀ ਸਾਹਿਬ ਦੇ ਅਨੇਕਾਂ ਗੀਤਾਂ ਨੂੰ ਚੜਦੇ ਪੰਜਾਬ ਦੇ ਕਈ ਗਾਇਕਾਂ ਨੇ ਹੂ ਬ ਹੂ ਜਾਂ ਤੋੜ ਕੇ ਗਾਇਆ ਗਿਆ, ਜਿਸ ਦੀਆਂ ਅਣਗਿਣਤ ਉਦਾਹਰਨਾਂ ਨੇ। ਉਸ ਕਲਾ ਨੂੰ ਹੀ ਦੁਹਰਾਇਆ ਜਾਂਦਾ ਹੈ ਜਾਂ ਇਹ ਕਹਿ ਲੋ ਕਿ ਉਸੇ ਕਲਾ ਦੀ ਹੀ! ਨਕਲ ਕੀਤੀ ਜਾਂਦੀ ਹੈ ਜਿਸ ਵਿਚ ਦੰਮ ਹੁੰਦਾ ਐ। ਸੋ ਇਸ ਮਾਣਮੱਤੇ ਫਨਕਾਰ ਦਾ ਬੇ-ਵਕਤ ਤੁਰ ਜਾਣਾਂ ਕਲਾ ਪੈਰੇਮੀਆਂ ਲਈ ਬੇਅੰਤ ਦੁੱਖ ਦਾਇਕ ਹੈ। ਅੱਲਾਹ ਪਾਕ, ਇਸ ਪਾਕ ਰੂਹ ਨੂੰ ਜੰਨਤ ਨਸੀਬ ਫਰਮਾਵੇ।

**- ਅਲੀ ਰਾਜਪੁਰਾ 'ਸਟੇਟ ਐਵਾਰਡੀ'**
91-94176 79302

## ਪਾਕਿਸਤਾਨ ਅੰਦਰ ਸ਼ਾਹਮੁਖੀ 'ਚ ਛਪੇ ਦੋ ਗ਼ਜ਼ਲ ਸੰਗ੍ਰਹਿਾਂ ਦੇ ਲਿਪੀਅੰਤਰਕਾਰ ਨੂੰ ਐਵਾਰਡ ਮਿਲੇਗਾ





**ਲੁਧਿਆਣਾ-** ਪਾਕਿਸਤਾਨ ਅੰਦਰ ਵੱਡੇ ਪ੍ਰਕ-ਾਸ਼ਨ ਇਦਾਰੇ ਸਾਂਝ ਪ੍ਰਕਾਸ਼ਨ ਲਾਹੌਰ ਵੱਲੋਂ ਪ੍ਰਕ-ਾਸ਼ਿਤ ਭਾਰਤੀ ਪੰਜਾਬ ਦੇ ਸ਼ਾਇਰਾਂ ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਰਾਵੀ ਤੇ ਮਨਜਿੰਦਰ ਧਨੋਆ ਦੇ ਗ਼ਜ਼ਲ ਸੰਗ੍ਰਹਿ ਸੁਰਮ ਸਲਾਈ ਦੇ ਲਿਪੀਅੰਤਰਕਾਰ ਗੁਜਰਾਤ ਵਾਸੀ ਜੀ ਚਾਂਦ ਸ਼ਕੀਲ ਵਰਲਡ ਪੰਜਾਬੀ ਫੋਰਮ ਵੱਲੋਂ ਐਵਾਰਡ ਦਾ ਐਲਾਨ ਕੀਤਾ ਗਿਆ ਹੈ। ਪਿਛਲੇ ਸਾਲ ਫਰਵਰੀ ਮਹੀਨੇ ਸਾਂਝ ਪ੍ਰਕਾਸ਼ਨ ਲਾਹੌਰ ਵੱਲੋਂ ਇਹ ਦੋ ਕਿਤਾਬਾਂ ਪਾਕ ਹੈਰੀਟੇਜ ਹੋਟਲ ਲਾਹੌਰ ਵਿੱਚ ਰਾਏ ਅਜ਼ੀਜ਼ ਉਲਾ ਖਾਂ, ਅਮਜਦ ਸਲੀਮ ਮਿਨਹਾਸ ,ਬਾਬਾ ਨਜਮੀ, ਡਾ: ਸੁਗਰਾ ਸੱਦਫ ਤੇ ਅਫਜ਼ਲ ਸਾਹਿਰ ਵੱਲੋਂ ਲੋਕ ਅਰਪਨ ਕੀਤੀਆਂ ਗਈਆਂ ਸਨ। ਇਹ ਜਾਣਕਾਰੀ ਦਿੰਦਿਆਂ ਗੁਰਭਜਨ ਗਿੱਲ ਨੇ ਦੱਸਿਆ ਕਿ ਮੇਰੀ ਗ਼ਜ਼ਲ ਪੁਸਤਕ ਰਾਵੀ ਅਤੇ ਮਨਜਿੰਦਰ ਧਨੋਆ ਦੇ ਗ਼ਜ਼ਲ ਸੰਗ੍ਰਹਿ ਸੁਰਮ ਸਲਾਈ ਨੂੰ ਲਿਪੀਅੰਤਰ ਕਰਨ ਵਾਲੇ ਜੀ ਚਾਂਦ ਸ਼ਕੀਲ (ਗੁਜਰਾਤ) ਲਗਾਤਾਰ ਭਾਰਤੀ ਪੰਜਾਬ ਦੇ ਪੰਜਾਬੀ ਸਾਹਿੱਤ ਨੂੰ ਪਾਕਿਸਤਾਨ ਵਿੱਚ ਪੇਸ਼ ਕਰ ਕਰੇ ਹਨ। ਅਜਿਹਾ ਹੋਣ ਨਾਲ ਲਿਪੀ ਦੀਆਂ ਅਣਦਿਸਵੀਆਂ ਸਰਹੱਦਾਂ ਦੂਰ ਹੋਣਗੀਆਂ। ਇਸ ਚੰਗੇ ਕੰਮ ਨੂੰ ਭਾਰਤੀ ਪੰਜਾਬ ਚ ਵੀ ਕੁਝ ਦੋਸਤ ਬੜੀ ਤਨਦੇਹੀ ਨਾਲ ਕਰ ਰਹੇ ਹਨ। ਸਿਰਫ਼ ਪਿਛਲੇ ਸਾਲਾਂ ਚ ਹੀ ਬਾਬਾ ਨਜਮੀ, ਤਾਹਿਰਾ ਸਰਾ, ਅਫ਼ਜ਼ਲ ਸਾਹਿਰ ਤੇ ਸਾਬਰ ਅਲੀ ਸਾਬਰ ਦਾ ਕਲਾਮ ਗੁਰਮੁਖੀ ਅੱਖਰਾਂ ਚ ਛਪ ਚੁਕਾ ਹੈ। ਇਨ੍ਹਾਂ ਦੋਹਾਂ ਕਿਤਾਬਾਂ ਦੇ ਪ੍ਰਕਾਸ਼ਕ ਅਮਜਦ ਸਲੀਮ ਮਿਨਹਾਸ ਨੇ ਇਸ ਐਲਾਨ ਦਾ ਪੋਸਟਰ ਭੇਜਦਿਆਂ ਦੱਸਿਆ ਹੈ ਕਿ ਇਸ ਸਨਮਾਨ ਨਾਲ ਸਾਡਾ ਮਨੋਬਲ ਉੱਚਾ ਹੋਇਆ ਹੈ।

# ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਨੂੰ ਸਦਮਾ- ਲੇਖਕ ਜੀਵਨ ਸਾਥਣ ਦੀਪ ਮੋਹਿਨੀ ਸੁਰਗਵਾਸ

ਕੋਲਕਾਤਾ ਵੱਸਦੇ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਦੀ ਲੇਖਕ ਜੀਵਨ ਸਾਥਣ ਦੀਪ ਮੋਹਿਨੀ ਦਾ ਅੱਜ ਦੁਪਹਿਰ ਕੋਲਕਾਤਾ ਵਿਖੇ ਦੇਹਾਂਤ ਹੋ ਗਿਆ ਹੈ। ਉਹ ਲਗਪਗ 85 ਸਾਲਾਂ ਦੇ ਸਨ।

ਉਨ੍ਹਾਂ ਦੀਆਂ ਦੋ ਰਚਨਾਵਾਂ ਵਿੱਚੋਂ ਦੇਸ਼ ਵੰਡ ਬਾਰੇ ਨਾਵਲ ਧੁੰਦ ਵਿੱਚ ਇੱਕ ਸਵੇਰ ਅਤੇ ਕਹਾਣੀ ਸੰਗ੍ਰਹਿ ਦੋ ਰਾਤਾਂ ਦਾ ਫ਼ਾਸਲਾ ਮਹੱਤਵਪੂਰਨ ਰਚਨਾਵਾਂ ਸਨ। ਧੁੰਦ ਵਿੱਚ ਇੱਕ ਸਵੇਰ ਜਦ ਮਾਸਿਕ ਪੱਤਰ ਦ੍ਰਿਸ਼ਟੀ ਚ ਪਿਛਲੀ ਸਦੀ ਦੇ ਸਤਵੇਂ ਦਹਾਕੇ ਦੌਰਾਨ ਛਪਿਆ ਤਾਂ ਵਿਸ਼ਾਲ ਪਾਠਕ ਵਰਗ ਨੇ ਚੰਗਾ ਸਲਾਹਿਆ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬੰਬ(ਨੇੜੇ ਧਿਆਨਪੁਰ) ਦੇ ਜੱਦੀ ਵਸਨੀਕ ਸ: ਪਿਆਰਾ ਸਿੰਘ ਰੰਧਾਵਾ ਦੇ ਘਰ ਆਪ ਦਾ ਜਨਮ ਹੋਇਆ ਜੋ ਉਸ ਸਮੇਂ ਸਿੰਧ ਵਿੱਚ ਰੁਜ਼ਗਾਰ ਕਮਾਉਂਦੇ ਸਨ। ਦੇਸ਼ ਵੰਡ ਤੋਂ ਬਾਦ ਉਹ ਪ੍ਰੀਤ ਨਗਰ ਵਿਖੇ ਆ ਗਏ ਜਿੱਥੇ ਉਹ ਪ੍ਰੀਤ ਨਗਰ ਐਕਟਿਵਿਟੀ ਸਕੂਲ ਚ ਪੜ੍ਹਾਉਣ ਲੱਗ ਪਏ। ਪ੍ਰੀਤ ਲੜੀ ਵਿੱਚ ਵੀ ਅਕਸਰ ਲਿਖਦੇ।



ਦੀਪ ਮੋਹਿਨੀ ਵੀ ਇਸੇ ਸਕੂਲ ਚ ਪੜ੍ਹਦੀ ਰਹੀ। ਪ੍ਰੀਤ ਨਗਰ ਵੱਸਦੇ ਲੇਖਕਾਂ ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸ: ਨਾਨਕ ਸਿੰਘ ਤੇ ਪਿਆਰਾ ਸਿੰਘ ਸਹਿਰਾਈ ਜੀ ਦਾ ਆਪ ਦੇ ਵਿਚਾਰਾਂ ਤੇ ਚੰਗਾ ਅਸਰ ਪਿਆ ਜਿਸ ਕਾਰਨ ਉਹ ਸਾਹਿੱਤ ਸਿਰਜਣਾ ਦੇ ਮਾਰਗ ਤੇ ਤੁਰੇ। ਪ੍ਰੀਤਲੜੀ, ਆਰਸੀ ਤੇ ਹੋਰ ਚੰਗੇ ਰਸਾਲਿਆਂ ਵਿੱਚ ਉਨ੍ਹਾਂ ਦੀਆਂ ਲਿਖਤਾਂ ਛਪਦੀਆਂ ਰਹੀਆਂ। ਉਨ੍ਹਾਂ ਦੀਆਂ ਦੋਵੇਂ ਲਿਖਤਾਂ ਸਤੀਸ਼ ਗੁਲਾਟੀ ਦੁਆਰਾ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਮੋਹਨ ਕਾਹਲੋਂ ਨਾਲ ਸ਼ਾਦੀ ਉਪਰੰਤ ਆਪ ਵੇਰਕਾ(ਅੰਮ੍ਰਿਤਸਰ) ਚ ਘਰ ਬਣਾ ਕੇ ਰਹਿਣ ਲੱਗ ਪਏ। ਆਪ ਦੇ ਇਕਲੌਤੇ ਸਪੁੱਤਰ ਰਾਜਪਾਲ ਸਿੰਘ ਕਾਹਲੋਂ ਨੇ ਆਈ ਏ ਐੱਸ ਅਧਿਕਾਰੀ ਬਣ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਲਗਪਗ ਦੋ ਸਾਲ ਪਹਿਲਾਂ ਹੀ ਉਹ ਪੱਛਮੀ ਬੰਗਾਲ ਤੋਂ ਚੀਫ਼ ਸੈਕਟਰੀ ਦੇ ਬਰਾਬਰ ਰੁਤਬੇ ਤੋਂ ਸੇਵਾ ਮੁਕਤ ਹੋਏ ਹਨ। ਦੀਪ ਮੋਹਿਨੀ ਜੀ ਦੀ ਇਕਲੌਤੀ ਬੇਟੀ ਇਰਾ ਕਾਹਲੋਂ ਵੀ ਕੋਲਕਾਤਾ ਦੇ ਮੱਲ੍ਹੀ ਪਰਿਵਾਰ ਚ ਵਿਆਹੀ ਹੋਈ ਹੈ। ਅਤਿਵਾਦ ਦੌਰਾਨ ਦੀਪ ਮੋ-ਹਨੀ ਦੇ ਨਿੱਕੇ ਵੀਰ ਕਵੀਰਾਜ ਸਿੰਘ ਰੰਧਾਵਾ ਸੰਪਾਦਕ ਲੋਕ ਮਾਰਗ ਨੂੰ ਸ਼ਹੀਦ ਕਰ ਦਿੱਤਾ ਗਿਆ ਜਿਸ ਨਾਲ ਉਹ ਅੰਦਰੋਂ ਲਗਪਗ ਟੁੱਟ ਗਏ ਸਨ। ਸ਼੍ਰੀਮਤੀ ਦੀਪ ਮੋਹਿਨੀ ਦਾ ਅੱਜ ਕੋਲਕਾਤਾ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਮੋਹਨ ਕਾਹਲੋਂ ਤੇ ਉਨ੍ਹਾਂ ਦੇ ਸਪੁੱਤਰ ਨੇ ਦਿੱਤੀ ਹੈ। ਕੋਲਕਾਤਾ ਵੱਸਦੇ ਪੰਜਾਬੀ ਲੇਖਕਾਂ ਜਗਮੋਹਨ ਸਿੰਘ ਗਿੱਲ, ਹਰਦੇਵ ਸਿੰਘ ਗਰੇਵਾਲ, ਗੁਰਦੀਪ ਸਿੰਘ ਸੰਘਾ, ਰਵੇਲ ਪੁਸ਼ਪ, ਭੁਪਿੰਦਰ ਬਸ਼ਰ, ਦੇਵਿੰਦਰ ਕੌਰ ਰਾਜਪਾਲ ਸਿੰਘ ਹਾਂਸ, ਤੇ ਰਵਿੰਦਰ ਕੌਰ (ਗੁੱਡੀ ਥਿੰਦ) ਨੇ ਵੀ ਦੀਪ ਮੋਹਿਨੀ ਦੇ ਦੇਹਾਂਤ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਭੱਠਲ, ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਗਿੱਲ, ਡਾ: ਗੁਰਇਕਬਾਲ ਸਿੰਘ,ਮਨਜਿੰਦਰ ਧਨੋਆ ਤੇ ਤ੍ਰੈਲੋਚਨ ਲੋਚੀ ਨੇ ਵੀ ਦੀਪ ਮੋਹਿਨੀ ਜੀ ਦੇ ਵਿਛੋੜੇ ਨੂੰ ਅਸਹਿ ਘਾਟਾ ਕਿਹਾ ਹੈ।

## ਦਿਲ ਦੇ ਤਰਾਨੇ



ਟਿੱਬਿਆਂ 'ਚ ਰੁਲਿਆ ਪਲਿਆ ਹਾਂ
ਪਿੰਡਾਂ ਵਿਚ ਘੁਲਿਆ ਮਿਲਿਆ ਹਾਂ
ਖੇਡੇ ਹਨ ਦਾਈਆਂ ਦੁੱਕੜੇ
ਚੰਦ ਚਾਨਣੀ ਦਾ ਨਿੱਘ ਮਾਣਿਆ ਹੈ।
ਗਰੀਬੀ ਨੂੰ ਤਹਿ ਤੱਕ ਜਾਣਿਆ ਹੈ
ਉਸ ਨੂੰ ਕੀ ਪਤਾ ਕੀ ਭੁੱਖ ਹੁੰਦੀ,
ਜੀਹਨੇ ਮਾਣੇ ਸੁੱਖ ਅਮੀਰੀ ਦੇ
ਕੀ ਪਤਾ ਹੈ ਕਿਵੇਂ ਰੋਟੀ ਪੱਕਦੀ
ਘਰ ਉਹਨਾਂ ਦੇ ਸੀਰੀ ਦੇ।
ਉਹ ਤਾਂ ਖੇਤਾਂ ਵਿਚ ਹੀ ਸੌਂਦੇ ਸੀ
ਟਿਊਬਵੈਲ ਤੇ ਦੋ ਵਾਰ ਨਾਉਂਦੇ ਸੀ।
ਕਦੇ ਦੋ ਦੋ ਪੈਗ ਲਗਾ ਲੈਂਦੇ
ਕਦੇ ਬਹਿ ਕੇ ਵੱਟ ਜੀਰੀ ਦੇ।
ਬਹੁਤ ਮਿਹਨਤਾਂ ਦਿਨ ਰਾਤ ਕਰਦੇ ਸੀ,
ਫਿਰ ਜਾ ਕੇ ਸਕੂਲੇ ਪੜ੍ਹਦੇ ਸੀ।
ਕਦੇ ਮੱਝਾਂ ਗਊਆਂ ਚਾਰਦੇ ਸੀ
ਪੈਦਾ ਕਰਕੇ ਕਰਜ਼ੇ ਤਾਰਦੇ ਸੀ।
ਹੁਣ ਅਸੀਂ ਖੇਤੀਉਂ ਦੂਰ ਹੋਏ
ਆ ਚੰਡੀਗੜ੍ਹ ਦੂਰੋਂ ਸੰਗਰੂਰ ਹੋਏ।
ਹੁਣ ਭੈਣ ਭਰਾਵਾਂ ਦੂਰ ਕਰਤਾ
ਦਿਲ ਪਿਆਰ ਸੀ ਨਫਰਤ ਨਾਲ ਭਰਤਾ
ਉਹ ਚੁਗਲਖੋਰਾਂ ਦੀ ਚਾਲ ਸੀ
ਕੱਲੀ ਕੱਲੀ ਗੱਲ ਦੱਸਦਾ ਨਾਲੋ ਨਾਲ ਸੀ।
ਕੁਝ ਮਾਰਿਆ ਮੇਰੇ ਆਪਣਿਆਂ ਨੇ
ਕੁਝ ਸਤਾਇਆ ਨੇੜੇ ਜਾਪਣਿਆਂ ਨੇ।
ਆਪਣੇ ਤਾਂ ਆਪਣੇ ਹੁੰਦੇ ਨੇ,
ਭਾਵੇਂ ਦੂਰ ਕਿੰਨੇ ਹੀ ਹੁੰਦੇ ਨੇ
ਕੋਈ ਦਿਲ ਦੀ ਤਾਰ ਤਾਂ ਵੱਜਦੀ ਏ।
ਉਹ ਕਸਰ ਕੋਈ ਨਾ ਛੱਡਦੀ ਏ।

**- ਸੁਖਚਰਨ ਸਿੰਘ**

## ਮੁਰਗੇ ਦੀ ਵਾਂਗਾਂ ਨੂੰ ਬੰਦ ਕਰਾਉਣ ਲਈ ਪੁਲਿਸ ਨੂੰ 96 ਵਾਰ ਆਉਣਾ ਪਿਆ

ਪੈਰਿਸ (ਸੁਖਵੀਰ ਸਿੰਘ ਸੰਧੂ)- ਇਥੋਂ ਚਾਲੀ ਕਿ.ਮੀ. ਦੂਰ ਈਵਲੀਨ ਇਲਾਕੇ ਦੇ ਮਾਨਤਲਾ ਜੌਲੀ ਕਸਬੇ ਵਿੱਚ ਇੱਕ



ਜੌਨ ਕਲੋਦ ਨਾਂ ਦੇ ਵਿਆਕਤੀ ਨੇ ਆਪਣੇ ਬਗੀਚੇ ਵਿੱਚ ਮੁਰਗੇ ਮੁਰਗੀਆਂ ਪਾਲੇ ਹੋਏ ਹਨ।ਉਹਨਾਂ ਵਿੱਚੋਂ ਇੱਕ ਮੁਰਗੇ ਦੀਆਂ ਵਾਰ ਵਾਰ ਆ ਰਹੀਆਂ ਵਾਂਗਾਂ ਨੇ ਗੁਆਢਣ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।ਉਸ ਔਰਤ ਨੇ ਤੰਗ ਆ ਕੇ ਪੁਲਿਸ ਨੂੰ ਬੁਲਾ ਲਿਆ।

ਪੁਲਿਸ ਆਈ ਤੇ ਮੁਰਗੇ ਦੇ ਮਾਲਕ ਨੂੰ ਖਬਰਦਾਰ ਕਰਕੇ ਚਲੀ ਗਈ।ਉਸ ਤੋਂ ਬਾਅਦ ਜਦੋਂ ਵੀ ਮੁਰਗਾ ਵਾਂਗਾਂ ਦਿੰਦਾ, ਉਹ ਪੁਲਿਸ ਨੂੰ ਬੁਲਾ ਲੈਂਦੀ। ਇਹ ਸਿਲਸਿਲਾ ਤਿੰਨ ਮਹੀਨੇ ਤੋਂ ਚਲ ਰਿਹਾ ਹੈ।ਕਈ ਵਾਰ ਤਾਂ ਪੁਲਿਸ ਨੂੰ ਦਿਹਾੜੀ ਵਿੱਚ ਚਾਰ ਵਾਰ ਚੱਕਰ ਮਾਰਨੇ ਪੈਂਦੇ ਹਨ। ਕਦੇ ਕਦੇ ਤਾਂ ਪੁਲਿਸ ਦੀ ਗੱਡੀ ਪੂਰਾ ਪੂਰਾ ਦਿੰਨ ਘਰ ਅੱਗੇ ਖੜ੍ਹੀ ਰਹਿੰਦੀ ਸੀ। ਇਹਨਾਂ ਤਿੰਨ ਮਹੀਨਿਆਂ ਦੌਰਾਨ ਪੁਲਿਸ ਨੂੰ 96 ਵਾਰ ਆਉਣਾ ਪਿਆ। ਜਦੋਂ ਪੁਲਿਸ ਨੇ ਘਰ ਦੇ ਮਾਲਕ ਨੂੰ ਇਸ ਦਾ ਪ੍ਰਬੰਧ ਕਰਨ ਲਈ ਕਿਹਾ, ਤਾਂ ਉਸ ਦਾ ਜਬਾਬ ਸੀ,ਮੈਨੂੰ ਸਮਝ ਨਹੀ ਆਉਦੀ ਮੇਰੇ ਸੱਤ ਗੁਆਂਢੀ ਹੋਰ ਵੀ ਵਸਦੇ ਨੇ,ਉਹ ਤਾਂ ਕਦੇ ਸ਼ਿਕਾਇਤ ਨਹੀ ਕਰਦੇ।ਲਗਦਾ ਇਸ ਔਰਤ ਨੂੰ ਕੋਈ ਦਿਮਾਗੀ ਪ੍ਰੇਸ਼ਾਨੀ ਹੈ।

ਜੌਨ ਕਲੋਡ ਨੇ ਅੱਗੇ ਕਿਹਾ ਕਿ ਨਾਂ ਤਾਂ ਮੈਂ ਮੁਰਗੇ ਨੂੰ ਛੱਡ ਸਕਦਾ ਹਾਂ ਤੇ ਨਾਂ ਹੀ ਮੈਂ ਮਾਰ ਸਕਦਾ ਹਾਂ।ਤੁਹਾਡੀ ਜੋ ਵੀ ਸਜਾ ਹੈ ਮੈਂ ਭੁਗਤਣ ਲਈ ਤਿਆਰ ਹਾਂ।ਇਹ ਮਾਮਲਾ ਹੁਣ ਮਿਉਸਪਲਟੀ ਵਾਲਿਆਂ ਕੋਲ ਚਲਿਆ ਗਿਆ ਹੈ।ਜਿਸ ਨੂੰ ਹੱਲ ਕਰਨ ਲਈ ਅਗਲੀ ਕਾਰਵਾਈ ਸ਼ੁਰੂ ਹੋ ਗਈ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਵਿਛੋੜਾ ਇੰਗਲੈਂਡ ਦੇ ਪ੍ਰਵਾਸੀ ਆਗੂ ਕਾਮਰੇਡ ਇਕਬਾਲ ਵੈਦ ਦਾ




ਇੰਗਲੈਂਡ ਦੀ ਧਰਤੀ ਉੱਤੇ ਆ ਕੇ ਵੱਸੇ ਪੰਜਾਬੀ ਪ੍ਰਵਾਸੀਆਂ ਦੇ ਪਹਿਲੇ ਪੂਰ ਦੀ ਲੀਡਰਸ਼ਿਪ ਦੀ ਮਾਲਾ ਦੇ ਮੋਤੀ ਇਕ-ਇੱਕ ਕਰਕੇ ਕਿਰਦੇ ਜਾ ਰਹੇ ਹਨ। ਪ੍ਰਵਾਸੀ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਦੀ ਵਲੈਤ ਵਿੱਚ ਜ਼ਿੰਦਗੀ ਵਿੱਚੋਂ ਪੈਦਾ ਹੋਏ ਮਸਲਿਆਂ ਨਾਲ ਨਿਪਟਣ ਲਈ ਸੰਸਥਾਵਾਂ ਤਾਂ ਬਹੁਤ ਸਾਰੀਆਂ ਬਣੀਆਂ ਅਤੇ ਉਹਨਾਂ ਨੇ ਆਪਣੇ-ਆਪਣੇ ਖੇਤਰਾਂ ਵਿੱਚ ਕੰਮ ਵੀ ਬਹੁਤ ਵਰਣਨਯੋਗ ਕੀਤੇ, ਪਰ ਭਾਰਤੀ ਮਜ਼ਦੂਰ ਸਭਾ ਸਾਊਥਾਲ ਦਾ ਨਾਂਅ ਮੂਹਰਲੀ ਕਤਾਰ ਦੀਆਂ ਸੰਸਥਾਵਾਂ ਵਿੱਚ ਆਉਂਦਾ ਹੈ। ਇਹ ਪੰਜਾਹਵਿਆਂ ਵਿੱਚ ਸਥਾਪਤ ਹੋਈ ਪਹਿਲੀ ਸੰਸਥਾ ਸੀ, ਜਿਸ ਨੇ ਭਾਰਤੀ ਭਾਈਚਾਰੇ ਅਤੇ ਖਾਸ ਕਰਕੇ ਭਾਰਤੀ ਮਜ਼ਦੂਰ ਜਮਾਤ ਦੀਆਂ ਸਮੱਸਿਆਵਾਂ ਬਾਰੇ ਅਨੇਕਾਂ ਜੱਦੋ-ਜਹਿਦਾਂ ਕੀਤੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਭਾਰਤੀ ਮਜ਼ਦੂਰ ਸਭਾ ਸਾਊਥਾਲ ਦਾ ਨਾਂਅ ਦੁਨੀਆ ਭਰ ਵਿੱਚ ਰੌਸ਼ਨ ਹੋ ਗਿਆ ਅਤੇ ਅੱਜ ਤੱਕ ਵੀ ਇਹ ਮੋਹਰੀ ਜਥੇਬੰਦੀ ਗਿਣੀ ਜਾਂਦੀ ਹੈ। ਕੋਈ ਛੋਟਾ ਜਾਂ ਵੱਡਾ ਭਾਰਤੀ ਲੀਡਰ ਜੇ ਇੰਗਲੈਂਡ ਆਵੇ ਤਾਂ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਭਾਰਤੀ ਮਜ਼ਦੂਰ ਸਭਾ ਸਾਊਥਾਲ ਦੇ ਸੰਪਰਕ ਵਿੱਚ ਨਾ ਆਉਂਦਾ ਹੋਵੇ। ਏਸ ਸਭਾ ਨੇ ਵੱਡੇ-ਵੱਡੇ ਕੱਦਾਵਰ ਆਗੂ ਪੈਦਾ ਕੀਤੇ ਸਨ। ਵਕਤ ਦਾ ਤਕਾਜ਼ਾ ਹੈ ਕਿ ਇਹ ਆਗੂ ਹੌਲੀ-ਹੌਲੀ ਇਸ ਸੰਸਾਰ ਨੂੰ ਅਲਵਿਦਾ ਕਹਿੰਦੇ ਜਾਂਦੇ ਹਨ। ਇੱਕ ਖਲਾਅ ਪੈਦਾ ਹੋ ਰਿਹਾ ਲੱਗਦਾ ਹੈ। ਪਿਛਲੇ ਸਾਲਾਂ ਵਿੱਚ ਪੰਡਤ ਵਿਸ਼ਨੂੰ ਦੱਤ ਸ਼ਰਮਾ, ਤਰਸੇਮ ਸਿੰਘ ਤੂਰ, ਹਰਬੰਸ ਸਿੰਘ ਰੂਪਰਾਹ, ਅਮਰ ਸਿੰਘ ਤੱਖਰ, ਜਸਵੰਤ ਸਿੰਘ ਧਾਮੀ, ਗਿਆਨੀ ਦਰਸ਼ਨ ਸਿੰਘ, ਅਜੀਤ ਸਿੰਘ ਰਾਏ, ਪਿਆਰਾ ਸਿੰਘ ਖਾਬੜਾ (ਐੱਮ ਪੀ) ਅਤੇ ਕਈ ਹੋਰ ਸਾਨੂੰ ਵਿਛੋੜਾ ਦੇ ਚੁੱਕੇ ਹਨ। ਇਸ ਜਥੇਬੰਦੀ ਲਈ ਹਰ ਪੱਖੋਂ ਸਹਾਇਕ ਬਣਨ ਵਾਲੇ ਕਾਮਰੇਡ ਹਰਦੀਪ ਦੂਹੜਾ ਵੀ ਸਾਨੂੰ ਵਿਛੋੜਾ ਦੇ ਗਏ।


ਕਾਮਰੇਡ ਇਕਬਾਲ ਵੈਦ



ਬੀਤੀ 24 ਮਾਰਚ ਦੇ ਦਿਨ ਭਾਰਤੀ ਮਜ਼ਦੂਰ ਸਭਾ ਸਾਊਥਾਲ ਦੇ ਅਜੋਕੇ ਜਨਰਲ ਸਕੱਤਰ ਇਕਬਾਲ ਸਿੰਘ ਵੈਦ ਦੇ ਦੇਹਾਂਤ ਨਾਲ ਇਸ ਸਭਾ ਦੇ ਪੁਰਾਣੇ ਆਗੂਆਂ ਵਿੱਚੋਂ ਇੱਕ ਹੋਰ ਸ਼ਖਸੀਅਤ ਮਨਫ਼ੀ ਹੋ ਗਈ ਹੈ। ਇਕਬਾਲ ਨੇ ਤਮਾਮ ਉਮਰ ਟਰੇਡ ਯੂਨੀਅਨਾਂ ਵਿੱਚ ਕੰਮ ਕਰਦਿਆਂ ਬਹੁਤ ਸਾਰੇ ਘੋਲਾਂ ਅਤੇ ਮੁਹਿੰਮਾਂ ਦੀ ਅਗਵਾਈ ਕੀਤੀ ਸੀ ਅਤੇ ਪਿਛਲੇ ਕਈ ਸਾਲਾਂ ਤੋਂ ਉਹ ਭਾਰਤੀ ਮਜ਼ਦੂਰ ਸਭਾ ਸਾਊਥਾਲ ਦੇ ਜਨਰਲ ਸਕੱਤਰ ਵਜੋਂ ਇਸ ਦੀ ਅਗਵਾਈ ਕਰ ਰਹੇ ਸਨ। ਇਕਬਾਲ ਵੈਦ ਪਿੱਛੋਂ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਮੁਖਲੀਆਣਾ ਤੋਂ ਸਨ। ਉਹਨਾਂ ਦਾ ਜਨਮ 3 ਜੂਨ 1943 ਨੂੰ ਪਿਤਾ ਸੈਰ. ਸਾਧੂ ਸਿੰਘ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ ਸੀ। ਉਹਨਾਂ ਦੀਆਂ ਦੋ ਭੈਣਾਂ ਭਾਰਤ ਵਿੱਚ ਹੀ ਹਨ। ਇਕਬਾਲ ਦੀ ਸ਼ਾਦੀ ਮਾਰਚ 1968 ਵਿੱਚ ਪਿੰਡ ਜੱਲੋਵਾਲ ਦੀ ਵਸਨੀਕ ਪਰਮਜੀਤ ਕੌਰ ਨਾਲ ਹੋਈ। ਇਕਬਾਲ ਆਪਣੇ ਪਿੱਛੇ ਆਪਣੀ ਧਰਮ ਪਤਨੀ ਪਰਮਜੀਤ ਕੌਰ, ਦੋ ਬੇਟੇ ਅਮਨ ਅਤੇ ਪਵਨ, ਇੱਕ ਨੂੰਹ ਸੁਖਵਿੰਦਰ ਅਤੇ ਪੋਤੀ ਸ਼ਨਾਇਆ ਛੱਡ ਗਏ ਹਨ। ਸਾਲ 1963 ਵਿੱਚ ਇੰਗਲੈਂਡ ਆਏ ਇਕਬਾਲ ਨੇ ਪਹਿਲਾਂ 10-11 ਸਾਲ ਪੋਸਟ ਆਫਿਸ ਮਹਿਕਮੇ ਵਿੱਚ ਕੰਮ ਕੀਤਾ।

ਇਸ ਦੌਰਾਨ ਉਹ ਪੋਸਟ ਆਫਿਸ ਯੂਨੀਅਨ ਦੇ ਆਗੂ (ਸ਼ੌਪ ਸਟੀਵਰਡ) ਰਹੇ ਅਤੇ ਪੋਸਟਲ ਕਾਮਿਆਂ ਦੇ ਹਿੱਤਾਂ ਦੀ ਰਾਖੀ ਕੀਤੀ। ਉਹਨਾਂ ਦੀ ਪਤਨੀ ਪਰਮਜੀਤ ਕੌਰ 1968 ਵਿੱਚ ਯੂ ਕੇ ਪੁੱਜੀ। ਉਸ ਵੇਲੇ ਇਕਬਾਲ ਆਪਣੇ ਮੌਜੂਦਾ ਪਾਲਗਰੇਵ ਐਵੀਨਿਊ ਵਾਲੇ ਘਰ ਵਿੱਚ ਹੀ ਰਹਿੰਦੇ ਸਨ। ਸਾਲ 1975 ਵਿੱਚ ਇਕਬਾਲ ਨੇ ਬ੍ਰਿਟਿਸ਼ ਏਅਰਵੇਜ਼ ਦੀ ਨੌਕਰੀ ਸ਼ੁਰੂ ਕੀਤੀ ਤੇ ਬਹੁਤੇ ਸਾਲ ਇਸ ਸੇਵਾ ਵਿੱਚ ਗੁਜ਼ਾਰੇ ਅਤੇ ਇਥੇ ਵੀ ਉਹ 'ਯੂਨਾਈਟੋ ਨਾਂਅ ਦੀ ਟਰੇਡ ਯੂਨੀਅਨ ਦੇ ਆਗੂ ਅਤੇ ਅਫ਼ਸਰ ਰਹੇ। ਇਸ ਯੂਨੀਅਨ ਦੀ ਅਗਵਾਈ ਕਰਦਿਆਂ ਇਕਬਾਲ ਨੇ ਕਿਰਤੀ ਜਮਾਤ ਪ੍ਰਤੀ ਆਪਣੀ ਵਚਨਬੱਧਤਾ ਉੱਤੇ ਮੁਕੰਮਲ ਪਹਿਰਾ ਦਿੱਤਾ। ਟਰੇਡ ਯੂਨੀਅਨਾਂ ਅਤੇ ਲੇਬਰ ਪਾਰਟੀ ਵਿੱਚ ਕੰਮ ਕਰਦਿਆਂ ਇਕਬਾਲ ਨੇ ਅਨੇਕਾਂ ਜਨਤਕ ਘੋਲਾਂ ਵਿੱਚ ਵੱਧ-ਚੜ ਕੇ ਹਿੱਸਾ ਪਾਇਆ। ਭਾਰਤੀ ਮਜ਼ਦੂਰ ਸਭਾ ਸਾਊਥਾਲ ਦਾ ਮੈਂਬਰ ਸ਼ੁਰੂ ਤੋਂ ਹੀ ਸੀ, ਪਰ 1977 ਦੀ ਟਰੇਡ ਯੂਨੀਅਨ ਦੀ ਐਗਜ਼ੈਕਟਿਵ ਕਮੇਟੀ ਵਿੱਚ ਉਹਨਾਂ ਨੂੰ ਸ਼ਾਮਲ ਕੀਤਾ ਗਿਆ। ਬ੍ਰਿਟਿਸ਼ ਏਅਰਵੇਜ ਵਿੱਚ ਨੌਕਰੀ ਦੌਰਾਨ ਉਹ ' ਯੂਨਾਈਟੋ ਯੂਨੀਅਨ ਦੀ ਕੌਮੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਵੀ ਬਣੇ ਸਨ। ਇਹ ਕੋਈ ਆਮ ਰੁਤਬਾ ਨਹੀਂ ਸੀ, ਸਗੋਂ ਬਹੁਤ ਅਹਿਮੀਅਤ ਵਾਲੀ ਗੱਲ ਸੀ ਅਤੇ ਉਹ ਏਥੋਂ ਤੱਕ ਪੁੱਜਣ ਵਾਲੇ ਪਹਿਲੇ ਏਸ਼ੀਅਨ ਸਨ।

ਇਕਬਾਲ ਦੇ ਕੰਮਾਂ ਅਤੇ ਘੋਲਾਂ ਦੀ ਸੂਚੀ ਬਹੁਤ ਲੰਮੀ ਹੈ, ਪਰ ਕੁਝ ਇਕ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਲੰਮੀ ਦੇਰ ਚੱਲਣ ਵਾਲੀ ਮਾਈਨਰਜ਼ ਦੀ ਹੜਤਾਲ ਵਿੱਚ ਉਹਨਾਂ ਡਟਵਾਂ ਰੋਲ ਅਦਾ ਕੀਤਾ। ਖਾਣ ਮਜ਼ਦੂਰਾਂ ਦਾ ਜਥਾ ਜਦ ਸਾਊਥਾਲ ਆਇਆ ਤਾਂ ਇਕਬਾਲ ਸਾਰੇ ਇੰਤਜ਼ਾਮ ਕਰਨ ਵਿੱਚ ਮੋਹਰੀ ਸੀ ਅਤੇ ਉਹਨੇ ਬੜੇ ਚਾਅ ਅਤੇ ਸ਼ਰਧਾ ਨਾਲ ਹੜਤਾਲੀ ਕਾਮਿਆਂ ਦੇ ਸਵਾਗਤ ਦੇ ਬੰਦੋਬਸਤ ਕੀਤੇ। ਕੰਮ ਤਾਂ ਹੋਰਨਾਂ ਵੀ ਬਹੁਤ ਕੀਤੇ, ਪਰ ਇਕਬਾਲ ਨੇ ਹੜਤਾਲੀ ਕਾਮਿਆਂ ਦੀ ਸੰਭਾਲ ਵਿੱਚ ਪੱਬਾਂ ਭਾਰ ਹੋ ਕੇ ਕੰਮ ਕੀਤਾ। 'ਐੱਲ ਐੱਸ ਜੀ' ਸਕਾਈ ਸ਼ੈਫਜ ਦੀ ਹੜਤਾਲ ਦੌਰਾਨ ਇਕਬਾਲ ਨੇ ਬੜਾ ਸਰਗਰਮ ਰੋਲ ਅਦਾ ਕੀਤਾ। ਇਸੇ ਤਰਾਂ 'ਗੇਟ ਗੌਰਮਿੰਟ' ਹੜਤਾਲ ਦੌਰਾਨ ਵੀ ਉਹਨੇ ਮੂਹਰੇ ਹੋ ਕੇ ਕੰਮ ਕੀਤਾ ਅਤੇ ਹੜਤਾਲੀ ਕਾਮਿਆਂ ਨਾਲ ਇਕਜੁਟਤਾ ਵਿਖਾਈ। 'ਹਿਲੰਗਡਨ ਹਸਪਤਾਲ' ਦੇ ਕਾਮਿਆਂ ਦੀ ਲੰਬੀ ਹੜਤਾਲ ਵਿੱਚ ਵੀ ਇਕਬਾਲ ਨੇ ਅਹਿਮ ਰੋਲ ਅਦਾ ਕੀਤਾ। ਇਹ ਹੜਤਾਲ ਔਰਤ ਟਰੇਡ ਯੂਨੀਅਨ ਕਾਮਿਆਂ ਨੇ ਵਿੱਢੀ ਸੀ ਅਤੇ ਇਹ (1995-2000) ਪੰਜ ਸਾਲ ਚੱਲਦੀ ਰਹੀ। ਇਹ ਹੜਤਾਲ ਔਰਤ ਕਾਮਿਆਂ ਦੇ ਮਨੁੱਖੀ ਅਧਿਕਾਰਾਂ ਅਤੇ ਨੌਕਰੀਆਂ ਦੀ ਰਾਖੀ, ਉਜਰਤਾਂ ਤੇ ਕੰਮ ਦੀਆਂ ਹਾਲਤਾਂ ਦੇ ਮਸਲਿਆਂ ਬਾਰੇ ਕੀਤੀ ਗਈ ਸੀ। 'ਈਲਿੰਗ ਹਸਪਤਾਲ' ਨੂੰ ਬਚਾਉਣ ਲਈ ਚੱਲੀ ਮੁਹਿੰਮ ਦੌਰਾਨ ਵੀ ਇਕਬਾਲ ਪਿੱਛੇ ਨਹੀਂ ਰਿਹਾ ਤੇ ਹਰ ਮੁਜ਼ਾਹਰੇ ਤੇ ਹਰ ਮੀਟਿੰਗ ਵਿੱਚ ਜੋਸ਼ ਨਾਲ ਸ਼ਾਮਲ ਹੁੰਦਾ ਰਿਹਾ। ਇਕਬਾਲ ਬ੍ਰਿਟਿਸ਼ ਲੇਬਰ ਪਾਰਟੀ ਦਾ ਬਹੁਤ ਸਰਗਰਮ ਮੈਂਬਰ ਰਿਹਾ। ਉਹਨੇ ਚੋਣਾਂ ਦੌਰਾਨ ਉਹਨੂੰ ਸੰਭਾਲੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਨਿਸ਼ਠਾ ਨਾਲ ਨਿਭਾਇਆ। ਉਹ ਅਣਥੱਕ ਕਾਰਕੁਨ ਸੀ ਤੇ ਆਪਣੇ ਹੱਥੀਂ ਕੰਮ ਕਰਨ ਨੂੰ ਤਤਪਰ ਰਹਿੰਦਾ ਸੀ। ਇਸ਼ਤਿਹਾਰ ਵੰਡਣੇ ਹੋਣ, ਵੋਟਰਾਂ ਦੇ ਘਰੀਂ ਦਸਤਕ ਦੇਣੀ ਹੋਵੇ, ਦਫ਼ਤਰ ਵਿਚਲੀ ਕੋਈ ਸੇਵਾ ਹੋਵੇ। ਇਕਬਾਲ ਤਿਆਰ-ਬਰ-ਤਿਆਰ ਰਹਿੰਦਾ ਸੀ। ਪਿਛਲੇ ਕਰੀਬ ਇੱਕ ਦਹਾਕੇ ਤੋਂ ਇਕਬਾਲ ਨੇ 'ਫਰੈਂਡਜ਼ ਆਫ਼ ਸੀ ਪੀ ਆਈ ਸੰਸਥਾ ਦੀ ਰਹਿਨੁਮਾਈ ਕੀਤੀ। ਕਾਮਰੇਡ ਹਰਦੀਪ ਦੂਹੜਾ ਦੇ ਦੇਹਾਂਤ ਦੇ ਬਾਅਦ ਇਸ ਸੰਸਥਾ ਦੀ ਲਗਭਗ ਸਾਰੀ ਜ਼ਿੰਮੇਵਰੀ ਉਸ ਦੇ ਸਿਰ ਆ ਪਈ ਸੀ। ਇਹ ਸੰਸਥਾ ਆਪਣੇ ਜ਼ਮਾਨੇ ਵਿੱਚ ਬਹੁਤ ਸਰਗਰਮ ਰਹਿ ਚੁੱਕੀ ਸੀ। ਵਕਤ ਦਾ ਵਹਾਅ ਹੈ ਕਿ ਇਸ ਸੰਸਥਾ ਨਾਲ ਜੁੜੀਆਂ ਕਿੰਨੀਆਂ ਹੀ ਪਿਆਰੀਆਂ ਸ਼ਖਸੀਅਤਾਂ ਸਾਡੇ ਵਿਚਕਾਰ ਨਹੀਂ ਰਹੀਆਂ।

ਇਹਨਾਂ ਵਿੱਚ ਪੰਡਤ ਵਿਸ਼ਨੂੰ ਦੱਤ ਸ਼ਰਮਾ, ਹਰਦੀਪ ਦੂਹੜਾ, ਅਜੀਤ ਲੰਗੇਰੀ, ਜੁਗਿੰਦਰ ਸਰੋਏ, ਸ਼ੇਰ ਜੰਗ ਜਾਂਗਲੀ, ਪੰਡਤ ਦੇਵੀ ਦਾਸ ਜੀ ਦੇ ਨਾਂਅ ਜ਼ਿਕਰ ਯੋਗ ਹਨ। ਇਕਬਾਲ ਵੈਦ ਬੜਾ ਸਪੱਸ਼ਟ, ਨਿਡਰ ਤੇ ਬੇਲਾਗ ਇਨਸਾਨ ਸੀ। ਕਿਸੇ ਦੇ ਗੋਡੇ ਲੱਗੇ ਭਾਵੇਂ ਗਿੱਟੇ, ਉਹ ਆਪਣੀ ਗੱਲ ਕਹਿ ਦਿੰਦਾ ਸੀ। ਉਹ ਸੋਚਣੀ ਦਾ ਸੈਕੂਲਰ ਅਤੇ ਤਰੱਕੀ ਪਸੰਦ ਸੀ। ਉਹ ਚੰਗਾ ਬੁਲਾਰਾ ਸੀ ਤੇ ਆਪਣੇ ਵਿਸ਼ਵਾਸਾਂ ਤੇ ਅਕੀਦਿਆਂ ਦਾ ਪੱਕਾ ਸੀ, ਪਰ ਸੁਭਾਅ ਵਜੋਂ ਖੁਸ਼ਕ ਨਹੀਂ, ਬਲਕਿ ਹੱਸਣ ਹਸਾਉਣ ਵਾਲਾ ਬੰਦਾ ਸੀ।

ਸਾਲ 2016 ਦੇ ਸ਼ੁਰੂ ਵਿੱਚ ਇਕਬਾਲ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਪਤਾ ਲੱਗਾ। ਇਸ ਬਿਮਾਰੀ ਦੀ ਗੰਭੀਰਤਾ ਨੂੰ ਵੇਖਦਿਆਂ ਡਾਕਟਰਾਂ ਨੇ ਉਸ ਨੂੰ ਸਿਰਫ਼ ਕੁਝ ਹੋਰ ਮਹੀਨਿਆਂ ਦੇ ਜੀਵਨ ਦਾ ਸ਼ੱਕ ਪ੍ਰਗਟਾਇਆ, ਪਰ ਇਕਬਾਲ ਨੇ ਡਾਕਟਰਾਂ ਦੀ ਰਾਏ ਨੂੰ ਝੁਠਲਾ ਦਿੱਤਾ ਅਤੇ ਆਪਣੀ ਆਦਤ ਅਨੁਸਾਰ ਰੋਗ ਨਾਲ ਲੜਾਈ ਵਿੱਚ ਕੈਂਸਰ ਨੂੰ ਵੀ ਮੂਹਰੇ ਲਾ ਛੱਡਿਆ। ਬਿਮਾਰੀ ਦੇ ਬਾਵਜੂਦ ਉਹਨੇ ਭਾਰਤੀ ਮਜ਼ਦੂਰ ਸਭਾ ਦੇ ਦਫ਼ਤਰ ਆਉਣਾ ਅਤੇ ਕੰਮ ਕਰਨਾ ਜਾਰੀ ਰੱਖਿਆ। ਹਰ ਕੋਈ ਉਹਨੂੰ ਆਰਾਮ ਕਰਨ ਤੇ ਦਫ਼ਤਰ ਨਾ ਆਉਣ ਦੀ ਸਲਾਹ ਦੇਂਦਾ, ਪਰ ਇਕਬਾਲ ਘਰ ਟਿਕ ਕੇ ਬੈਠਣ ਵਾਲਾ ਨਹੀਂ ਸੀ। ਕੈਂਸਰ ਦਾ ਇਲਾਜ ਚੱਲਦਾ ਰਿਹਾ ਅਤੇ ਨਾਲੋ ਨਾਲ ਇਕਬਾਲ ਦੀਆਂ ਗਤੀਵਿਧੀਆਂ ਵੀ। ਆਖਰ ਕੈਂਸਰ ਵਰਗੀ ਭਿਅੰਕਰ ਬਿਮਾਰੀ ਹਾਵੀ ਹੋ ਗਈ ਅਤੇ ਇਕਬਾਲ ਕੁਝ ਦਿਨ ਲੰਡਨ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਹੋਣ ਦੇ ਬਾਅਦ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਇਕਬਾਲ, ਜਿਸ ਨੂੰ ਉਸ ਦੇ ਅੰਗਰੇਜ਼ ਸਾਥੀ ਪਿਆਰ ਨਾਲ 'ਇੱਗੀ' ਆਖਿਆ ਕਰਦੇ ਸਨ, ਦਾ ਅੰਤਮ ਸੰਸਕਾਰ ਲੰਡਨ ਦੇ ਮਿਡਲਸੈਕਸ ਇਲਾਕੇ ਦੇ ਸ਼ਮਸ਼ਨਘਾਟ 'ਸਾਊਥ ਵੈਸਟ ਮਿਡਲਸੈਕਸ ਕਰੀਮੀਟੋਰੀਅਮ ਵਿੱਚ 1 ਅਪਰੈਲ ਦਿਨ ਵੀਰਵਾਰ ਨੂੰ ਕਰ ਦਿੱਤਾ ਗਿਆ। ਸ਼ਮਸ਼ਾਨਘਾਟ ਵਿੱਚ ਇਕਬਾਲ ਨੂੰ ਸ਼ਰਧ-'ਜਲੀ ਭੇਟ ਕਰਦਿਆਂ ਈਲਿੰਗ ਸਾਊਥਾਲ ਦੇ ਐੱਮ ਪੀ ਵਰਿੰਦਰ ਸ਼ਰਮਾ ਨੇ ਕਿਹਾ ਕਿ ਜਿਸ ਮੁਕਾਮ ਉੱਤੇ ਇਕਬਾਲ ਪੁੱਜਾ, ਉਸ ਉੱਤੇ ਕੋਈ ਏਸ਼ੀਅਨ ਅੱਜ ਤੱਕ ਨਹੀਂ ਪੁੱਜਾ। ਯੂ. ਕੇ ਵਿੱਚ ਭਾਰਤੀ ਲੋਕਾਂ ਦਾ ਇਤਿਹਾਸ ਜਦੋਂ ਵੀ ਲਿਖਿਆ ਜਾਵੇਗਾ, ਇਕਬਾਲ ਦਾ ਨਾਂਅ ਮੂਹਰਲੀ ਕਤਾਰ ਵਿੱਚ ਹੋਵੇਗਾ।

ਕੋਰੋਨਾ ਦੀ ਮਹਾਂਮਾਰੀ ਦੀ ਵਜਾ ਕਰਕੇ ਇਕਬਾਲ ਦੇ ਅਨੇਕਾਂ ਪ੍ਰਸੰਸਕ, ਸਾਥੀ, ਕਾਮੇ, ਦੋਸਤ-ਮਿੱਤਰ ਅਤੇ ਸਾਕ-ਸੰਬੰਧੀ ਉਹਦੀ ਅੰਤਮ ਯਾਤਰਾ ਵਿੱਚ ਸ਼ਾਮਲ ਨਾ ਹੋ ਸਕੇ। ਪਾਬੰਦੀਆਂ ਹੋਣ ਕਾਰਨ ਕੁਝ ਇਕਨਾ ਨੇ ਇਕਬਾਲ ਦੇ ਘਰ ਆ ਕੇ ਅੰਤਮ ਸਲਾਮ ਕਿਹਾ ਅਤੇ ਕੁਝ ਇਕਨਾ ਨੇ ਗੁਰਦੁਆਰਾ ਸਾਹਿਬ ਪੁੱਜ ਕੇ ਅਰਦਾਸ ਵਿੱਚ ਸ਼ਮੂਲੀਅਤ ਕੀਤੀ। ਸ਼ਮਸ਼ਾਨ ਘਾਟ ਵਿੱਚ ਸਰਕਾਰ ਵੱਲੋਂ ਸਿਰਫ਼ 30 ਲੋਕਾਂ ਨੂੰ ਜਾਣ ਦੀ ਇਜਾਜ਼ਤ ਸੀ। ਇਸ ਦੌਰਾਨ ਸੂਚਨਾ ਮਿਲੀ ਹੈ ਕਿ ਇਸ ਸਾਲ ਦੀ ਬਰਤਾਨਵੀ ਲੇਬਰ ਪਾਰਟੀ ਦੀ ਸਾਲਾਨਾ ਕਾਨਫ਼ਰੰਸ ਵਿੱਚ ਇਕਬਾਲ ਨੂੰ ਮਾਣ ਦਿੱਤਾ ਜਾਵੇਗਾ ਅਤੇ ਟਰੇਡ ਯੂਨੀਅਨ ਕੌਂਸਲਾਂ ਵੱਲੋਂ ਅਪਰੈਲ ਵਿੱਚ ਹੀ ਇਕਬਾਲ ਦਾ ਜੀਵਨ ਜਸ਼ਨ ਮਨਾਇਆ ਜਾਏਗਾ।

**ਪੇਸ਼ਕਸ਼- ਕੇਹਰ ਸ਼ਰੀਫ**

## ਪੁਸਤਕ ਸਮੀਖਿਆ

**ਮਣ੍ਹੇ (ਨਾਵਲ)**
**ਰੀਵਿਊਕਾਰ:ਬਲਜਿੰਦਰ ਮਾਨ 98150-18947**
**ਨਾਵਲਕਾਰ: ਡਾ.ਧਰਮਪਾਲ ਸਾਹਿਲ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ,**
**ਪੰਨੇ: 272, ਮੁੱਲ:350/-**

ਡਾ. ਧਰਮਪਾਲ ਸਾਹਿਲ ਇਕ ਖੋਜੀ ਅਤੇ ਕਈ ਇਨਾਮ ਸਨਮਾਨ ਹਾਸਲ ਕਰਨ ਵਾਲਾ ਚਰਚਿਤ ਨਾਵਲਕਾਰ ਹੈ। ਉਸਦੀ ਹਰ ਪੁਸਤਕ ਦੀ ਸਾਹਿਤਕ ਹਲਕਿਆਂ ਵਿਚ ਭਰਪੂਰ ਚਰਚਾ ਹੁੰਦੀ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਨੀਮ ਪਹਾੜੀ ਕੰਢੀ ਇਲਾਕੇ ਦਾ ਜੰਮਪਲ ਹੋਣ ਕਰਕੇ ਇਸ ਖਿੱਤੇ ਬਾਰੇ ਬਹੁਤ ਮੁੱਲਵਾਨ ਖੋਜ ਕਾਰਜ ਕੀਤਾ ਅਤੇ ਕਰ ਰਿਹਾ ਹੈ। ਕੰਢੀ ਪਹਾੜੀ ਬੋਲੀ ਦਾ ਸ਼ਬਦਕੋਸ਼, ਕੰਢੀ ਦੀ ਸਭਿਆਚਾਰਕ ਵਿਰਾਸਤ ਅਤੇ ਕੰਢੀ ਦਾ ਕੰਠਹਾਰ ਉਹਨਾਂ ਦੀਆਂ ਇਸ ਖਿੱਤੇ ਬਾਰੇ ਬੜੀ ਕੀਮਤੀ ਪੁਸਤਕਾਂ ਹਨ। ਉਹਨਾਂ ਦੇ ਕੁਲ ਅੱਠ ਨਾਵਲਾਂ ਵਿਚੋਂ ਤਿੰਨ ਪਥਰਾਟ, ਕੁਆਰ ਝਾਤ ਅਤੇ ਮਣ੍ਹੇ ਵੀ ਇਸੇ ਇਲਾਕੇ ਬਾਰੇ ਹਨ। ਹੁਸ਼ਿਆਰਪੁਰ ਤੋਂ ਤਲਵਾੜਾ ਅਤੇ ਮੁਕੇਰੀਆਂ ਦੇ ਵਿਚਕਾਰ ਵਸਦੇ ਇਸ ਇਲਾਕੇ ਦੀ ਬੋਲੀ,ਸਭਿਆਚਾਰ, ਭਾਸ਼ਾ ਅਤੇ ਗਿਆਨ ਵਿਗਿਆਨ ਦਾ ਆਪਣਾ ਹੀ ਰੰਗ ਢੰਗ ਹੈ। ਇਸ ਨਿਰਾਲੇ ਰੰਗ ਢੰਗ ਨੂੰ ਬਿਆਨਣ ਵਾਸਤੇ ਮਣ੍ਹੇ ਨਾਮੀ ਨਾਵਲ ਦੀ ਸਿਰਜਣਾ ਕੀਤੀ ਗਈ ਹੈ।

ਮਣ੍ਹੇ ਨਾਵਲ ਦਾ ਪਾਠ ਕਰਦਿਆਂ ਸਭ ਤੋਂ ਪਹਿਲਾਂ ਸਾਨੂੰ ਇਸ ਇਲਾਕੇ ਦੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਿਲਦਾ ਹੈ।ਜਿਥੇ ਫਸਲਾਂ ਦੀ ਰਾਖੀ ਵਾਸਤੇ ਅਜ ਵੀ ਮਣੇ ਉਸਾਰੇ ਜਾਂਦੇ ਹਨ।ਫਿਰ ਕਿਤੇ ਦਿਨ ਰਾਤ ਜਗਰਾਤੇ ਕੱਟ ਕੇ ਫਸਲਾਂ ਅਤੇ ਨਸਲਾਂ ਬਚਦੀਆਂ ਹਨ। ਇਸ ਇਲਾਕੇ ਦੀ ਆਰਥਿਕ, ਸਮਾਜਿਕ, ਰਾਜਸੀ ਅਤੇ ਜਾਤੀ ਵਿਵਸਥਾ ਦਾ ਗਿਆਨ ਹੁੰਦਾ ਹੈ।ਇਥੇ ਵਸਤੇ ਗਰੀਬ ਤੇ ਅਨਪੜ੍ਹ ਲੋਕਾਂ ਨੂੰ ਧਨਾਡ ਕਿਵੇਂ ਆਪਣੇ ਉਦੇਸ਼ਾਂ ਦੀ ਪੂਰਤੀ ਵਾਸਤੇ ਵਰਤਦੇ ਹਨ।ਉਹਨਾਂ ਦੀ ਗਰੀਬੀ ਦਾ ਨਜ਼ਾਇਜ਼ ਫਾਇਦਾ ਉਠਾਕੇ ਸੱਚੇ ਸੁੱਚੇ ਇਨਸਾਨ ਮਾਸਟਰ ਕੰਜ ਕੁਮਾਰ ਨੂੰ ਬਲਾਤਕਾਰ ਵਰਗੇ ਕੇਸ ਵਿਚ ਫਸਾ ਦਿੱਤਾ ਜਾਂਦਾ ਹੈ।ਨਾਵਲ ਵਿਚ ਦਰਜ ਰੁਮਾਂਟਿਕ ਚੈਪਟਰ ਵੀ ਸੁਭਾਵਿਕ ਅਤੇ ਰੌਚਕ ਹਨ। ਸਿੱਧੇ ਸਾਧੇ ਲੋਕ ਮੰਦਰ ਮਸੀਤਾਂ ਦੀ ਪੂਜਾ ਪਾਠ ਵਿਚ ਬਹੁਤ ਯਕੀਨ ਕਰਦੇ ਹਨ। ਕਹਾਣੀ ਉਦੋਂ ਹੋਰ ਵੀ ਰੌਚਕ ਬਣ ਜਾਂਦੀ ਹੈ ਜਦੋਂ ਬਾਬਾ ਬੱਕਰੀਆਂ ਵਾਲਾ ਭਲਵਾਨਾਂ ਦੀ ਤਿਆਰੀ ਕਰਵਾਉਂਦਾ ਅਤੇ ਸਭ ਨੂੰ ਸੱਚਾਈ ਅਤੇ ਨਿਮਰਤਾ ਦਾ ਪਾਠ ਸਿਖਾਉਂਦਾ ਹੈ। ਹਰ ਇਕ ਪਾਠ ਦਾ ਨਾਮ ਦਰਜ ਕਰਕੇ ਲੇਖਕ ਨੇ ਪਾਠਕਾ ਅੰਦਰ ਜਗਿਆਸਾ ਵਧਾ ਦਿਤੀ ਹੈ। ਜਗਦੀਸ਼ ਪੁਲਸੀਆ ਰੋਅਬ ਨਾਲ ਮਨ ਮਰਜ਼ੀਆਂ ਕਰਦਾ ਹੈ। ਉਹ ਦਿਲਾਵਰ ਦੀ ਘਰਵਾਲੀ ਚੰਚਲੋ ਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਰਖੈਲ ਬਨਾਉਣਾ ਚਾਹੁੰਦਾ ਹੈ।ਪੁੱਠੇ ਸਿੱਧੇ ਕੰਮਾਂ ਨਾਲ ਆਪਣੀ ਜੁੰਡਲੀ ਰਾਹੀਂ ਡਰਾਵਾ ਕਾਇਮ ਰੱਖਦਾ ਹੈ।ਉਸਦੀ ਅੱਤ ਉਦੋਂ ਹੋ ਜਾਂਦੀ ਹੈ ਜਦੋਂ ਉਹ ਦਿਲਾਵਰ ਦੇ ਕਤਲ ਨੂੰ ਜੰਗਲੀ ਜਾਨਵਰਾਂ ਦੁਆਰਾ ਮਾਰਿਆ ਦੱਸ ਕੇ ਸਾਰੇ ਕੇਸ ਨੂੰ ਦਬਾ ਦਿੰਦਾ ਹੈ। ਚੰਚਲੋ ਨੂੰ ਪਾਉਣਾ ਲਈ ਸਮਰਪਿਤ ਅਧਿਆਪਕ ਕੁੰਜ ਕੁਮਾਰ ਨੂੰ ਝੂਠੇ ਇਲਜਾਮ ਰਾਹੀ ਸਸਪੈਂਡ ਕਰਵਾ ਦਿੰਦਾ ਹੈ। ਇਸ ਦੇਸ਼ ਵਿਚ ਕੁੰਜ ਕੁਮਾਰ ਦੀ ਦੋਸਤ ਰੋਸ਼ਨੀ ਬਹੁਤ ਬਹਾਦਰੀ ਵਾਲੀ ਭੂਮਿਕਾ ਅਦਾ ਕਰਦੀ ਹੈ।ਉਹ ਚੰਚਲੋ ਸੁਨੈਨਾ ਅਤੇ ਸੁਰੰਜਣੀ ਵਰਗੀਆਂ ਪੀੜਤ ਔਰਤਾਂ ਦਾ ਸਹਾਰਾ ਬਣਦੀ ਹੈ ਅਤੇ ਮਾਸਟਰ ਨੂੰ ਇਸ ਝੂਠੇ ਇਲਜਾਮ ਤੋਂ ਬਰੀ ਕਰਵਾਉਣ ਵਿਚ ਸਫਲ ਹੋ ਜਾਂਦੀ ਹੈ।ਨਾਵਲ ਦਾ ਇਹ ਇਕ ਅਹਿਮ ਪੱਖ ਹੈ ਕਿ ਇਸ ਰਾਹੀਂ ਔਰਤ ਨੂੰ ਸਬਲਾ ਬਣਾਇਆ ਗਿਆ ਹੈ ਨਾ ਕੇ ਅਬਲਾ।ਇਹ ਔਰਤਾਂ ਰੌਸ਼ਨੀ ਦੀ ਪ੍ਰੇਰਨਾ ਨਾਲ ਹਰ ਮੁਸ਼ਕਿਲ ਕੰਮ ਕਰਨ ਲਈ ਤਿਆਰ ਹੋ ਜਾਂਦੀਆਂ ਹਨ।

ਨਾਵਲ ਵਿਚ ਜਾਤੀ ਅਧਾਰਤ ਮਸਲਿਆਂ ਨੂੰ ਵੀ ਗੰਭੀਰਤਾ ਨਾਲ ਉਠਾਇਆ ਗਿਆ ਹੈ।ਰਾਜਸੀ ਲੋਕ ਅਜਿਹੇ ਮਸਲਿਆਂ ਵਿਚ ਗੰਭੀਰ ਹੋਣ ਦੀ ਬਜਾਏ ਵੋਟਾਂ ਦੀ ਰਾਜਨੀਤੀ ਕਰਦੇ ਹਨ।ਸੱਚ ਝੂਠ ਦਾ ਨਤਾਰਾ ਕੀਤੇ ਬਗੈਰ ਹੀ ਕੱਟੜ ਲੋਕਾਂ ਜਾਂ ਬਹੁਲਤਾ ਨਾਲ ਰਲ ਜਾਂਦੇ ਹਨ।ਨਤੀਜਨ ਸੱਚ ਨੂੰ ਦਬਾਇਆ ਜਾਂਦਾ ਹੈ।ਜਾਂ ਇੰਜ ਕਹੀਏ ਕਿ ਸਾਡੀ ਵਿਵਸਥਾ ਨੂੰ ਕੁਰੀਤੀਆਂ ਦਾ ਘੁਣ ਲਗ ਚੁਕਾ ਹੈ।ਨਾਵਲ ਵਿਚ ਪਿੰਡ ਦੀ ਸਰਪੰਚਣੀ ਨੂੰ ਐਨਾ ਵੀ ਨਹੀਂ ਪਤਾ ਕਿ ਜਿਸ ਅਰਜੀ ਤੇ ਉਸਦੇ ਦਸਤਖਤ ਕਰਵਾਏ ਗਏ ਹਨ ਉਹ ਕਿਸ ਵਾਸਤੇ ਹੈ?ਭਾਵ ਇਸ ਸਭ ਕੁਝ ਉਸਦੇ ਪਤੀ ਨੂੰ ਹੀ ਪਤਾ ਹੈ। ਪਾਠਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਦੇਸ਼ ਵਿਚ ਜਾਤੀ ਅਤੇ ਧਰਮ ਅਧਾਰਤ ਮੁੱਦਿਆਂ ਨੂੰ ਪੁਲਸੀਆ ਛੜਯੰਤਰ ਅਤੇ ਰਾਜਸੀ ਦਬਾਅ ਕਾਰਨ ਕਿੰਨਾ ਕੁਝ ਨਜਾਇਜ਼ ਕੀਤਾ ਜਾ ਰਿਹਾ ਹੈ। ਸਮਾਜਕ ਜਥੇਬੰਦੀਆਂ ਦੀ ਭੂਮਿਕਾ ਤੋਂ ਵੀ ਪਰਦਾ ਚੁਕਿਆ ਗਿਆ ਹੈ।

ਇਸ ਨਾਵਲ ਰਾਹੀਂ ਪਾਠਕਾਂ ਅੰਦਰ ਨਵੀਂ ਪ੍ਰੇਰਨਾ ਭਰੀ ਗਈ ਹੈ ਕਿ ਉਹਨਾਂ ਨੂੰ ਆਪਣੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਹੋ ਕੇ ਕਾਰਜ ਕਰਨ ਦੀ ਲੋੜ ਹੈ।ਹਰ ਇਸਤਰੀ ਨੂੰ ਰੌਸ਼ਨੀ ਵਾਂਗ ਬਹਾਦਰੀ ਭਰੇ ਕਾਰਜ ਕਰਨੇ ਚਾਹੀਦੇ ਹਨ।ਪਰਿਵਾਰਕ ਸਾਂਝ ਅਤੇ ਈਰਖਾ ਵੀ ਇਸ ਨਾਵਲ ਦੇ ਕੋਨਿਆਂ ਵਿਚ ਪਸਰੀ ਹੋਈ ਹੈ।ਯਾਰੀ ਦੋਸਤੀ ਨਿਭਾਉਣ ਦਾ ਚੱਜ ਅਚਾਰ ਵੀ ਸਿਖਾਇਆ ਗਿਆ ਹੈ।ਮਾਸਟਰ ਦੀ ਦੋਸਤ ਰੌਸ਼ਨੀ ਜਦੋਂ ਉਸ ਨੂੰ ਬਚਾਉਣ ਖਾਤਰ ਜਗਦੀਸ਼ ਤੇ ਝੂਠਾ ਇਲਜ਼ਾਮ ਲਾਉਣ ਲਈ ਤਿਆਰ ਹੋ ਜਾਂਦੀ ਹੈ ਤਾਂ ਕੁੰਜ ਕੁਮਾਰ ਇਸ ਕੰਮ ਤੇ ਰਾਜ਼ੀ ਨਾ ਹੋ ਕੇ ਆਪਣੇ ਸੁੱਚੇ ਸੁੱਚੇ ਕਿਰਦਾਰ ਦਾ ਵੀ ਸਬੂਤ ਦਿੰਦਾ ਹੈ।ਇਸ ਇਲਾਕੇ ਦੇ ਵਾਸੀਆਂ ਦੀ ਮਿਹਨਤ ਮੁਸ਼ੱਕਤ, ਧਾਰਮਿਕ ਬਿਰਤੀ, ਰਿਸ਼ਤਿਆਂ ਦਾ ਨਿੱਘ, ,ਆਰਥਿਕ ਪਾੜਾ, ਜਾਤੀ ਪ੍ਰਬੰਧ, ਪਿਆਰ ਮੁਹੱਬਤ ਅਤੇ ਕੁਦਰਤੀ ਵਰਤਾਰਿਆਂ ਦਾ ਬੜਾ ਭਾਵ ਪੂਰਤ ਵਰਨਣ ਮਿਲਦਾ ਹੈ। ਇਹਨਾਂ ਲੋਕਾਂ ਨੂੰ ਜੰਗਲੀ ਜਾਨਵਰਾਂ ਅਤੇ ਜੰਗਲੀ ਬਿਰਤੀ ਵਾਲੇ ਜਗਦੀਸ਼ ਵਰਗੇ ਪੁਲਸੀਆਂ ਦੀ ਮਾਰ ਝੱਲਣੀ ਪੈਂਦੀ ਹੈ। ਮਾਸਟਰ ਕੁੰਜ ਕੁਮਾਰ ਵਰਗੇ ਅਧਿਆਪਕ,ਰੌਸ਼ਨੀ ਵਰਗੀਆਂ ਔਰਤਾਂ,ਸਾਂਝੇ ਮੋਰਚੇ ਵਰਗੇ ਜਥੇਬੰਦਕ ਆਗੂਆਂ ਦੀ ਸਮਾਜ ਨੂੰ ਵਿਸ਼ੇਸ਼ ਲੋੜ ਹੈ।ਨਾਵਲ ਦਾ ਸੁਖਾਂਤਕ ਅੰਤ ਕੁੰਜ ਕੁਮਾਰ ਅਤੇ ਚੰਚਲੋ ਦੇ ਮਿਲਣ ਨਾਲ ਹੋਣ ਕਰਕੇ ਸਾਰੇ ਦੁੱਖ ਦਰਦ ਭੁਲਾ ਦਿੰਦਾ ਹੈ।ਨਾਵਲਕਾਰ ਇਸ ਕਿਰਤ ਨਾਲ ਨਾਵਲਕਾਰੀ ਦੇ ਖੇਤਰ ਵਿਚ ਇਕ ਹੋਰ ਮਾਰਕਾ ਮਾਰਣ ਜਾਂਦਾ ਹੈ।

# ਲਗਨ ਅਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਵਾਲੇ ਮਾਸਟਰ ਤਰਲੋਚਨ ਸਿੰਘ



ਮੇਜਰ ਸਿੰਘ ਨਾਭਾ
91-94635-53962

ਆਪਣੀ ਡਿਊਟੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ੍ਰ. ਤਰਲੋਚਨ ਸਿੰਘ ਅ/ਕ ਟੀਚਰ ( ਡਰਾਇੰਗ ਮਾਸਟਰ) ਸਰਕਾਰੀ ਮਿਡਲ ਸਕੂਲ ਲਲੌਡਾ ਕੰਪਲੈਕਸ ਸ.ਸ.ਸ.ਸ. ਸੌਜਾ ਜਿਲ੍ਹਾ ਪਟਿਆਲਾ ਤੋਂ 31 ਮਾਰਚ 2021 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਬਨੇਰਾ ਜਿਲ੍ਹਾ ਪਟਿਆਲਾ ਵਿਖੇ 15 ਮਾਰਚ 1963 ਨੂੰ ਮਾਤਾ ਸਵ: ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ ਸ੍ਰ.ਰਣਜੀਤ ਸਿੰਘ ਦੇ ਘਰ ਹੋਇਆ।ਤਰਲੋਚਨ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਮਾਡਲ ਟਾਊਨ ਪਟਿਆਲਾ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਸ.ਸ.ਸ.ਮਲਟੀਪਰਪਜ ਸਕੂਲ ਪਟਿਆਲਾ ਤੋਂ 1981 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ। ਇਸ ਦੌਰਾਣ ਉਸ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ 1981 ਵਿੱਚ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਸੰਸ਼ਥਾ ਨਾਭਾ ਵਿਖੇ ਦਾਖਲਾ ਲੈ ਕੇ ਦੋ ਸਾਲ ਦੀ ਟੀਚਰਜ਼ ਟ੍ਰੇਨਿੰਗ 1983'ਚ ਲੈ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਟ੍ਰੇਨਿੰਗ ਦੌਰਾਨ ਉਸ ਨੇ ਆਪਣੇ ਭਰਾਵਾਂ ਨਾਲ ਘਰ 'ਚ ਲਾਈ ਇੰਡਸਟਰੀ 'ਚ ਹੱਥ ਵਟਾਉਣਾ ਸੁਰੁ ਕਰ ਦਿੱਤਾ ਜਿਸ 'ਚ ਮਧਾਨੀ,ਪੱਖੇ,ਮਿਕਸੀ ਦੀਆਂ ਸਾਫਟਾਂ ਬਣਾਉਣ ਲਈ 1983 ਤੋਂ 1997 ਤੱਕ ਖਰਾਦ ਦਾ ਕੰਮ ਕੀਤਾ।ਸੰਨ 1990 ਵਿੱਚ ਉਨ੍ਹਾ ਦਾ ਵਿਆਹ ਮਾਨਸਾ ਵਿਖੇ ਸੁਖਵਿੰਦਰ ਕੌਰ ਨਾਲ ਹੋ ਗਿਆ।

ਤਰਲੋਚਨ ਸਿੰਘ ਨੂੰ ਲੰਬੇ ਸੰਘਰਸ਼ ਬਾਅਦ ਸ਼ਰਕਾਰੀ ਅਧਿਆਪਕ ਬਣਨ ਦਾ ਸੁਭਾਗ ਪ੍ਰਾਪਤ ਹੋ ਹੀ ਗਿਆ ਉਸ ਨੇ ਨਿਯੁਕਤੀ ਹੋਣ ਉਪਰੰਤ 06 ਮਈ 1997 ਨੂੰ ਸਰਕਾਰੀ ਮਿਡਲ ਸਕੂਲ ਦੇਧਨਾ ਕੰਪ: ਸ.ਸ.ਸ.ਸ.ਘੱਗਾ (ਪਟਿਆਲਾ) ਵਿਖੇ ਹਾਜ਼ਰੀ ਦੇ ਕੇ ਸੇਵਾ ਆਰੰਭ ਕੀਤੀ ਅਤੇ 12 ਜੂਨ 1997 ਨੂੰ ਸ.ਸ.ਸ.ਸ. ਬੀਬੀਪੁਰ ਘਰ ਤੋਂ ਜਿਆਦਾ ਦੂਰ ਹੋਣ ਕਾਰਣ ਉਸ ਨੂੰ ਆਉਣਾ-ਜਾਣਾ ਮੁਸ਼ਕਲ ਸੀ।ਇਸ ਲਈ ਉਸ ਨੇ ਸਾਖਰਤਾ ਮੁਹਿੰਮ ਅਧੀਨ ਬੀ.ਡੀ.ਪੀ.ਓ. ਦਫਤਰ ਨਾਭਾ ਵਿਖੇ 29 ਸਤੰਬਰ 1998 ਤੋਂ 21 ਸਤੰਬਰ 1999 ਤੱਕ ਆਨ-ਡਿਊਟੀ ਕੰਮ ਕੀਤਾ।ਉਹ ਬਦਲੀ ਕਰਵਾ ਕੇ 04 ਜੁਲਾਈ 2000 ਨੂੰ ਸ.ਸ.ਸ.ਸ. ਕਕਰਾਲਾ (ਨਾਭਾ) ਵਿਖੇ ਆ



ਗਿਆ।ਫਿਰ ਉਸ ਨੇ ਸਰਕਾਰੀ ਮਿਡਲ ਸਕੂਲ ਲਲੌਡਾ (ਪਟਿਆਲਾ) ਵਿਖੇ 09 ਜੁਲਾਈ 2007 ਨੂੰ ਬਦਲੀ ਕਰਵਾ ਲਈ।ਇਥੇ ਉਸ ਨੇ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਮਿਡ-ਡੇ-ਮੀਲ ਦੇ ਕੰਮ ਨੂੰ ਜ਼ਿੰਮੇਵਾਰੀ ਨਾਲ ਨਿਭਾਇਆ।ਸਕੂਲ ਮਨੇਜਮੈਂਟ ਕਮੇਟੀ ਦੇ ਇੰਚਾਰਜ਼ ਹੋਣ ਕਰਕੇ ਸਕੂਲ ਗ੍ਰਾਂਟਾਂ ਨੂੰ ਸਕੂਲ ਦੇ ਵਿਕਾਸ ਲਈ ਇਮਾਨਦਾਰੀ ਨਾਲ ਖਰਚਦੇ ਰਹੇ।ਸਕੂਲ ਦੀ ਕਿਸੇ ਵੀ ਵਾਧੂ ਡਿਊਟੀ ਨੂੰ ਹਮੇਸ਼ਾ ਖੁਸੀ ਨਾਲ ਨਿਭਾਉਂਦੇ ਰਹੇ ।ਉਨ੍ਹਾਂ ਸਕੂਲ ਸਮੇਂ ਤੋਂ ਬਾਅਦ ਸਕੂਲ ਦੇ ਕੰਮ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਹਮੇਸ਼ਾ ਖਿਆਲ ਰੱਖਿਆ।ਇਥੇ ਉਨ੍ਹਾਂ ਨੇ ਤਕਰੀਬਨ ਤੇਰਾਂ ਸਾਲ ਤੋਂ ਉੱਪਰ ਈਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾਈ ਅਤੇ ਇਥੋਂ ਹੀ ਸੇਵਾ ਮੁਕਤੀ ਪ੍ਰਾਪਤ ਕੀਤੀ।ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਸ੍ਰ. ਤਰਲੋਚਨ ਸਿੰਘ ਦੀ ਸੇਵਾ ਮੁਕਤੀ ਸਮਾਰੋਹ ਤੇ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਕੂ.ਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਰਿੰਸ਼ੀ ਕੁਮਾਰੀ,ਸਮੂਹ ਸਟਾਫ, ਸਰਪੰਚ ਸ੍ਰ. ਦਰਸ਼ਨ ਸਿੰਘ,ਪੰਚਾਇਤ ਮੈਂਬਰ ਅਤੇ ਐਸ.ਐਮ.ਸੀ. ਮੈਂ-ਬਰਾਂ ਵਲੋਂ ਸਨ-ਮਾਨਿਤ ਕੀਤਾ ਗਿਆ। ਉਨ੍ਹਾਂ ਦੇ ਪਿਤਾ ਸ੍ਰ. ਰਣਜੀਤ ਸਿੰਘ ਅਤੇ ਸਮੂਹ ਪਰਿਵਾਰਿਕ ਮੈਂਬਰਾਂ ਨੂੰ ਵੀ ਸਨਮਾਨਿਆ ਗਿਆ।

ਉਨ੍ਹਾਂ ਦੇ ਬੇਟੇ ਸਤਵੀਰ ਸਿੰਘ ਨੇ ਡਿਪਲੋਮਾ ਇਲੈਕਟ੍ਰੋਨਿਕਸ ਐਂਡ ਟੈਲੀਕਿਊ-ਮੀਨੀਕੇਸ਼ਨ, ਬੀ.ਏ., ਈ.ਟੀ.ਟੀ. ਕੀਤੀ ਹੋਈ ਹੈ ।ਉਹ ਈ.ਟੀ.ਟੀ. ਅਧਿਆਪਕ ਦੀ ਨਿਯੁਕਤੀ ਹੋਣ ਉਪਰੰਤ ਆਪਣੀਆਂ ਸੇਵਾਵਾਂ ਸ੍ਰ. ਪ੍ਰ. ਸ. ਸਹੌਲੀ (ਭਾਦ-ਸੋਂ) ਵਿਖੇ ਨਿਭਾ ਰਿਹਾ ਹੈ । ਬੇਟੀ ਲਕਸ਼ਦੀਪ ਕੌਰ ਪੰਜਾਬੀ ਯੂਨਵਿਰਸਿਟੀ ਪਟਿਆਲਾ ਤੋਂ ਗਰੇਜੁਏਸ਼ਨ ਇਨ ਆਨਰਜ਼ ਕਰਨ ਬਾਅਦ ਮਾਸਟਰ ਆਫ ਹਿਸਟਰੀ ਕਰ ਰਹੀ ਹੈ।ਨੂੰਹ ਪਰਨੀਤ ਕੌਰ ਈ.ਟੀ.ਟੀ.,ਐਮ.ਏ.(ਹਿਸਟਰੀ) ਪ੍ਰਾਈਵੇਟ ਅਧਿਆਪਕਾ ਆਪਣੀ ਬੇਟੀ ਮੇਹਰੀਨ ਕੌਰ ਨਾਲ ਪਰਿਵਾਰਕ ਖੁਸ਼ੀਆਂ ਮਾਣ ਰਹੀ ਹੈ।ਉਹ ਨਾਭਾ ਵਿਖੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।ਪ੍ਰਮਾਤਮਾ ਕਰੇ ਉਹ ਹਮੇਸ਼ਾਂ ਚੜ੍ਹਦੀਕਲਾ'ਚ ਅਤੇ ਸਿਹਤਯਾਬ ਰਹਿਣ।

# ਸੇਵਾ-ਮੁਕਤੀ ਤੇ ਲਲੌਡਾ ਸਕੂਲ ਵਲੋਂ ਮਾਸਟਰ ਤਰਲੋਚਨ ਸਿੰਘ ਨੂੰ ਸ਼ਾਨਦਾਰ ਵਿਦਾਈ ਦਿੱਤੀ ਗਈ

ਸ੍ਰ. ਤਰਲੋਚਨ ਸਿੰਘ ਅ/ਕ ਟੀਚਰ ( ਡਰਾਇੰਗ ਮਾਸਟਰ) ਸਰਕਾਰੀ ਮਿਡਲ ਸਕੂਲ ਲਲੌਡਾ ਕੰਪਲੈਕਸ ਸ.ਸ.ਸ.ਸ. ਸੌਜਾ ਜਿਲ੍ਹਾ ਪਟਿਆਲਾ ਦੀ ਸੇਵਾ ਮੁਕਤੀ ਸਮੇਂ ਸਕੂਲ ਵਲੋਂ ਸ਼ਾਨਦਾਰ ਸਮਾਗਮ ਕਰਵਾਇਆ ਗਿਆ।ਉਸ ਨੇ ਸਰਕਾਰੀ ਮਿਡਲ ਸਕੂਲ ਲਲੌਡਾ (ਪਟਿਆਲਾ) ਵਿਖੇ 09 ਜੁਲਾਈ 2007 ਨੂੰ ਬਦਲੀ ਕਰਵਾ ਕੇ ਇਥੇ ਹੀ ਬਾਕੀ ਦੀ ਸਾਰੀ ਸੇਵਾ ਨਿਭਾਈ। ਇਥੇ ਉਸ ਨੇ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਮਿਡ-ਡੇ-ਮੀਲ ਦੇ ਕੰਮ ਅਤੇ ਸਕੂਲ ਮਨੇਜਮੈਂਟ ਕਮੇਟੀ ਦੇ ਇੰਚਾਰਜ਼ ਦੀ ਜਿੰਮੇਵਾਰੀ ਵੀ ਵਧੀਆ ਤਰੀਕੇ ਨਾਲ ਨਿਭਾਈ। ਸਕੂਲ ਦੀ ਕਿਸੇ ਵੀ ਵਾਧੂ ਡਿਊਟੀ ਨੂੰ ਹਮੇਸ਼ਾ ਖੁਸੀ ਨਾਲ ਨਿਭਾਉਂਦੇ ਰਹੇ ।ਉਨ੍ਹਾਂ ਸਕੂਲ ਸਮੇਂ ਤੋਂ ਬਾਅਦ ਸਕੂਲ ਦੇ ਕੰਮ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਹਮੇਸ਼ਾ ਖਿਆਲ ਰੱਖਿਆ। ਇਥੇ ਉਨ੍ਹਾਂ ਨੇ ਤਕਰੀਬਨ ਤੇਰਾਂ ਸਾਲ ਤੋਂ ਉੱਪਰ ਈਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾਈ ਅਤੇ ਇਥੋਂ ਹੀ ਸੇਵਾ ਮੁਕਤੀ ਪ੍ਰਾਪਤ ਕੀਤੀ। ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਸ੍ਰ. ਤਰਲੋਚਨ ਸਿੰਘ



ਦੀ ਸੇਵਾ ਮੁਕਤੀ ਸਮਾਰੋਹ ਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਕੂ.ਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਰਿਨਸਾ ਕੁਮਾਰੀ,ਸਮੂਹ ਸਟਾਫ ਸ੍ਰ.ਸਤਿੰਦਰਜੀਤ ਸਿੰਘ ਕੰਪਿਊਟਰ ਫੈਕਲਟੀ ,ਸ੍ਰੀਮਤੀ ਰੁਪਿੰਦਰ ਕੌਰ ਪੰਜਾਬੀ ਮਿਸਟ੍ਰੈਸ, ਸ਼ੀਮਤੀ ਅਮਨਦੀਪ ਕੌਰ ਸ.ਸ. ਮਿਸਟ੍ਰੈਸ ਅਤੇ ਸ੍ਰੀ ਵਿਜੈ ਕੁਮਾਰ ਪੀ.ਟੀ.ਆਈ. ਵਲੋਂ ਸਨਮਾਨ ਕੀਤਾ ਗਿਆ। ਸਰਪੰਚ ਸ੍ਰ. ਦਰਸ਼ਨ ਸਿੰਘ, ਪੰਚਾਇਤ ਮੈਂਬਰ ਅਤੇ ਐਸ.ਐਮ.ਸੀ. ਮੈਂਬਰਾਂ ਵਲੋਂ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਮੁੱਖ ਅਧਿਆਪਕਾ ਨੇ ਉਨ੍ਹਾਂ ਦੀਆਂ ਸੇਵਾਵਾਂ ਦੀ ਸਰਾਹਨਾ ਕੀਤੀ।ਉਨ੍ਹਾਂ ਕਿਹਾ ਸ੍ਰ. ਤਰਲੋਚਨ ਸਿੰਘ ਨੇ ਇਸ ਸਕੂਲ ਵਿੱਚ ਆ ਕੇ ਲੰਬਾ ਸਮਾਂ ਸੇਵਾ ਕੀਤੀ ਅਤੇ ਉਨ੍ਹਾਂ ਨੇ ਇਸ ਸਮੇਂ ਦੀ ਸੇਵਾ ਦੌਰਾਨ ਆਪਣੀ ਵਧੀਆ ਕਾਰਗਜ਼ਾਰੀ ਸਦਕਾ ਹਮੇਸ਼ਾ ਸਕੂਲ ਦੀ ਬਿਹਤਰੀ ਲਈ ਕੰਮ ਕੀਤਾ।ਸ਼੍ਰੀਮਤੀ ਅਮਨਦੀਪ ਕੌਰ ਸ.ਸ.ਮਿਸਟ੍ਰੈਸ ਵਲੋਂ ਇਸ ਮੌਕੇ ਸਨਮਾਨ ਪੱਤਰ ਪੜ੍ਹਿਆ ਗਿਆ। ਉਨ੍ਹਾਂ ਦੇ ਪਿਤਾ ਸ੍ਰ. ਰਣਜੀਤ ਸਿੰਘ ਅਤੇ ਸਮੂਹ ਪਰਿਵਾਰਿਕ ਮੈਂਬਰਾਂ ਪਤਨੀ ਸ਼੍ਰੀਮਤੀ ਸੁਖਵਿੰਦਰ ਕੌਰ, ਬੇਟੇ ਸਤਵੀਰ ਸਿੰਘ, ਨੂੰਹ ਸ਼੍ਰੀਮਤੀ ਪਰਨੀਤ ਕੌਰ, ਬੇਟੀ ਲਕਸ਼ਦੀਪ ਕੌਰ ਅਤੇ ਪੋਤਰੀ ਮੇਹਰੀਨ ਕੌਰ ਨੂੰ ਵੀ ਸਨਮਾਨਿਆ ਗਿਆ। ਸ੍ਰ. ਤਰਲੋਚਨ ਸਿੰਘ ਵਲੋਂ ਉਨ੍ਹਾਂ ਲਈ ਕੀਤੀ ਸ਼ਾਨਦਾਰ ਵਿਦਾਇਗੀ ਪਾਰਟੀ ਲਈ ਮੁੱਖ ਅਧਿਆਪਕਾ ਅਤੇ ਸਮੂਹ ਸਟਾਫ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਕੂਲ ਵਿੱਚ ਹਮੇਸ਼ਾ ਦਿੱਤੇ ਸਹਿਯੋਗ ਦੀ ਸਰਾਹਨਾ ਕੀਤੀ।

# 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਵਾਲਾ 'ਨਰਿੰਦਰਪਾਲ ਸਿੰਘ'



ਤਸਵਿੰਦਰ ਸਿੰਘ ਬੜੈਚ
91-98763-22677

ਖੂਬਸੂਰਤ ਸ਼ਹਿਰ ਚੰਡੀਗੜ੍ਹ 'ਚ ਰਹਿੰਦੇ 63 ਸਾਲਾ ਨਰਿੰਦਰਪਾਲ ਸਿੰਘ ਦਾ ਅਵੱਲਾ ਸ਼ੌਂਕ ਉਹ ਕਰੰਸੀ ਨੋਟ ਇਕੱਠੇ ਕਰਨਾ ਹੈ, ਜਿਨ੍ਹਾਂ 'ਤੇ ਅੱਗੇ ਅਤੇ ਪਿੱਛੇ 786 ਨੰਬਰ ਹੈ, ਜਿਵੇਂ 0786786, 7860786 ਆਦਿ। ਮੁਸਲਿਮ ਭਾਈਚਾਰੇ ਵਿਚ 786 ਅੰਕ ਦੀ ਬੜੀ ਮਾਨਤਾ ਹੈ। 786 ਅੰਕ ਦੀ ਲੋਕਪ੍ਰਿਯਤਾ ਇੰਨੀ ਵੱਧ ਗਈ ਹੈ ਕਿ ਮੁਸਲਮਾਨਾਂ ਦੇ ਨਾਲ-ਨਾਲ ਇਸ ਅੰਕ ਨੂੰ ਹੋਰ ਧਰਮਾਂ ਦੇ ਲੋਕ ਵੀ ਸੁਭ ਮੰਨਣ ਲੱਗੇ ਹਨ। ਜੇ ਗੱਲ ਨਰਿੰਦਰਪਾਲ ਸਿੰਘ ਵੱਲੋਂ ਇਕੱਠੇ ਕੀਤੇ ਹੋਏ 786 ਨੰਬਰਾਂ ਵਾਲੇ ਨੋਟਾਂ ਦੀ ਕਰੀਏ ਤਾਂ ਉਸ ਕੋਲ 2000, 500, 100, 50, 20, 10, 5, 2, 1 ਦੇ ਭਾਰਤੀ ਨੋਟ ਅਤੇ ਨਿਊਜੀਲੈਂਡ, ਆਸਟ੍ਰੇਲੀਆ, ਕਨੇਡਾ, ਅਮਰੀਕਾ, ਇਟਲੀ, ਭੂਟਾਨ, ਨੇਪਾਲ, ਪਾਕਿਸਤਾਨ, ਬੰਗਲਾਦੇਸ ਆਦਿ ਦੇਸ਼ਾਂ ਦੀ 786 ਨੰਬਰਾਂ ਵਾਲੀ ਵਿਦੇਸੀ ਕਰੰਸੀ ਵੀ ਸਾਂਭੀ ਹੋਈ ਹੈ। ਨਰਿੰਦਰਪਾਲ ਸਿੰਘ 786 ਅੰਕ ਦਾ ਐਨਾ ਸੈਦਾਈ ਹੈ ਕਿ ਉਨ੍ਹਾਂ ਨੇ ਆਪਣੀ ਕਾਰ ਤੇ ਮੋਬਾਈਲ ਦਾ ਨੰਬਰ (ਪਿਛਲੇ ਤਿੰਨ ਅੱਖਰ) ਵੀ 786 ਲਿਆ ਹੋਇਆ ਹੈ। ਇਸ ਤੋਂ ਇਲਾਵਾ, 3 ਅਪ੍ਰੈਲ 1954 ਨੂੰ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਜਨਮੇ ਨਰਿੰਦਰਪਾਲ ਸਿੰਘ ਕੋਲ ਭਾਰਤ ਦੇ 5 ਰੁਪਏ ਦੇ ਸਿੱਕੇ ਦੀਆਂ 50 ਕਿਸਮਾਂ, 1 ਰੁਪਏ ਦੀਆਂ 33 ਕਿਸਮਾਂ, 10 ਪੈਸੇ ਦੀਆਂ 11 ਕਿਸਮਾਂ, 5 ਪੈਸੇ ਦੀਆਂ 8 ਕਿਸਮਾਂ, 25 ਪੈਸੇ ਦੀਆਂ 20 ਕਿਸਮਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਉਸ ਕੋਲ ਮੌਲਾਨਾ ਅਬਦੁਲ ਕਲਾਮ, ਡਾ.ਸਿਆਮਾ ਪ੍ਰਸ਼ਾਦ ਮੁਖਰਜੀ, 9 ਵੀਂ ਏਸ਼ੀਅਨ ਗੇਮ, ਸੁਤੰਤਰਤਾ ਦੀ 50 ਵੀਂ ਵਰ੍ਹੇਗੰਢ, ਮਦਰ ਟਰੇਸਾ, ਜਹਾਜ ਮਹਿਕਮੇ ਦੀ 100 ਵੀਂ ਵਰ੍ਹੇਗੰਢ, ਵਿਸ਼ਵ ਫੂਡ ਅਤੇ ਵਾਤਾਵਰਨ ਦਿਵਸ, 25 ਵੀਂ ਸੁਤੰਤਰਤਾ ਜੈਅੰਤੀ, ਭਾਰਤੀ ਰਿਜ਼ਰਵ ਬੈਂਕ ਗੋਲਡਨ ਜੁਬਲੀ, ਖਾਲਸਾ ਸਤਾਬਦੀ ਦੇ 300 ਸਾਲ ਮੁਕੰਮਲ ਹੋਣ ਆਦਿ ਵਿਸ਼ੇਸ ਮੌਕਿਆ ਤੇ ਜਾਰੀ ਕੀਤੇ ਸਿੱਕੇ ਵੀ ਇਕੱਤਰ ਕੀਤੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਉਸ ਕੋਲ ਬਿਨ੍ਹਾਂ ਨੰਬਰਾਂ ਵਾਲੇ ਨੋਟ, ਅਧੂਰੇ ਨੰਬਰਾਂ ਵਾਲੇ



ਨੋਟ, ਸਟਾਰ ਵਾਲੇ 500 ਦੇ ਨੋਟ, ਕਟਿੰਗ ਤੋਂ ਰਹਿ ਚੁੱਕੇ ਨੋਟ, ਜੋ ਪ੍ਰਕਾਸ਼ਨ ਦੌਰਾਨ ਤਕਨੀਕੀ ਗਲਤੀਆਂ ਨਾਲ ਬਾਹਰ ਆ ਕੇ ਵੰਡੇ ਗਏ, ਵੱਖ-ਵੱਖ ਨੰਬਰਾਂ ਵਾਲੇ ਜਿਵੇਂ 1, 2, 3, 4, 5, 6 ਨੋਟ ਵੀ ਸਾਂਭੇ ਪਏ ਹਨ। ਜਦ ਕਿ ਨੋਟਾਂ 'ਤੇ ਸਾਰੇ ਅੰਕ ਇਕੋ ਹੀ ( ਜਿਵੇਂ 111111) ਦੇ ਇਕ, ਦੋ, ਪੰਜ, ਦਸ, ਵੀਹ, ਪੰਜਾਹ, ਇਕ ਸੌ ਅਤੇ ਪੰਜ ਸੌ ਰੁਪਏ ਦੇ ਨੋਟ ਵੀ ਖਿੱਚ ਦਾ ਕੇਂਦਰ ਹਨ। ਉਹ ਕਰੀਬ 28 ਸਾਲਾਂ ਤੋਂ ਬੜੀ ਮਿਹਨਤ ਤੇ ਲਗਨ ਨਾਲ ਅਜਿਹੇ ਨੋਟ ਤੇ ਸਿੱਕੇ ਇਕੱਠੇ ਕਰਦਾ ਆ ਰਿਹਾ ਹੈ। ਨਰਿੰਦਰਪਾਲ ਸਿੰਘ ਨੇ ਪਿਛਲੇ 28 ਸਾਲਾਂ 'ਚ ਲਗਭਗ 15 ਲੱਖ ਰੁਪਏ ਦੇ, ਜਿਨ੍ਹਾਂ ਵਿਚ 2000, 500, 100, 50, 20, 5, 2, 1 ਦੇ ਭਾਰਤੀ ਨੋਟ , ਸਿੱਕੇ ਅਤੇ ਵਿਦੇਸ਼ੀ ਕਰੰਸੀ ਸਾਮਲ ਹਨ, ਇਕੱਠੇ ਕਰ ਲਏ ਹਨ । ਨੋਟਾਂ ਅਤੇ ਸਿੱਕਿਆਂ ਦੇ ਮਾਮਲੇ ਵਿਚ ਸ਼ਾਇਦ ਹੀ ਭਾਰਤ ਵਿਚ ਕੋਈ ਅਜਿਹਾ ਵਿਆਕਤੀ ਹੋਵੇ ਜਿਸ ਕੋਲ ਏਨੀ ਵੱਡੀ ਮਾਤਰਾ ਵਿਚ ਨੋਟ ਅਤੇ ਸਿੱਕੇ ਮੌਜੂਦ ਹੋਣ।

ਚੰਡੀਗੜ੍ਹ ਦੇ ਸੈਕਟਰ 51 ਦੀ ਬੀ. ਐਸ. ਐਨ. ਐਲ. ਕਲੋਨੀ 'ਚ ਆਪਣੇ ਪਰਿਵਾਰ ਸਮੇਤ ਰਹਿਣ ਵਾਲੇ ਇਸ ਸੇਵਾ ਮੁਕਤ ਬੈਂਕ ਅਧਿਕਾਰੀ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਨੋਟ ਤੇ ਸਿੱਕੇ ਇਕੱਠੇ ਕਰਨਾ ਕੋਈ ਸੌਖਾ ਕੰਮ ਨਹੀਂ। ਪਿਛਲੇ 28 ਸਾਲਾਂ ਤੋਂ ਉਹ ਥਾਂ-ਥਾਂ ਭਟਕ ਰਹੇ ਹਨ ਤਾਂ ਜੋ ਇਕ ਰਿਕਾਰਡ ਬਣ ਸਕੇ ਅਤੇ ਉਨ੍ਹਾਂ ਨੂੰ ਸਫਲਤਾ ਵੀ ਮਿਲੀ ਹੈ। ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਆਫ਼ ਰੀਕਾਰਡਜ਼, ਇੰਡੀਆ ਬੁੱਕ ਆਫ਼ ਰੀਕਾਰਡਜ਼ ਅਤੇ ਯੂਨੀਕ ਵਰਲਡ ਰੀਕਾਰਡਜ਼ ਵਿਚ ਦਰਜ ਹੈ। ਇਕ ਕੌਮੀ ਪੱਧਰ ਦੀ ਸੰਸਥਾਂ ਵੱਲੋਂ ਸਾਲ 2012 ਵਿਚ ਤਿਆਰ ਕੀਤੀ ਗਈ 120 ਪ੍ਰਤਿਭਾਸ਼ਾਲੀ ਵਿਆਕਤੀਆਂ ਦੀ ਸੂਚੀ 'ਚ ਅਤੇ 2013 ਵਿਚ ਚੁਣੇ 101 ਬੰਦਿਆਂ 'ਚ ਨਰਿੰਦਰਪਾਲ ਸਿੰਘ ਨੂੰ ਸ਼ਾਮਲ ਕੀਤਾ। ਨਰਿੰਦਰਪਾਲ ਸਿੰਘ ਨੂੰ ਇਹ ਖਜ਼ਾਨਾ ਸੰਭਾਲਣ ਬਦਲੇ ਜੈਪੁਰ ਵਿਖੇ ਸਾਲ 2009 ਚ 'ਭਾਰਤ ਦਾ ਕੋਹਿਨੂਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2009 ਵਿਚ ਹੀ ਬਠਿੰਡਾ ਦੀ ਸੰਸਥਾਂ ਗਲੋਬਲ ਵਰਲਡ ਰੀਕਾਰਡਜ਼ ਵੀ ਨਰਿੰਦਰਪਾਲ ਸਿੰਘ ਨੂੰ ਸਨਮਾਨਿਤ ਕਰ ਚੁੱਕੀ ਹੈ। ਨੋਟਾਂ ਅਤੇ ਸਿੱਕਿਆਂ ਦੇ ਸ਼ੌਕ ਵਿਚ ਉਸ ਨੂੰ ਆਪਣੀ ਜੀਵਣ-ਸਾਥਣ ਗੁਰਦੀਪ ਕੌਰ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਯੋਗਦਾਨ ਹਾਸਿਲ ਹੈ। ਇਸ ਉਮਰੇ ਵੀ ਉਸ ਦਾ ਸ਼ੌਕ ਘੱਟ ਨਹੀਂ ਹੋਇਆ। ਨੋਟਾਂ ਅਤੇ ਸਿੱਕਿਆਂ ਦੀ ਭਾਲ 'ਚ ਉਹ ਅਜੇ ਵੀ ਤਤਪਰ ਹੈ।

ਨਰਿੰਦਰਪਾਲ ਸਿੰਘ, ਜਿਸ ਨੇ ਇਹ ਨੋਟਾਂ ਤੇ ਸਿੱਕਿਆਂ ਦਾ ਸਾਰਾ ਖ਼ਜਾਨਾ ਬੈਂਕ ਲਾਕਰ 'ਚ ਰੱਖਿਆ ਹੋਇਆ ਹੈ, ਦੀ ਇੱਛਾ ਹੈ ਕਿ ਉਹ ਹੋਰ ਵੀ ਜਿਆਦਾ ਨੋਟ ਤੇ ਸਿੱਕੇ ਇਕੱਠੇ ਕਰਕੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ ਵਿਚ ਆਪਣਾ ਨਾਂਅ ਦਰਜ ਕਰਵਾਏ। ਵਹਿਗੁਰੂ ਕਰੇ, ਉਸ ਦੀ ਇਹ ਇੱਛਾ ਜਲਦੀ ਪੂਰੀ ਹੋਵੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

# ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ



ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਹਿਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।

ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ- ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖ਼ੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖਤਮ ਕਰਕੇ ਕੌਮੀ ਜਾਂ ਕ੍ਰਾਡੀਅਲ ਧਰਮ ਨੂੰ ਲਾਗੂ ਕੀਤਾ। ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗਾੜੇ ਰੂਪ ਹਨ। ਹਿੰਦੂਵਾਦ ਲੁਪਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।

ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਊਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖ਼ੁਸ਼ੀ ਖ਼ੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖਿਲਾਫ, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖਿਲਾਫ ਪਹਿਲੋਂ ਵੀ ਬਗਾਵਤਾਂ ਹੋਈਆਂ।




ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਅੱਛੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਾਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਨਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋਂ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿੰਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚਾਇਆ। ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ। ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਕ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

(ਬਾਕੀ ਅਗਲੇ ਸਫੇ 'ਤੇ)

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਣ ਅਮੀਰਾਨਾ ਸੋਚ 'ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ 'ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ 'ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ 'ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ 'ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ 'ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ 'ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ 'ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ 'ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ 'ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕ-ਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ 'ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ 'ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ 'ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

*(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)*

*(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)*

# 14 ਅਪ੍ਰੈਲ ਨੂੰ ਸ਼ਰਧਾਪੂਰਵਕ ਮਨਾਇਆ ਜਾਵੇਗਾ ਬਾਬਾ ਸਾਹਿਬ ਡਾ.ਅੰਬੇਡਕਰ ਦਾ ਜਨਮ ਦਿਵਸ

**ਜਲੰਧਰ** – ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ. ਮੀਟਿੰਗ ਦੀ ਸ਼ੁਰੂਆਤ ਤ੍ਰਿਸ਼ਰਣ - ਪੰਚਸ਼ੀਲ ਗ੍ਰਹਿਣ ਕਰਨ ਨਾਲ ਕੀਤੀ ਗਈ. ਮੀਟਿੰਗ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ 14 ਅਪ੍ਰੈਲ 2021 ਨੂੰ, ਕੋਵਿਡ - 19 ਦੇ ਸੰਬੰਧ ਵਿਚ ਸਰਕਾਰ ਦੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਬੜੀ ਸ਼ਰਧਾਪੂਰਵਕ, ਬਾਬਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਭੂਮੀ, ਅੰਬੇਡਕਰ ਭਵਨ, ਜਲੰਧਰ ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ. ਪ੍ਰਮੁੱਖ ਬੁਧੀਜੀਵੀ ਅਤੇ




ਸ਼ਹੀਦ ਸਰਦਾਰ ਭਗਤ ਸਿੰਘ ਦੇ ਭਾਣਜੇ ਡਾ. ਜਗ-ਮੋਹਨ ਸਿੰਘ ਨੂੰ ਮੁਖ ਮਹਿਮਾਨ ਅਤੇ ਪ੍ਰਮੁੱਖ ਅੰਬੇਡਕਰੀ, ਲੇਖਕ ਅਤੇ ਚਿੰਤਕ ਤੇ ਸੰਪਾਦਕ ਭੀਮ ਪਤ੍ਰਿਕਾ ਸ਼੍ਰੀ ਲਾਹੌਰੀ ਰਾਮ ਬਾਲੀ ਨੂੰ ਮੁਖ ਬੁਲਾਰੇ ਵਜੋਂ ਬੁਲਾਉਣ ਦਾ ਫੈਸਲਾ ਕੀਤਾ ਗਿਆ. ਸਮਾਗਮ ਨੂੰ ਅੰਬੇਡਕਰ ਭਵਨ ਟਰੱਸਟ ਜਲੰਧਰ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦਾ ਸਹਿਯੋਗ ਰਹੇਗਾ. ਇਸ ਮੌਕੇ ਮੀਟਿੰਗ ਵਿਚ ਸਰਵ ਸ਼੍ਰੀ ਲਾਹੌਰੀ ਰਾਮ ਬਾਲੀ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ ਅਤੇ ਬਲਦੇਵ ਰਾਜ ਭਾਰਦਵਾਜ ਆਦਿ ਹਾਜ਼ਰ ਸਨ. ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ.

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ



ਸੀ. ਐਲ. ਚੁੰਬਰ




ਮਾਸਿਕ ਮੈਗਜ਼ੀਨ 'ਕੌਮੀ ਉਡਾਰੀਆਂ' ਦੇ ਸਤੰਬਰ 1986 ਦੇ ਵਿਸ਼ੇਸ਼ ਅੰਕ ਦੀ ਪਹਿਲੇ ਸਫੇ ਦੀ ਇਕ ਤਸਵੀਰ।
*ਧੰਨਵਾਦ ਸਹਿਤ 'ਕੌਮੀ ਉਡਾਰੀਆਂ'*

ਭਾਰਤ ਦੇ ਬਿਹਾਰ ਸੂਬੇ ਨੇ ਹਰ ਖੇਤਰ ਵਿਚ ਬੜੇ ਮਹਾਨ ਵਿਅਕਤੀ ਪੈਦਾ ਕੀਤੇ, ਜਿਹਨਾਂ ਨੇ ਸਮੇਂ ਦੀ ਧਾਰਾ ਨੂੰ ਮੋੜਨ ਵਿਚ ਨਿਰਣਾਇਕ ਰੋਲ ਅਦਾ ਕੀਤਾ। ਬਾਬੂ ਜਗਜੀਵਨ ਰਾਮ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਬਿਹਾਰ ਦੇ ਦੋ ਕਸ਼ੱਤਰੀ ਰਾਜਕੁਮਾਰਾਂ ਗੌਤਮ ਅਤੇ ਮਹਾਂਵੀਰ ਨੇ ਧਰਮ ਉਪਦੇਸ਼ਕ ਹੋ ਕੇ ਬ੍ਰਾਹਮਣਾਂ ਦੀ ਸਰਵਉੱਚਤਾ ਨੂੰ ਝੁਠਲਾਇਆ। ਉਹਨਾਂ ਦੇ ਰਾਜਕੁਮਾਰ ਹੋਣ ਸਦਕੇ ਉਹਨਾਂ ਨੂੰ ਆਪਣੇ ਮਨੁੱਖਤਾਵਾਦੀ ਪ੍ਰਚਾਰ ਕਰਨ ਵਿਚ ਰਾਜ ਦੀ ਹਮਾਇਤ ਪ੍ਰਾਪਤ ਹੋਣ ਕਰਕੇ ਰਾਜ ਦਾ ਧਰਮ ਲੋਕਾਂ ਦਾ ਧਰਮ ਬਣ ਕੇ ਫੈਲਿਆ। ਆਰੀਆ ਦੇ ਭਾਰਤ ਵਿਚ ਆਉਣ ਤੋਂ ਬਾਅਦ ਆਰੀਆ ਦੇ ਦੋਹਾਂ ਵਰਣਾਂ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਵਿਚਕਾਰ ਸੰਘਰਸ਼ 'ਚ ਬ੍ਰਾਹਮਣਾਂ ਦੀ ਕਸ਼ੱਤਰੀਆਂ ਹੱਥੋਂ ਇਹ ਪਹਿਲੀ ਵੱਡੀ ਹਾਰ ਸੀ ਜੋ ਬੋਧੀ ਰਾਜਾ ਬ੍ਰਦਰਥ ਨੂੰ ਉਸਦੇ ਬ੍ਰਾਹਮਣ ਮੰਤਰੀ ਪੁਸ਼ਯਮਿੱਤਰ ਨੇ ਕਤਲ ਕਰਕੇ ਜਿੱਤ ਵਿਚ ਬਦਲ ਦਿੱਤੀ।

ਭਾਰਤ ਤੇ ਮੁਸਲਮਾਨਾਂ ਦੇ ਰਾਜ ਨਾਲ ਆਰੀਆ ਦਾ ਏਕਾਧਿਕਾਰ ਜਾਂਦਾ ਰਿਹਾ ਅਤੇ ਭਾਰਤ ਦੇ ਆਦਿ ਵਾਸੀਆਂ, ਜਿਹਨਾਂ ਨੂੰ ਵਿਦੇਸ਼ੀ ਆਰੀਆ ਨੇ ਸਦੀਆਂ ਤੋਂ ਗੁਲਾਮ ਬਣਾਇਆ ਸੀ, ਨੇ ਆਰੀਆ ਖਿਲਾਫ ਭਗਤੀ ਲਹਿਰ ਰਾਹੀਂ ਬਗਾਵਤ ਦਾ ਝੰਡਾ ਚੁੱਕਿਆ। ਅੰਗਰੇਜ਼ਾਂ ਦੇ ਭਾਰਤ ਤੇ ਕਾਬਜ ਹੋਣ ਨਾਲ ਹਿੰਦੂ ਕੁਰੀਤੀਆਂ ਜਿਵੇਂ ਬਾਲ ਵਿਆਹ ਅਤੇ ਸਤੀ ਪ੍ਰਥਾ ਆਦਿ ਨੂੰ ਕਾਨੂੰਨ ਰਾਹੀਂ ਅੰਗਰੇਜ਼ਾਂ ਨੇ ਖਤਮ ਕੀਤਾ ਪਰ ਭਾਰਤ ਦੇ ਕਰੋੜਾਂ ਭਾਰਤੀਆਂ, ਜਿਹਨਾਂ ਨੂੰ ਆਰੀਆ ਸਮਰਾਜਵਾਦੀ ਸ਼ੂਦਰ ਕਹਿੰਦੇ ਸਨ, ਉਹਨਾਂ ਦੀ ਬਿਹਤਰੀ ਲਈ ਕੋਈ ਉਦਮ ਨਾ ਹੋਏ। 1885 ਈ: ਵਿਚ ਮਿ: ਹਿਊਮ ਵੱਲੋਂ ਕਾਂਗਰਸ ਨਾਂ ਦਾ ਰਾਜਨੀਤਿਕ ਦਲ ਬਣਾਇਆ ਜੋ ਮੈਮੋਰੰਡਮ ਰਾਜਨੀਤੀ ਤੋਂ ਜਲਸੇ ਜਲੂਸਾਂ ਅਤੇ 'ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ' ਅਤੇ 'ਪੂਰਨ ਸਵਰਾਜ' ਪ੍ਰਾਪਤੀ ਦੇ ਨਾਹਰਿਆਂ ਤੱਕ ਪੁੱਜ ਗਿਆ।

ਅਜਿਹੇ ਸਮੇਂ ਹੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਅਛੂਤਾਂ ਦੇ ਪੜ੍ਹੇ ਲਿਖੇ ਨੌਜਵਾਨਾਂ ਦੇ ਮਨਾਂ ਵਿਚ ਰਾਜਨੀਤਿਕ ਚਾਨਣੇ ਦੀ ਪਹਿਲੀ ਕਿਰਨ ਨਿਕਲੀ। ਸਦੀਆਂ ਤੋਂ ਅਛੂਤ ਨੂੰ ਦੁਰਕਾਰਨ ਵਾਲੇ ਹਿੰਦੂ, ਮੁਸਲਿਮ, ਸਿੱਖ ਆਦਿ ਜਦੋਂ ਸ਼ਾਸ਼ਕ ਅੰਗਰੇਜ਼ਾਂ ਤੋਂ ਆਪਣੇ ਹੱਕ ਮੰਗਣ ਲੱਗੇ ਤਾਂ ਪੜ੍ਹੇ ਲਿਖੇ ਅਛੂਤ ਨੌਜਵਾਨਾਂ ਨੇ ਵੀ ਆਪਣੀਆਂ ਅਲੱਗ ਸੰਸਥਾਵਾਂ ਬਣਾ ਕੇ ਆਜ਼ਾਦੀ ਦੀ ਦੋਹਰੀ ਲੜਾਈ ਲੜਨੀ ਸ਼ੁਰੂ ਕਰ ਦਿੱਤੀ। ਉਹਨਾਂ ਦੀ ਸਭ ਤੋਂ ਪਹਿਲੀ ਲੜਾਈ ਵਿਦੇਸ਼ੀ ਆਰੀਆ ਖਿਲਾਫ ਸੀ ਜੋ ਸਦੀਆਂ ਤੋਂ ਉਹਨਾਂ ਦੇ ਪਿਆਰੇ ਭਾਰਤ ਤੇ ਕਬਜ਼ਾ ਕਰਕੇ ਉਹਨਾਂ ਨੂੰ ਗੁਲਾਮ ਬਣਾਈ ਬੈਠੇ ਸਨ। ਦੂਜੀ ਲੜਾਈ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਸੀ! ਆਰੀਆ ਆਦਿ ਵੀ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਲੜ ਰਹੇ ਸਨ। ਆਰੀਆ ਦੀ ਇਸ 'ਮਜ਼ਬੂਰੀ', ਆਰੀਆਂ ਅਤੇ ਮੁਸਲਮਾਨਾਂ ਵਿਚਕਾਰ ਵੈਰ ਅਤੇ ਅੰਗਰੇਜ਼ਾਂ ਦੇ ਸ਼ਾਸਕ ਹੋਣ ਨੇ ਆਦਿਵਾਸੀ ਨੌਜਵਾਨਾਂ ਦੇ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦੇ ਘੋਲ ਨੂੰ ਸੌਖਿਆਂ ਕੀਤਾ।


ਫਿਰਕੇਦਰਾਨਾ ਅਵਰਾਡ ਸਿੰਧੂ ਘਾਟੀ ਦੀ ਆਰੀਆਂ ਹੱਥੋਂ ਆਦਿਵਾਸੀਆਂ ਦੀ ਹਾਰ ਤੋਂ ਬਾਅਦ ਆਦਿਵਾਸੀਆਂ ਦੀ ਸੱਤਾ ਦੇ ਰਸਤੇ ਵੱਲ ਪਹਿਲੀ ਕਾਨੂੰਨੀ ਜਿੱਤ ਸੀ, ਜਿਸ ਵਿਚ ਡਾ. ਅੰਬੇਡਕਰ ਦਾ ਗੋਲਮੇਜ਼ ਕਾਨਫਰੰਸਾਂ 'ਚ ਆਦਿਵਾਸੀਆਂ ਦਾ ਪੱਖ ਠੀਕ ਤਰ੍ਹਾਂ ਪੇਸ਼ ਕਰਨ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਵੱਲੋਂ ਸ੍ਰੀ ਗਾਂਧੀ ਦੀ ਬਜਾਏ ਡਾ. ਅੰਬੇਡਕਰ ਦਾ ਗੋਲਮੇਜ ਕਾਨਫਰੰਸਾਂ ਵਿਚ ਆਦਿ ਵਾਸੀਆਂ ਦੇ ਨੁਮਾਇੰਦਾ ਹੋਣ ਦੀਆਂ ਤਾਰਾਂ ਭੇਜਣ ਕਰਕੇ ਬਹੁਤ ਵੱਡਾ ਹੱਥ ਹੈ। ਪਰ ਸ੍ਰੀ ਗਾਂਧੀ ਵੱਲੋਂ ਸਿਰਫ ਆਦਿਵਾਸੀਆਂ ਨੂੰ ਵੱਖਰੇ ਤੌਰ ਤੇ ਮਿਲੇ ਹੱਕਾਂ ਖਿਲਾਫ ਹੀ ਮਰਨ ਵਰਤ ਅਤੇ ਡਾਕਟਰ ਅੰਬੇਡਕਰ ਵੱਲੋਂ ਸ੍ਰੀ ਗਾਂਧੀ ਦੀਆਂ ਮੰਗਾਂ ਮੰਨ ਕੇ ਪੂਨਾ ਪੈਕਟ ਕਰਨ ਨੇ ਆਦਿਵਾਸੀਆਂ ਦੀ ਆਜ਼ਾਦ ਸਿਆਸਤ ਦੇ ਨਵਜੰਮੇ ਬੱਚੇ ਦਾ ਗਲਾ ਘੋਟ ਦਿੱਤਾ। ਪੂਨਾਂ ਪੈਕਟ ਵਿਚ ਫਿਰਕੇਦਰਾਨਾ ਅਵਾਰਡ ਦੀਆਂ 78 ਸੀਟਾਂ ਦੀ ਬਜਾਏ 148 ਸੀਟਾਂ ਤਾਂ ਮਿਲ ਗਈਆਂ ਪਰ ਆਦਿ ਵਾਸੀਆਂ ਨੇ ਆਪਣੇ ਨੁਮਾਇੰਦੇ ਆਪ ਵੱਖਰੇ ਤੌਰ 'ਤੇ ਚੁਣਨ ਦਾ ਮੌਕਾ ਗੁਆ ਦਿੱਤਾ। (1) ਡਾ. ਅੰਬੇਡਕਰ ਵੱਲੋਂ ਆਦਿਵਾਸੀਆਂ ਨੂੰ ਪੂਨਾ ਪੈਕਟ ਰਾਹੀਂ ਹਿੰਦੂ ਮੰਨਣਾ ਸ੍ਰੀ ਗਾਂਧੀ ਦੀ ਜੀਵਨ ਦੀ ਸਭ ਤੋਂ ਵੱਡੀ ਜਿੱਤ ਅਤੇ ਡਾ. ਅੰਬੇਡਕਰ ਜੀ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਹਾਰ ਸੀ। ਡਾਕਟਰ ਅੰਬੇਡਕਰ ਨੇ ਆਪਣੇ ਲੋਕਾਂ ਦੇ ਹੱਥਾਂ ਅਤੇ ਗਾਧੀ ਦੇ ਨੂੰ ਆਰੀਆ ਦੇ ਰਹਿਮੋ ਕਰਮ ਤੇ ਸੁੱਟ ਦਿੱਤਾ।

(2) ਪੂਨਾ ਪੈਕਟ ਤੋਂ ਬਾਅਦ ਆਦਿਵਾਸੀਆਂ ਦੀ ਰਾਜਨੀਤੀ ਬਿਗਾਨੇ ਹੱਥਾਂ 'ਤੇ ਨਿਰਭਰ ਹੋ ਗਈ। ਫਿਰਕੇਦਰਾਨਾ ਅਵਾਰਡ ਅਨੁਸਾਰ ਅਛੂਤਾਂ ਦੇ ਐਮ. ਐਲ. ਏ. ਅਛੂਤ ਵੋਟਰ ਹੀ ਚੁਣਨਗੇ। ਸਿੱਖਾਂ, ਇਸਾਈਆਂ, ਮੁਸਲਮਾਨਾਂ, ਹਿੰਦੂਆਂ, ਭਾਰਤੀ ਇਸਾਈਆਂ, ਐਂਗਲੋ ਇੰਡੀਅਨ ਅਤੇ ਯੂਰਪੀਨਾਂ ਨੂੰ ਵੀ ਇਸੇ ਤਰ੍ਹਾਂ ਦਾ ਹੱਕ ਮਿਲਿਆ। ਪਰ ਪੂਨਾ ਪੈਕਟ ਕਾਰਨ ਅਛੂਤ ਆਪਣੇ ਨੁਮਾਇੰਦੇ ਚੁਣਨ ਵਾਲੇ ਹਿੰਦੂਆਂ ਦੇ ਮੁਥਾਜ ਹੋ ਗਏ।

ਪੂਨਾ ਪੈਕਟ ਤੋਂ ਬਾਅਦ ਆਦਿਵਾਸੀ ਰਾਜਨੀਤਿਕ ਤੌਰ 'ਤੇ ਖਿੱਲਰਨ ਲੱਗ ਪਏ। ਇਸ ਸਭ ਕੁਝ ਤੋਂ ਭਾਰਤ ਦੀ ਰਾਜਨੀਤੀ ਦੇ ਪਿਛੋਕੜ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ, ਜਿਸ ਨੂੰ ਸਾਹਵੇਂ ਰੱਖਿਆ ਮੌਜੂਦਾ ਭਾਰਤੀ ਰਾਜਨੀਤੀ ਨੂੰ ਸਮਝਣ ਵਿਚ ਸੌਖ ਹੁੰਦੀ ਹੈ।

ਹੁਣ ਅਸੀਂ ਬਾਬੂ ਜਗਜੀਵਨ ਰਾਮ ਦੇ ਮਾਰਚ 1937 ਵਿਚ ਬਿਹਾਰ ਤੋਂ ਐਮ. ਐਲ. ਏ. ਬਣਕੇ ਰਾਜਨੀਤੀ ਵਿਚ ਆਉਣ ਵੱਲ ਆਉਂਦੇ ਹਾਂ। ਉਸ ਸਮੇਂ ਕਾਂਗਰਸ ਹੀ ਬਿਹਾਰ 'ਚ ਇਕੋ ਇਕ ਸੰਗਠਿਤ ਸਰਗਰਮ ਰਾਜਨੀਤਿਕ ਪਾਰਟੀ ਸੀ।

(3) ਬਾਬੂ ਜਗਜੀਵਨ ਰਾਮ ਦੀ ਬਿਹਾਰ ਡਿਪਰੈਸਡ ਕਲਾਸਿਜ਼ ਲੀਗ ਨੇ ਕਾਂਗਰਸ ਨਾਲ ਗੱਠਜੋੜ ਕਰਕੇ 9 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਪਹਿਲੋਂ 1936 ਵਿਚ ਉਹਨਾਂ ਨੂੰ ਐਮ. ਐਮ. ਸੀ. ਨਾਮਜ਼ਦ ਕੀਤਾ ਗਿਆ ਸੀ। 1937 ਦੀਆਂ ਚੋਣਾਂ ਤੋਂ ਬਾਅਦ ਬਿਹਾਰ ਪਾਰਲੀਮੈਂਟਰੀ ਸਕੱਤਰ ਬਣੇ। ਉਸ ਸਮੇਂ ਕੈਬਨਿਟ ਮਨਿਸਟਰ ਤੋਂ ਬਾਅਦ ਪਾਰਲੀਮੈਂਟਰੀ ਸਕੱਤਰ ਹੀ ਹੁੰਦਾ ਸੀ। 29 ਸਾਲਾ ਜਗਜੀਵਨ ਰਾਮ ਦੀ ਇਹ ਰਾਜਨੀਤਿਕ ਜੀਵਨ ਦੀ ਯਾਤਰਾ ਦਾ ਪਹਿਲਾ ਪੜਾਅ ਸੀ। ਇਹਨਾਂ ਦਿਨਾਂ ਵਿਚ ਹੀ ਕਾਂਗਰਸ ਡਾ. ਅੰਬੇਡਕਰ ਦੇ ਮੁਕਾਬਲੇ ਤੇ ਭਾਰਤ ਪੱਧਰ ਦਾ ਅਛੂਤਾਂ 'ਚੋਂ ਕੋਈ ਆਗੂ ਉਭਾਰਨ ਦੀ ਤਲਾਸ਼ ਵਿਚ ਸੀ, ਕਿਉਂਕਿ ਡਾ. ਅੰਬੇਡਕਰ ਮਹਾਰਾਸ਼ਟਰ ਦੇ ਮਹਾਰ ਸਨ, ਜਿਹਨਾਂ ਦੇ ਮੁਕਾਬਲੇ ਤੇ ਕਾਂਗਰਸ ਬ੍ਰਾਹਮਣਾਂ ਤੋਂ ਬਾਅਦ ਵੱਧ ਗਿਣਤੀ ਚਮਾਰਾਂ 'ਚੋਂ ਕਿਸੇ ਆਗੂ ਨੂੰ ਉਭਾਰਨਾ ਚਾਹੁੰਦੀ ਸੀ ਜੋ ਡਾ. ਅੰਬੇਡਕਰ ਦੇ ਅਛੂਤਾਂ ਦਾ ਆਗੂ ਹੋਣ ਦੇ ਦਾਅਵੇ ਨੂੰ ਚੈਲਿੰਜ ਕਰਨ ਦੇ ਨਾਲ-ਨਾਲ ਚਮਾਰਾਂ ਦੇ ਵੋਟ ਕਾਂਗਰਸ ਦੇ ਹੱਕ 'ਚ ਪੁਆ ਸਕੇ। ਬਾਬੂ ਜਗਜੀਵਨ ਰਾਮ ਨੂੰ ਇਸ ਦੇ ਯੋਗ ਸਮਝ ਕੇ ਉਭਾਰਿਆ ਪਰ ਬਾਬੂ ਜਗਜੀਵਨ ਰਾਮ ਦਾ 1969 ਤੋਂ 1979 ਤੱਥ ਦਾ ਰੋਲ ਜਿੱਥੇ ਉਹਨਾਂ ਜੀਆਂ ਨਿੱਜੀ ਖਾਹਸ਼ਾਂ ਨੂੰ ਪੂਰਨ ਲਈ ਸੀ, ਉਥੇ ਸਿੱਧੇ ਅਸਿੱਧੇ ਬ੍ਰਾਹਮਣਵਾਦੀ ਕਾਂਗਰਸ ਨੂੰ ਕਮਜ਼ੋਰ ਕਰਨ ਵਾਲਾ ਵੀ ਰਿਹਾ।




1946 ਵਿਚ ਬਾਬੂ ਜਗਜੀਵਨ ਰਾਮ ਅੰਤ੍ਰਿਮ ਸਰਕਾਰ 'ਚ ਕਿਰਤ ਮੰਤਰੀ ਬਣੇ। ਇਹ ਸਫਲਤਾ ਜਿੱਥੇ ਬਾਬੂ ਜੀ ਲਈ ਮਾਣ ਵਾਲੀ ਸੀ, ਉਥੇ ਆਦਿ ਵਾਸੀਆਂ ਲਈ ਹੌਸਲਾ ਵਧਾਊ ਸੀ। ਬਾਬੂ ਜਗਜੀਵਨ ਰਾਮ ਦੀ ਸਿਆਸਤ ਇਸ ਤੱਥ 'ਤੇ ਨਿਰਭਰ ਸੀ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਤੱਕ ਤਾਂ ਆਦਿਵਾਸੀ ਹਿੰਦੂਆਂ ਖਿਲਾਫ ਰਾਜਨੀਤਿਕ ਲੜਾਈ ਲੜਦੇ ਰਹਿਣਗੇ ਪਰ ਆਜ਼ਾਦੀ ਤੋਂ ਬਾਅਦ ਆਰੀਆ ਦੇ ਭਾਰਤ ਤੇ ਕਾਬਜ਼ ਹੋਣ ਤੋਂ ਬਾਅਦ ਉਹ ਸ਼ਾਸ਼ਕ ਨਾਲ ਸਿੱਧੀ ਲੜਾਈ ਨਹੀ ਲੜ ਸਕਦੇ। ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਵਜੋਂ ਅਹੁਦਾ ਸੰਭਾਲਣਾ ਵੀ ਸ਼ਾਇਦ ਉਸ ਸਮੇਂ ਦੀ ਆਦਿਵਾਸੀਆਂ ਦੀ ਰਾਜਨੀਤੀ ਦੀ 'ਮਜ਼ਬੂਰੀ' ਸੀ।

ਇੱਥੇ ਇਹ ਚਰਚਾ ਕਰਨੀ ਵੀ ਨਿਆਂਸੰਗਤ ਹੀ ਹੋਵੇਗੀ ਕਿ ਬਾਬੂ ਜਗਜੀਵਨ ਰਾਮ ਅਤੇ ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਮੰਡਲ 'ਚ ਸ਼ਾਮਲ ਹੋਣ ਨਾਲ ਕਾਂਗਰਸ ਵੱਲੋਂ ਆਦਿਵਾਸੀਆਂ 'ਚ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਤੁਹਾਡੇ ਲੀਡਰ ਤਾਂ ਕਾਂਗਰਸ 'ਚ ਆ ਗਏ ਹਨ। ਇਸ ਨਾਲ ਆਦਿਵਾਸੀ ਕਾਂਗਰਸ ਨਾਲ ਵਿਆਹੇ ਗਏ। ਇਸ ਨੇ ਭਾਰਤੀ ਸਿਆਸਤ 'ਚ ਆਦਿਵਾਸੀਆਂ ਦੀ ਵੱਖਰੀ ਹੋਂਦ ਨੂੰ ਹੋਰ ਸੱਟ ਮਾਰੀ।

ਬਾਬੂ ਜਗਜੀਵਨ ਰਾਮ 1946 ਤੋਂ 1969 ਤੱਕ ਲਗਾਤਾਰ ਕੈਬਨਿਟ ਮੰਤਰੀ ਰਹੇ। ਬਾਬੂ ਜੀ ਕਾਂਗਰਸ ਵਿਚ ਅੰਦਰੋ ਅੰਦਰੀ ਨਹਿਰੂ ਲਈ ਇਕ ਖ਼ਤਰਾ ਬਣਦੇ ਜਾ ਰਹੇ ਸਨ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਟਿਕਟਾਂ ਵੰਡਣ ਵੇਲੇ ਬਾਬੂ ਜੀ ਦੇ ਮਹੱਤਵਪੂਰਨ ਰੋਲ ਨੇ ਅਤੇ ਇੰਨੇ ਸਾਲਾਂ ਤੋਂ ਲਗਾਤਾਰ ਕੇਂਦਰੀ ਮੰਤਰੀ ਰਹਿਣ ਕਰਕੇ ਉਹਨਾਂ ਨੇ ਕਾਂਗਰਸ ਖਾਸ ਕਰਕੇ ਇਹਨਾਂ ਵਰਗਾਂ ਦੇ ਐਮ. ਪੀਜ਼ ਵਿਚ ਖਾਸ ਜਗ੍ਹਾ ਬਣਾ ਲਈ ਸੀ। ਬਾਬੂ ਜੀ ਕਿਧਰੇ ਨਹਿਰੂ ਲਈ ਚੈਲਿੰਜ ਨਾ ਬਣ ਜਾਣ, ਸ੍ਰੀ ਨਹਿਰੂ ਨੇ ਕਾਮਰਾਜ ਯੋਜਨਾ ਦੇ ਬਹਾਨੇ ਬਾਬੂ ਜੀ ਨੂੰ ਮੰਤਰੀ ਮੰਡਲ ਤੋਂ ਵੱਖ ਕਰ ਦਿੱਤਾ। ਸਤੰਬਰ 1963 ਤੋਂ ਜਨਵਰੀ 1965 ਤੱਕ ਉਹ ਕਾਂਗਰਸ ਸੰਗਠਨ ਲਈ ਕੰਮ ਕਰਦੇ ਰਹੇ।

ਬਾਬੂ ਜਗਜੀਵਨ ਰਾਮ ਕਾਂਗਰਸ ਵਿਚ 1964 ਤੱਕ ਪ੍ਰਧਾਨ ਮੰਤਰੀ ਦੀ ਚੋਣ ਤੱਕ 'ਚ ਨਿਰਣਾਇਕ ਭੂਮਿਕਾ ਨਿਭਾਉਣ ਵਾਲੇ ਰਾਜਨੀਤੀਵਾਨ ਵਜੋਂ ਉਭਰੇ। ਲਾਲ ਬਹਾਦਰ ਸ਼ਾਸ਼ਤਰੀ ਬਾਬੂ ਜੀ ਦੀ ਹਮਾਇਤ ਸਦਕਾ ਹੀ ਪ੍ਰਧਾਨ ਮੰਤਰੀ ਬਣੇ।

(6) ਸ਼ਾਸਤਰੀ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਮੁਰਾਰਜੀ ਦਿਸਾਈ ਵਿਚਕਾਰ ਪ੍ਰਧਾਨ ਮੰਤਰੀ ਦੇ ਸੰਘਰਸ਼ ਵਿਚ ਬਾਬੂ ਜੀ ਨੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਾਥ ਦੇ ਕੇ ਪ੍ਰਧਾਨ ਮੰਤਰੀ ਬਣਾਇਆ।

1969 ਤੱਕ ਬਾਬੂ ਜੀ ਇੰਨੇ ਉਭਰ ਕੇ ਆਏ ਕਿ ਸ੍ਰੀਮਤੀ ਗਾਂਧੀ ਵੱਲੋਂ ਬਾਬੂ ਜੀ ਦਾ ਨਾਂ ਰਾਸ਼ਟਰਪਤੀ ਦੇ ਅਹੁਦੇ ਲਈ ਕਾਂਗਰਸ ਦੇ 1969 ਦੇ ਬੰਗਲੌਰ ਸੈਸ਼ਨ 'ਚ ਪੇਸ਼ ਕੀਤਾ। ਪਰ ਮੁਰਾਰਜੀ ਦਿਸਾਈ ਦਾ ਬਾਬੂ ਜੀ ਵੱਲ ਪਿਛਲਾ ਹਿਸਾਬ-ਕਿਤਾਬ ਸੀ। ਉਹਨਾਂ ਨੇ ਬਾਬੂ ਜੀ ਦੀ ਵਿਰੋਧਤਾ ਕੀਤੀ ਅਤੇ ਸ੍ਰੀ ਨੀਲਮ ਸੰਜੀਵਾ ਰੈਡੀ ਦਾ ਨਾਂ ਤਜਵੀਜ਼ ਕੀਤਾ। ਇਸ ਨਾਲ ਕਾਂਗਰਸ ਵਿਚ ਫੁੱਟ ਖੁੱਲ੍ਹ ਕੇ ਸਾਹਮਣੇ ਆਈ। ਅੰਤ ਸ੍ਰੀਮਤੀ ਗਾਂਧੀ ਅਤੇ ਬਾਬੂ ਜੀ ਨੇ ਸ੍ਰੀ ਰੈਡੀ ਦੀ ਥਾਂ ਆਜ਼ਾਦ ਉਮੀਦਵਾਰ ਸ੍ਰੀ ਵੀ. ਵੀ. ਗਿਰੀ ਨੂੰ ਰਾਸ਼ਟਰਪਤੀ ਚੁਣਵਾ ਦਿੱਤਾ। ਜਿਸ ਤੋਂ ਕਾਂਗਰਸ ਦੋਫਾੜ ਹੋ ਗਈ। ਇਸ ਸਮੇਂ ਇਉਂ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਨੂੰ ਦੋਫਾੜ ਵੱਲ ਲਿਜਾ ਕੇ ਰਾਜਨੀਤਿਕ ਸੱਤਾ ਹਥਿਆਉਣ ਵੱਲ ਬੜੀ ਤੇਜ਼ੀ ਨਾਲ ਵੱਧ ਰਹੇ ਸਨ।

1969 ਵਿਚ ਕਾਂਗਰਸ ਦੋਫਾੜ ਹੋਣ ਨਾਲ ਇਕ ਹਿੱਸੇ ਦੇ ਬਾਬੂ ਜੀ ਪ੍ਰਧਾਨ ਬਣੇ ਜੋ ਕਾਂਗਰਸ (ਜਗਜੀਵਨ ਰਾਮ) ਵਜੋਂ ਜਾਣਿਆ ਗਿਆ। ਦਸੰਬਰ 1969 ਵਿਚ ਬੰਬਈ ਵਿਖੇ ਹੋਏ ਕਾਂਗਰਸ ਸੰਮੇਲਨ ਦੀ ਪ੍ਰਧਾਨਗੀ ਬਾਬੂ ਜੀ ਨੇ ਕੀਤੀ। ਇਕ ਅਛੂਤ ਦਾ ਦੇਸ਼ ਦੀ ਹੁਕਮਰਾਨ ਰਾਜਨੀਤਿਕ ਪਾਰਟੀ ਦਾ ਪ੍ਰਧਾਨ ਬਣ ਕੇ ਬਾਬੂ ਜੀ ਨੇ ਉਹਨਾਂ ਲੋਕਾਂ ਨੂੰ ਸ਼ਰਮਿੰਦਿਆਂ ਕਰ ਦਿੱਤਾ ਜੋ ਅਛੂਤਾਂ ਨੂੰ ਮੈਰਿਟ ਦੀ ਡਾਂਗ ਨਾਲ ਅੱਜ ਵੀ ਫੱਟੜ ਕਰਨੋਂ ਨਹੀਂ ਹਟਦੇ।

ਬਾਬੂ ਜੀ ਰਾਜਨੀਤਿਕ ਦਾਅ-ਪੇਚ ਨੂੰ ਇੰਨੀ ਬਾਖੂਬੀ ਨਾਲ ਕਰਦੇ ਸਨ ਕਿ ਵੀਹਵੀਂ ਸਦੀ ਵਿਚ ਸ਼ਾਇਦ ਹੀ ਕੋਈ ਅਜਿਹਾ ਭਾਰਤੀ ਸਿਆਸਤਦਾਨ ਹੋਵੇਗਾ ਜੋ ਆਮ ਆਦਮੀ ਤੋਂ ਸ਼ੁਰੂ ਹੋ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੰਘਰਸਸ਼ੀਲ ਸੀ। 1969 ਵਿਚ ਜਦੋਂ ਬਾਬੂ ਜੀ ਕੇਂਦਰੀ ਮੰਤਰੀ ਹੋਣ ਦੇ ਨਾਲ-ਨਾਲ ਕਾਂਗਰਸ ਦੇ ਪ੍ਰਧਾਨ ਸਨ ਤਾਂ ਉਹਨਾਂ ਨੇ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਬਹੁਗੁਣਾ ਰਾਹੀਂ ਸਿੰਡੀਕੇਟ ਕਾਂਗਰਸ ਨਾਲ ਗੱਲ ਚਲਾਈ ਕਿ ਜੋ ਉਹ ਬਾਬੂ ਜੀ ਨੂੰ ਪ੍ਰਧਾਨ ਮੰਤਰੀ ਬਣਨ 'ਚ ਹੱਥ ਵੰਡਾਉਣ ਤਾਂ ਉਹ ਦੋਹਾਂ ਕਾਂਗਰਸਾਂ ਨੂੰ ਇਕ ਕਰ ਦੇਣਗੇ। ਪਰ ਇਸਦਾ ਸ੍ਰੀਮਤੀ ਗਾਂਧੀ ਨੂੰ ਪਤਾ ਲੱਗ ਗਿਆ ਅਤੇ ਸ੍ਰੀਮਤੀ ਗਾਂਧੀ ਇੰਨੇ ਘਬਰਾ ਗਏ ਕਿ ਉਹਨਾਂ ਲੋਕ ਸਭ ਹੀ ਦਸੰਬਰ 1970 'ਚ ਭੰਗ ਕਰਕੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਦਿੱਤਾ। ਪਰ ਬਾਬੂ ਜੀ ਦ ਆਦਿਵਾਸੀਆਂ 'ਚ ਪ੍ਰਭਾਵ ਹੋਣ ਕਰਕੇ ਮੰਤਰੀ ਮੰਡਲ 'ਚੋਂ ਨਾ ਕੱਢ ਸਕੀ।'

1971 ਦੀਆਂ ਲੋਕ ਸਭਾ ਚੋਣਾਂ ਵੇਲੇ ਬਾਬੂ ਜੀ ਕਾਂਗਰਸ ਦੇ ਪ੍ਰਧਾਨ ਸਨ। ਉਹਨਾਂ ਸਮਝਿਆ ਕਿ ਸ੍ਰੀਮਤੀ ਗਾਂਧੀ ਨੂੰ ਇੰਨਾ ਬਹੁਮਤ ਨਹੀਂ ਮਿਲੇਗਾ ਕਿ ਜਿਸ ਨਾਲ ਬਾਬੂ ਜੀ ਦੀ ਪਾਰਟੀ ਤੇ ਪਕੜ ਮਜ਼ਬੂਤ ਰਹੇਗੀ। ਚੋਣਾਂ ਵੇਲੇ ਹੀ ਉਹਨਾਂ ਬਿਆਨ ਦਿੱਤਾ 'ਮੈਂ ਅੰਗੂਠਾ ਟੇਕ ਪ੍ਰਧਾਨ ਨਹੀਂ। ਲੋਕ ਸਭਾ ਚੋਣਾਂ ਤੋਂ ਬਾਅਦ ਲੋਕ ਸਭਾ ਵਿਚ ਪਾਰਟੀ ਦੇ ਆਗੂ ਦੀ ਬਕਾਇਦਾ ਚੋਣ ਹੋਵੇਗੀ।'' ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਦੇ ਵਿਚ ਲੋਕਤੰਤਰਿਕ ਰਵਾਇਤਾਂ ਨੂੰ ਕਿੰਨਾ ਬਰਕਰਾਰ ਰੱਖਣ 'ਚ ਵਿਸ਼ਵਾਸ ਰੱਖਦੇ ਸਨ। ਪਰ ਇਸ ਦਲੇਰਾਨਾ ਬਿਆਨ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਨਰਾਜ਼ ਕਰ ਦਿੱਤਾ। ਇਸ ਤੋਂ ਬਾਅਦ ਸ੍ਰੀਮਤੀ ਗਾਂਧੀ ਨੇ ਡਾ. ਬਰੂਆ ਵਰਗੇ ਕਾਂਗਰਸ ਪ੍ਰਧਾਨ ਬਣਾਏ ਜੋ 'ਇੰਦਰਾ ਭਾਰਤ ਹੈ ਅਤੇ ਭਾਰਤ ਇੰਦਰਾ ਹੈ' ਦਾ ਨਾਹਰਾ ਲਾਉਂਦੇ ਰਹੇ। ਇਹ ਭਾਰਤੀ ਲੋਕਤੰਤਰ ਦਾ ਕਿੱਡਾ ਦੁਖਾਂਤ ਹੈ ਕਿ ਜੋ ਰਾਜਨੀਤਿਕ ਪਾਰਟੀ ਦੇਸ਼ ਵਿਚ ਰਾਜ ਕਰ ਰਹੀ ਹੋਵੇ, ਉਸ ਦੀ ਬੀਤੇ ਦਸ ਸਾਲਾਂ ਤੋਂ ਸੰਗਠਨਾਤਮਕ ਚੋਣ ਹੀ ਨਾ ਹੋਈ ਹੋਵੇ। ਭਾਰਤ ਵਿਚ ਲੋਕਤੰਤਰ ਦੀ ਅਸਲ ਭਾਵਨਾ ਖੰਭ ਲਾ ਕੇ ਉਡ ਗਈ ਹੈ।

ਬਾਬੂ ਜੀ ਲਗਾਤਾਰ ਸ੍ਰੀਮਤੀ ਗਾਂਧੀ ਦੀ ਡਿਕਟੇਟਰਸ਼ਿਪ ਲਈ ਖ਼ਤਰਾ ਬਣ ਗਏ ਸਨ। ਸ੍ਰੀਮਤੀ ਗਾਂਧੀ ਬਾਬੂ ਜੀ ਦੀ ਲੋਕਪ੍ਰਿਅਤਾ ਨੂੰ ਕੈਰੀ ਅੱਖ ਨਾਲ ਦੇਖਦੇ ਸਨ। ਬੰਗਲਾਦੇਸ਼ ਨਾਲ ਯੁੱਧ 'ਚ ਬਾਬੂ ਜੀ ਵੱਲੋਂ ਰੱਖਿਆ ਮੰਤਰੀ ਵਜੋਂ ਦਿੱਤੇ ਕੁਸ਼ਲ ਨਿਰਦੇਸ਼ਨ ਨੇ ਆਮ ਭਾਰਤੀਆਂ ਦੇ ਮਨਾਂ 'ਚ ਬਾਬੂ ਜੀ ਬਾਰੇ ਕੁਸ਼ਲ ਰਾਜਨੀਤੀਵਾਨ ਅਤੇ ਕੁਸ਼ਲ ਪ੍ਰਸ਼ਾਸਕ ਦਾ ਵਿਚਾਰ ਬਿਠਾ ਦਿੱਤਾ। ਸ੍ਰੀਮਤੀ ਗਾਂਧੀ ਨੇ ਬੰਗਲਾਦੇਸ਼ ਦੀ ਲੜਾਈ ਦਾ ਸਿਹਰਾ ਲੈਣ ਲਈ 'ਭਾਰਤ ਰਤਨ' ਦਾ ਖਿਤਾਬ ਲੈ ਲਿਆ ਅਤੇ ਲੋਕਾਂ ਦੀਆਂ ਨਜ਼ਰਾਂ 'ਚੋਂ ਬਾਬੂ ਜੀ ਨੂੰ ਡੇਗਣ ਲਈ ਉਹਨਾਂ ਨੂੰ 1975 ਵਿਚ ਲੋਕ ਸਭਾ ਵਿਚ ਐਮਰਜੈਂਸੀ ਪ੍ਰਸਤਾਵ ਪੜ੍ਹਨ ਲਈ ਮਜਬੂਰ ਕੀਤਾ। ਪਰ ਬਾਬੂ ਜੀ ਨੇ ਆਪਣੇ ਮੱਥੇ ਤੇ ਲੱਗੇ ਇਸ ਕਲੰਕ ਨੂੰ ਦੋ ਫਰਵਰੀ 1977 ਨੂੰ ਕਾਂਗਰਸ ਪਾਰਟੀ ਅਤੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਕੇ ਧੋ ਦਿੱਤਾ। ਇਸ ਅਸਤੀਫੇ ਨਾਲ ਬਾਬੂ ਜੀ ਨੇ ਸ੍ਰੀਮਤੀ ਗਾਂਧੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਬਾਬੂ ਜੀ ਹੀ ਸ੍ਰੀਮਤੀ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਵਾਲੇ ਸਨ ਅਤੇ ਉਹਨਾਂ ਨੇ ਹੀ ਮਾਰਚ 1977 ਦੀਆਂ ਚੋਣਾਂ ਵਿਚ ਸ੍ਰੀਮਤੀ ਗਾਂਧੀ ਸਮੇਤ ਕਾਂਗਰਸ ਨੂੰ 'ਧੋਬੀ ਪਟੜਾ' ਮਾਰਿਆ। ਭਾਰਤ ਦੇ ਇਤਿਹਾਸ ਵਿਚ ਬਾਬੂ ਜੀ ਵੱਲੋਂ ਕਾਂਗਰਸ ਛੱਡਣ 'ਤੇ ਪਹਿਲੀ ਵਾਰ ਕੇਂਦਰ ਵਿਚ ਕਾਂਗਰਸ ਨੂੰ ਵਿਦੇਸ਼ੀ ਬੈਂਚਾਂ ਤੇ ਬਿਠਾਉਣ ਦਾ ਸਿਹਰਾ ਬਾਬੂ ਜੀ ਨੂੰ ਹੀ ਜਾਂਦਾ ਹੈ।

ਪਰ ਪ੍ਰਧਾਨ ਮੰਤਰੀ ਦੀ ਚੋਣ ਵੇਲੇ ਚੌਧਰੀ ਚਰਨ ਸਿੰਘ ਵੱਲੋਂ ਬਾਬੂ ਜੀ ਦੀ ਵਿਰੋਧਤਾ ਕਾਰਨ ਬਾਬੂ ਜੀ ਪ੍ਰਧਾਨ ਮੰਤਰੀ ਬਣਦੇ-ਬਣਦੇ ਰਹਿ ਗਏ। ਜੁਲਾਈ 1979 ਵਿਚ ਜਨਤਾ ਪਾਰਟੀ ਵਿਚਲੀ ਫੁੱਟ ਕਾਰਨ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਆਇਆ। ਪਰ ਮੋਰਾਰਜੀ ਦਿਸਾਈ ਨੇ ਅਸਤੀਫਾ ਦੇਣ ਵਿਚ ਇੰਨੀ ਦੇਰੀ ਕਰ ਦਿੱਤੀ ਕਿ ਬਾਬੂ ਜੀ ਸਹੀ ਸਮੇਂ 'ਤੇ ਆਪਣਾ ਦਾਅਵਾ ਸਹੀ ਤਰੀਕੇ ਨਾਲ ਪੇਸ਼ ਨਾ ਕਰ ਸਕੇ। ਰਾਸ਼ਟਰਪਤੀ ਸ੍ਰੀ ਰੈਡੀ ਨੇ ਸ੍ਰੀ ਚਰਨ ਸਿੰਘ ਨੂੰ ਮੰਤਰੀ ਮੰਡਲ ਬਣਾਉਣ ਲਈ ਸੱਦਾ ਦਿੱਤਾ ਜੋ ਇਕ ਵਾਰ ਵੀ ਲੋਕ ਸਭਾ ਦੇ ਅਖਾੜੇ ਵਿਚ ਬਾਬ ਜੀ ਨਾਲ ਰਾਜਨੀ-ਤਿਕ ਦੰਗਲ ਦਾ ਸਾਹ-ਮਣਾ ਨਾ ਕਰ ਸਕੇ। ਇਤਿਹਾਸ ਵਿਚ ਸ੍ਰੀ ਰੈਡੀ ਨੂੰ ਜਿਸ ਬਾਬੂ ਜੀ ਨੂੰ ਮੰਤਰੀ ਮੰਡਲ ਬਣਾਉਣ ਦਾ ਸੱਦਾ ਨਾ ਦੇਣ ਦਾ ਦੋਸ਼ੀ ਲਿਖਿਆ ਜਾਵੇਗਾ, ਉਥੇ ਸ੍ਰੀ ਰੈਡੀ ਨੂੰ ਭਾਰਤ ਵਿਚ ਖਾਨਦਾਨੀ ਰਾਜ ਮੁੜ ਲਿਆਉਣ 'ਚ ਸਹਾਇਕ ਹੋਣ ਦਾ ਵੀ ਦੋਸ਼ੀ ਲਿਖਿਆ ਜਾਵੇਗਾ।

ਜੇ ਬਾਬੂ ਜੀ 1977 ਜਾਂ 1979 ਵਿਚ ਪ੍ਰਧਾਨ ਮੰਤਰੀ ਬਣ ਜਾਂਦੇ ਤਾਂ ਸ੍ਰੀਮਤੀ ਗਾਂਧੀ ਦੀ ਵਾਪਸੀ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋ ਜਾਂਦੀ।

1980 ਤੋਂ ਬਾਅਦ ਉਹਨਾਂ ਜਨਤਾ ਪਾਰਟੀ ਤੋਂ ਦੋਹਰੀ ਮੈਂਬਰਸ਼ਿਪ ਦੇ ਸਵਾਲ ਤੇ ਅਲੱਗ ਹੋ ਕੇ ਕਾਂਗਰਸ (ਜੇ) ਬਣਾਈ। ਪਰ 1977 ਵਿਚ ਆਪਣੀ ਕਾਂਗਰਸ ਫਾਰ ਡੈਮੋਕ੍ਰੇਸੀ (ਸੀ. ਐਫ. ਡੀ.) ਨੂੰ ਜਨਤਾ ਪਾਰਟੀ ਵਿਚ ਮਿਲਾਉਣਾ ਉਨੀ ਵੱਡੀ ਗਲਤੀ ਸੀ, ਜਿੰਨੀ ਡਾ. ਅੰਬੇਡਕਰ ਵੱਲੋਂ ਪੂਨਾ ਪੈਕਟ ਮੰਜੂਰ ਕਰਨਾ।

1977, 1979 ਅਤੇ 1980 ਵਿਚ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਵਿਚ ਜਾਤੀਵਾਦ ਸਭ ਤੋਂ ਵੱਡੀ ਰੁਕਾਵਟ ਬਣਨਾ ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਸ਼ਿਵਾ ਜੀ ਨੇ ਆਪਣਾ ਰਾਜ ਤਿਲਕ ਕਰਨਾ ਸੀ ਤਾਂ ਬ੍ਰਾਹਮਣਾਂ ਨੇ ਸ਼ਿਵਾ ਜੀ ਦੇ ਰਾਜਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਰਾਜ ਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਗੁਰੂ ਰਾਮਦਾਸ ਅਤੇ ਪ੍ਰਧਾਨ ਮੰਤਰੀ ਮੋਰੋਪਤੰ ਪਿੰਗਲੇ ਵੀ ਸ਼ਿਵਾ ਜੀ ਦੇ ਰਾਜਤਿਲਕ ਦੇ ਵਿਰੋਧੀ ਸਨ। ਅਜਿਹਾ ਕਿਉਂ? ਅਜਿਹਾ ਵਿਰੋਧ ਇਸ ਕਰਕੇ ਸੀ ਕਿ ਸ਼ਿਵਾ ਜੀ ਸ਼ੂਦਰ ਸਨ ਅਤੇ ਬ੍ਰਾਹਮਣ ਇਹ ਗੱਲ ਪੱਕੀ ਤਰ੍ਹਾਂ ਜਾਣਦੇ ਹਨ ਕਿ ਉਹਨਾਂ ਨੇ ਸਿੰਧੂ ਘਾਟੀ ਦੀ ਲੜਾਈ ਵਿਚ ਸ਼ੂਦਰ ਕਹੇ ਜਾਂਦੇ ਭਾਰਤ ਦੇ ਅਸਲ ਵਾਸੀਆਂ ਨੂੰ ਹਰਾ ਕੇ ਅਣਨੁੱਖੀ ਜ਼ੁਲਮ ਕੀਤੇ।

ਜੇ ਸ਼ੂਦਰ ਰਾਜ ਸੱਤਾ ਪ੍ਰਾਪਤ ਕਰ ਗਏ ਤਾਂ ਸਭ ਤੋਂ ਵੱਧ ਸ਼ਾਮਤ ਬ੍ਰਾਹਮਣਾਂ ਦੀ ਹੋਣੀ ਹੈ ਕਿਉਂਕਿ ਉਹਨਾਂ ਸ਼ੂਦਰਾਂ ਨੂੰ ਤਾਂ ਚੌਥੇ ਦਰਜੇ ਤੇ ਰੱਖਿਆ ਹੀ ਸੀ। ਆਪਣੇ ਆਰੀਆ ਭਰਾਵਾਂ, ਕਸ਼ਤਰੀਆਂ ਅਤੇ ਵੈਸ਼ਾਂ ਨੂੰ ਵੀ ਆਪਣੇ ਤੋਂ ਹੀਣੇ ਕਰ ਰੱਖਿਆ ਹੈ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬ੍ਰਾਹਮਣਾਂ ਦਾ ਸਿੱਖ ਸੱਜ ਕੇ ਮੰਤਰੀ ਬਣ ਕੇ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਨੂੰ ਖੋਖਲੇ ਕਰਨਾ ਅਤੇ ਸ਼ਿਵਾ ਜੀ ਤੋਂ ਬਾਅਦ ਬ੍ਰਾਹਮਣ ਪੇਸ਼ਵਿਆਂ ਵੱਲੋਂ ਰਾਜ ਸੱਤਾ ਹਥਿਆ ਕੇ ਪੇਸ਼ਵਾ ਰਾਜ ਸਥਾਪਤ ਕਰਕੇ ਸ਼ਹੀਦ ਸੰਬੂਕ ਦੇ ਕਾਤਲ ਸ੍ਰੀ ਰਾਮ ਚੰਦਰ ਦੇ 'ਰਾਮ ਰਾਜ' ਦੀ ਸਥਾਪਨਾ ਕਰਨਾ ਇਤਿਹਾਸਕਾਰਾਂ 'ਦੇ ਧਿਆਨ ਦੀ ਮੰਗ ਕਰਦਾ ਹੈ।

ਚਾਹੇ ਕੁਝ ਵੀ ਹੋਵੇ ਜਿਵੇਂ ਕਿ ਇਤਿਹਾਸ ਗਵਾਹ ਹੈ ਕਿ ਸ਼ੂਦਰਾਂ ਖਾਸ ਕਰਕੇ ਅਛੂਤਾਂ ਨੇ ਆਪਣਾ ਗੁਆਚਿਆ ਰਾਜ ਪਾਟ ਹਥਿਆਉਣ ਲਈ ਅਣਗਿਣਤ ਸ਼ਹੀਦੀਆਂ ਦਿੱਤੀਆਂ ਪਰ ਆਰੀਆਂ ਦੀ ਮਕਾਰੀ ਤੋਂ ਮਾਤ ਖਾਂਦੇ ਰਹੇ। ਇਸੇ ਤਰ੍ਹਾਂ ਵੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਅਛੂਤਾਂ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਉਠੀਆਂ ਲਹਿਰਾਂ ਦੇ ਸਿਰਲੱਥ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਸਦਕੇ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਕਬਜ਼ਾ ਕਰਨ ਦੇ ਯਤਨ ਹੋਣ ਲੱਗੇ। ਜੁਲਾਈ 1979 ਵਿਚ ਰਾਜਨੀਤੀ ਦੰਗਲ ਵਿਚ ਬਾਬੂ ਜੀ ਦਾ ਪਟਕੇ ਦਾ ਘੋਲ ਜਿੱਤ ਕੇ ਪ੍ਰਧਾਨ ਮੰਤਰੀ ਬਣਨਾਂ ਪੱਕਾ ਹੀ ਸੀ ਪਰ ਦੰਗਲ ਦੇ ਰੈਫਰੀ (ਰਾਸ਼ਟਰਪਤੀ) ਸ੍ਰੀ ਰੈਡੀ ਦੇ ਪੱਖਪਾਤ ਨੇ ਬਾਬੂ ਜੀ ਨੂੰ ਘੋਲ ਘੁਲਣ ਦਾ ਸੱਦਾ ਹੀ ਨਾ ਦਿੱਤਾ। ਪਰ ਬਾਬੂ ਜੀ ਨੇ 1977 ਵਿਚ ਜੋ ਦਲੇਰੀ ਭਰੇ ਕਦਮ ਚੁੱਕੇ, ਉਸਦੇ ਸਿੱਟੇ ਵਜੋਂ ਉਹ ਆਪ ਉਪ ਪ੍ਰਧਾਨ ਮੰਤਰੀ ਹੀ ਬਣ ਸਕੇ ਪਰ ਉਹਨਾਂ ਨੇ ਭਾਰਤ ਵਿਚ ਇਕ ਸ਼ੂਦਰ ਪ੍ਰਧਾਨ ਮੰਤਰੀ ਚਰਨ ਸਿੰਘ ਅਤੇ ਇਕ ਸ਼ੂਦਰ ਉਪ ਪ੍ਰਧਾਨ ਮੰਤਰੀ ਸ੍ਰੀ ਯਸ਼ਵੰਤ ਰਾਓ ਚਵਾਨ ਪੈਦਾ ਕੀਤੇ। ਕੀ ਬਾਬੂ ਜੀ ਦੀ ਇਹ ਘੱਟ ਪ੍ਰਾਪਤੀ ਸੀ? ਬਹੁਜਨ ਸਮਾਜ ਪਾਰਟੀ ਵੱਲੋਂ ਅਛੂਤ ਪ੍ਰਧਾਨ ਮੰਤਰੀ ਦਾ ਨਾਅਰਾ ਦੇਣਾ ਵੀ ਇੱਥੋਂ ਉਤਸ਼ਾਹਿਤ ਹੋਇਆ।

ਅੰਤ ਵਿਚ ਦੋ ਵਿਸ਼ਿਆਂ ਤੇ ਚਰਚਾ ਕਰਨੀ ਜ਼ਰੂਰੀ ਚਾਹਾਂਗੇ, ਜਿਸ ਤੇ ਅਛੂਤਾਂ ਦੀ ਅਤੇ ਭਾਰਤ ਦੀ ਰਾਜਨੀਤੀ ਦੀ ਦਿਸ਼ਾ ਨਿਰਭਰ ਹੋਵੇਗੀ। ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਇਹ ਗੱਲ ਭਲੀ ਭਾਂਤ ਜਾਦਦੇ ਹਨ ਕਿ ਰਾਜਨੀਤੀ ਵਿਚ ਰਾਜਨੀਤਿਕ ਪਾਰਟੀ ਅਤੇ ਦਬਾਅ ਗਰੁੱਪ ਦੋਹਾਂ ਦਾ ਹੋਣਾ ਜ਼ਰੂਰੀ ਹੈ। ਮੰਨ ਲਓ ਸਾਰੇ ਅਛੂਤ ਸ਼ਾਸਕ ਪਾਰਟੀ ਵਿਚ ਹਨ, ਉਹਨਾਂ ਦੀ ਮੌਜੂਦਾ ਭਾਰਤੀ ਸਮਾਜਿਕ ਸੋਚ ਅਤੇ ਰਾਜਨੀਤਿਕ ਚੋਣ ਪ੍ਰਣਾਲੀ ਦੇ ਔਗੁਣਾਂ ਕਾਰਨ ਇੰਨੀ ਆਵਾਜ਼ ਨਹੀਂ ਹੋਵੇਗੀ। ਇਸ ਦੇ ਲਈ ਜ਼ਰੂਰੀ ਹੈ ਕਿ ਸ਼ਾਸਕ ਪਾਰਟੀ ਤੋਂ ਬਾਹਰ ਅਜਿਹਾ ਦਬਾਓ ਗਰੁੱਭ ਹੋਵੇ ਜੋ ਸ਼ਾਸਕ ਪਾਰਟੀ ਵਿਚਲੇ ਅਛੂਤਾਂ 'ਚੋਂ ਚੁਣੇ ਐਮ. ਐਲ. ਏ., ਐਮ. ਪੀਜ਼ ਅਤੇ ਮਨਿਸਟਰਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰੱਖਣ ਦੇ ਨਾਲ ਉਹਨਾਂ ਨੂੰ ਪਾਰਟੀ ਦੇ ਕਾਬਜ਼ ਗੈਰ-ਅਛੂਤ ਆਗੂਆਂ ਨੂੰ ਵੀ ਅਛੂਤਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰੇ। ਇਸ ਨੂੰ ਸੌਖਿਆਂ ਇਸ ਤਰ੍ਹਾਂ

(ਬਾਕੀ ਅਗਲੇ ਸਫੇ 'ਤੇ)

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ

ਸਪਸ਼ਟ ਕਰ ਸਕਦੇ ਹਾਂ ਕਿ ਪ੍ਰੈਸ਼ਰ ਗਰੁੱਪ ਬੱਚਾ ਹੈ ਅਤੇ ਰਾਜਨੀਤਿਕ ਪਾਰਟੀ ਮਾਂ ਹੈ। ਜਿਵੇਂ ਬਿਨਾਂ ਰੋਇਆਂ ਮਾਂ ਵੀ ਦੁੱਧ ਨਹੀਂ ਦਿੰਦੀ, ਇਸੇ ਤਰ੍ਹਾਂ ਪ੍ਰੈਸ਼ਰ ਗਰੁੱਪ ਦਾ ਕੰਮ ਰੋਣਾ ਹੈ ਭਾਵ ਉਸ ਦਾ ਕੰਮ ਰਾਜਨੀਤਿਕ ਪਾਰਟੀ ਦੇ ਹਾਥੀ ਦੇ ਸਿਰ 'ਤੇ ਮਹਾਵਤ ਦੇ ਕੁੰਡੇ ਦਾ ਕੰਮ ਕਰਨਾ ਹੁੰਦ ਹੈ। ਸ਼ਾਸਕ ਰਾਜਨੀਤਿਕ ਪਾਰਟੀ ਵਿਚ ਅਛੂਤ ਆਗੂਆਂ ਦਾ ਕੰਮ ਪ੍ਰੈਸ਼ਰ ਗਰੁੱਪ ਦੇ ਅੰਦਰੂਨੀ ਸਹਿਯੋਗ ਨਾਲ ਅਛੂਤਾਂ ਦੀਆਂ ਮੰਗਾਂ ਨੂੰ ਮਨਵਾ ਕੇ ਲਾਗੂ ਕਰਵਾਉਣਾ ਚਾਹੀਦਾ ਹੈ। 1947 ਤੋਂ ਬਆਦ ਸ਼ਡਿਊਲਡ ਕਾਸਟਜ਼ ਫੈਡਰੇਸ਼ਨ, ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਹੁਣ ਬਹੁਜਨ ਸਮਾਜ ਪਾਰਟੀ ਨੇ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਤੋਂ ਬਾਅਦ ਰਾਜਨੀਤਿਕ ਬਦਲ ਵਜੋਂ ਉਭਰ ਰਹੀ ਹੈ ਪਰ ਉਸ ਦੇ ਰਾਹ ਵਿਚ ਪੂਨਾ ਪੈਕਟ ਵਾਲੀਆਂ ਖਾਮੀਆਂ ਹਨ। ਇਹਨਾਂ ਖਾਮੀਆਂ ਨੂੰ ਦੂਰ ਕਰਨ ਲਈ ਉਸ ਨੇ ਆਪਣਾ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦਾ ਘੇਰਾ ਅਛੂਤਾਂ, ਪੱਛੜੀਆਂ ਸ਼੍ਰੇਣੀਆਂ ਤੋਂ ਵਧਾ ਕੇ ਸਿੱਖਾਂ, ਇਸਾਈਆਂ, ਮੁਸਲਮਾਨਾਂ ਭਾਵ ਗੈਰ-ਆਰੀਆ ਤੱਕ ਵਧਾ ਲਿਆ ਹੈ। ਹਾਲ ਦੀ ਘੜੀ ਜਿੰਨਾ ਪ੍ਰੈਸ਼ਰ ਗਰੁੱਪ ਜ਼ਰੂਰੀ ਹੈ ਉਨ੍ਹਾਂ ਹੀ ਰਾਜ-ਪਾਰਟੀ 'ਚ ਅਛੂਤਾਂ ਦਾ ਨੁਮਾਇੰਦਿਆਂ ਦਾ ਹੋਣਾ ਵੀ ਜ਼ਰੂਰੀ ਹੈ। ਪਰ ਇਹ ਨੁਮਾਇੰਦੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਇਹੀ ਅਹਿਮ ਸਵਾਲ ਹੈ। ਅਛੂਤਾਂ ਦੇ ਹੁਣ ਦੇ ਨੁਮਾਇੰਦੇ ਚਾਹੇ ਉਹ ਅਕਾਲੀ ਦਲ, ਕਾਂਗਰਸ, ਜਨਤਾ ਪਾਰਟੀ, ਲੋਕ ਦਲ ਅਤੇ ਚਾਹੇ ਕਮਿਊਨਿਸਟ ਪਾਰਟੀਆਂ 'ਚ ਹਨ, ਉਹ ਨਿਰੋਲ ਅਛੂਤਾਂ ਦੇ ਨੁਮਾਇੰਦੇ ਨਹੀਂ ਹਨ। ਉਹ ਜਨਮ ਤੋਂ ਅਛੂਤ ਜ਼ਰੂਰ ਹਨ ਪਰ ਉਹ ਅਛੂਤ-ਵਿਰੋਧੀਆਂ ਦੀ ਅਛੂਤਾਂ 'ਚੋਂ ਸਭ ਤੋਂ ਵੱਧ 'ਆਗਿਆਕਾਰ' ਦੀ ਚੋਣ ਤੋਂ ਵੱਧ ਕੁਝ ਨਹੀਂ।

ਇਹ ਕਹਿਣ ਦਾ ਭਾਵ ਹੈ ਕਿ ਜੇ ਕਿਸੇ ਵੀ ਸ਼ਾਸਕ ਪਾਰਟੀ ਨੇ ਅਛੂਤਾਂ ਦੇ ਹੰਝੂ ਹੀ ਪੂੰਝਣੇ ਹਨ, ਉਹਨਾਂ ਦੇ ਦਰਦਾਂ ਸਮੱਸਿਆਵਾਂ ਨੂੰ ਹੱਲ ਨਹੀਂ ਕਰਨਾ ਜਾਂ ਹੱਲ ਅੱਧ ਪਚੱਧਾ ਜਾਂ ਲੇਟ ਕਰਨਾ ਹੈ ਤਾਂ ਇਹ ਭਾਰਤੀ ਲੋਕਤੰਤਰਿਕ ਢਾਂਚੇ, ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ। ਕਾਲੀ ਆਜ਼ਾਦੀ ਦੇ 38 ਸਾਲਾਂ ਬਾਅਦ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਨ ਜਿਹੇ ਫੈਸਲੇ ਲੈਣ ਵਾਲੀ ਸਰਕਾਰ ਸੰਵਿਧਾਨਕ ਰਿਜ਼ਰਵੇਸ਼ਨ ਦੀ ਪੂਰਤੀ ਲਈ ਰਿਜ਼ਰਵੇਸ਼ਨ ਐਕਟ ਨਹੀਂ ਬਣ ਸਕੀ। ਰਾਜਨੀਤੀ ਦਾ ਆਖਰੀ ਗੋਲ ਸਰਕਾਰੀ ਮਸ਼ੀਨਰੀ ਤੇ ਕਬਜ਼ਾ ਕਰਕੇ ਉਸ ਨੂੰ ਆਪਣੇ ਉਦੇਸ਼ਾਂ ਅਨੁਸਾਰ ਨਿਰਦੇਸ਼ਿਤ ਕਰਨਾ ਹੁੰਦਾ ਹੈ। ਸੋ ਅਨੁਸੂਚਿਤ ਜਾਤੀਆਂ ਦੇ ਰਾਜਨੀਤੀਵਾਨਾਂ ਨੂੰ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਨੂੰ ਪੂਰਾ ਕਰਵਾਉਣਾ ਵੀ ਉਹਨਾਂ ਦੀ ਰਾਜਨੀਤੀ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਜੋ ਲੋਕ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਖਿਲਾਫ ਮੈਰਿਟ ਦੀ ਡਾਂਗ ਚੁੱਕੀ ਫਿਰਦੇ ਹਨ, ਉਹ ਅਨੁਸੂਚਿਤ ਜਾਤੀਆਂ ਦੀ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਰਿਜ਼ਰਵੇਸ਼ਨ ਖਿਲਾਫ ਕਿਉਂ ਨਹੀਂ ਬੋਲਦੇ? ਕੀ ਉਹ ਸਮਝਦੇ ਹਨ ਕਿ ਅਨੁਸੂਚਿਤ ਜਾਤੀਆਂ 'ਚੋਂ ਬਣੇ ਐਮ. ਐਲ. ਏ., ਐਮ. ਪੀ. 'ਮੈਰਿਟ' ਵਾਲੇ ਹਨ? ਜੇ ਅਨੁਸੂਚਿਤ ਜਾਤੀਆਂ 'ਚੋਂ ਐਮ. ਐਲ. ਏ., ਐਮ. ਪੀ. ਮੈਰਿਟ ਅਨੁਸਾਰ ਠੀਕ ਹੈ ਤਾਂ ਫਿਰ ਅਨੁਸੂਚਿਤ ਜਾਤੀਆਂ 'ਚੋਂ ਕਲਰਕ, ਅਫਸਰ ਮੈਰਿਟ ਦੇ ਪੈਮਾਨੇ 'ਤੇ ਕਿਉਂ ਨਹੀਂ ਖਰਾ ਉਤਰਦਾ? ਦਰਅਸਲ ਅਨੁਸੂਚਿਤ ਜਾਤੀਆਂ ਦੇ ਚੁਣੇ ਜਾਂਦੇ ਐਮ. ਐਲ. ਏ., ਐਮ. ਪੀ. ਅਜੇ ਬ੍ਰਾਹਮਣ ਵਾਦੀਆਂ ਦੇ ਆਗਿਆਕਾਰ ਹਨ, ਜਦੋਂ ਉਹ ਆਗਿਆਕਾਰ ਨਹੀਂ ਰਹੇ ਉਸ ਦਿਨ ਰਾਜਨੀਤਿਕ ਰਿਜ਼ਰਵੇਸ਼ਨ ਖਤਮ ਹੋ ਜਾਵੇਗੀ ਅਤੇ ਦੇਸ਼ ਵਿਚ ਖਾਨਾਜੰਗੀ ਦਾ ਮਾਹੌਲ ਪੈਦਾ ਹੋ ਜਾਵੇਗਾ। ਰਿਜ਼ਰਵੇਸ਼ਨ ਬ੍ਰਾਹਮਣਵਾਦੀਆਂ ਲਈ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਂਗ ਹੈ। ਡਾ. ਅੰਬੇਡਕਰ ਵੱਲੋਂ ਕਾਨੂੰਨ ਮੰਤਰੀ ਹੁੰਦਿਆਂ ਅਤੇ ਬਾਬੂ ਜਗਜੀਵਨ ਰਾਮ ਵੱਲੋਂ ਕੇਂਦਰੀ ਮੰਤਰੀ ਮੰਡਲ ਵਿਚ ਇੰਨਾ ਸਮਾਂ ਰਹਿ ਕੇ ਰਿਜ਼ਰਵੇਸ਼ਨ ਐਕਟ ਨਾ ਬਣਾਉਣ ਨਾਲ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਲੱਖਾਂ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਆਪਣੇ ਇਸ ਸੰਵਿਧਾਨਕ ਹੱਕ ਨੂੰ ਪ੍ਰਾਪਤ ਕਰਨ ਵਿਚ ਔਕੜਾਂ ਆ ਰਹੀਆਂ ਹਨ।

ਭਾਰਤ ਦੀ ਰਾਜਨੀਤਿਕ ਖਾਸ ਕਰ ਅਛੂਤਾਂ ਦੀ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਨ ਲਈ ਦੂਜਾ ਵਿਸ਼ਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਜਾਗਰਿਤ ਵਰਗ ਦਾ ਧਰਮ ਪ੍ਰਤੀ ਕੀ ਨਜ਼ਰੀਆ ਹੈ। ਇਸ ਸਬੰਧੀ ਅਨੁਸੂਚਿਤ ਜਾਤੀਆਂ ਵਿਚ ਤਿੰਨ ਰਸਤੇ ਪ੍ਰਚੱਲਿਤ ਹਨ। ਪਹਿਲਾ ਰਸਤਾ ਹੈ ਹਿੰਦੂ ਧਰਮ ਦੇ ਦਾਇਰੇ ਵਿਚ ਰਹਿਣਾ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ। ਇਹ ਰਸਤਾ ਬਾਬੂ ਜਗਜੀਵਨ ਰਾਮ ਦਾ ਹੈ। ਦੂਜਾ ਰਸਤਾ ਹੈ ਹਿੰਦੂ ਧਰਮ ਨੂੰ ਛੱਡ ਕੇ ਧਰਮ ਪਰਿਵਰਤਨ ਕਰਕੇ ਅੱਗੇ ਵਧਣਾ। ਇਹ ਰਸਤਾ ਬਹੁਤ ਸਮੇਂ ਤੋਂ ਸ਼ੂਦਰਾਂ ਨੇ ਅਪਣਾਇਆ ਹੈ। ਮੁਸਲਿਮ ਧਰਮ, ਇਸਾਈ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਵਿਚ 95 ਪ੍ਰਤੀਸ਼ਤ ਤੋਂ ਵੱਧ ਸ਼ੂਦਰ ਹਨ। ਇਹਨਾਂ ਧਰਮਾਂ ਵਿਚ ਸ਼ੂਦਰ ਖੁਸ਼ਹਾਲੀ ਅਤੇ ਸਵੈਮਾਣ ਲਈ ਗਏ। ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਬੁੱਧ ਧਰਮ ਵਿਚ ਸ਼ਾਮਲ ਹੋ ਕੇ ਇਹ ਰਸਤੇ ਨੂੰ ਚੁਣਿਆ।

ਤੀਜਾ ਰਸਤਾ ਹੈ ਆਪਣੇ ਆਪ ਨੂੰ ਗੈਰ-ਹਿੰਦੂ ਧਰਮ ਸਿੱਧ ਕਰਨ ਦੇ ਨਾਲ ਨਾਲ ਆਪਣੇ 'ਚੋਂ ਪੈਦਾ ਹੋਏ ਰਹਿਬਰਾਂ ਮਹਾਂਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਮਦੇਵ ਆਦਿ ਨੂੰ ਧਾਰਮਿਕ ਆਗੂ ਮੰਨ ਕੇ ਵਿਦੇਸ਼ੀ ਆਰੀਆ ਖਿਲਾਫ ਆਜ਼ਾਦੀ ਦੀ ਲੜਾਈ ਲੜਨ ਦਾ! ਦੂਜਾ ਅਤੇ ਤੀਜਾ ਰਸਤਾ ਪੜ੍ਹੇ-ਲਿਖੇ ਅਤੇ ਜਾਗਰਿਤ ਅਛੂਤ ਪੀੜ੍ਹੀ ਲਈ ਖਿੱਚ ਦਾ ਵਿਸ਼ਾ ਹਨ। ਹੁਣ ਸਵਾਲ ਉਠਦਾ ਹੈ ਕਿ ਦੂਜੇ ਅਤੇ ਤੀਜੇ ਰਸਤੇ 'ਚੋਂ ਕਿਹੜਾ ਰਸਤਾ ਅਛੂਤਾਂ ਦੀ ਏਕਤਾ ਨੂੰ ਪੀਡਾ ਕਰਨ ਦੇ ਨਾਲ ਨਾਲ ਉਹਨਾਂ ਦੀ ਆਜ਼ਾਦ ਹਸਤੀ ਨੂੰ ਪ੍ਰਵਾਨਗੀ ਦਿੰਦਾ ਹੈ। ਦੂਜੇ ਰਸਤੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਵੱਖ-ਵੱਖ ਧਰਮਾਂ 'ਚ ਜਾਣ ਨਾਲ ਅਛੂਤ ਵੰਡੇ ਗਏ। ਉਹਨਾਂ ਨੇ ਜਿਸ ਖੁਸ਼ਹਾਲੀ ਅਤੇ ਸਵੈਮਾਣ ਲਈ ਨਵਾਂ ਧਰਮ ਅਪਣਾਇਆ। ਉਸ ਮਕਸਦ ਨੂੰ ਛੱਡ ਕੇ ਉਹ ਨਵੇਂ ਧਰਮ 'ਚ ਸਥਾਪਤ ਲੋਕਾਂ ਦੀ 'ਚਾਪਲੂਸੀ' ਕਰਕੇ ਆਪਣੇ ਆਪ ਨੂੰ ਧਰਮ ਵਿਚ ਵੱਡਾ 'ਕੱਟੜ' ਹੋਣਾ ਸਿੱਧ ਕਰਨ ਵੱਲ ਰੁੱਝੇ ਰਹੇ! ਜਿਸ ਨਾਲ ਉਹਨਾਂ ਦੀ ਹਾਲਤ ਨਵੇਂ ਧਰਮ 'ਚ ਆਉਣ ਤੋਂ ਪਹਿਲੀ ਵਰਗੀ ਹੀ ਰਹੀ। ਨਵੇਂ ਧਰਮਾਂ ਵਿਚ ਵੀ ਉਹਨਾਂ ਨੂੰ ਹਿੰਦੂਆਂ ਵਰਗੀ ਨਫਰਤ ਦਾ ਸ਼ਿਕਾਰ ਹੋਣਾ ਪਿਆ। ਨਵੇਂ ਧਰਮਾਂ ਵਿਚ ਭਾਵੇਂ ਹਿੰਦੂ ਧਰਮ ਨਾਲੋਂ ਕੁਝ ਖੁੱਲ੍ਹ ਸੀ ਪਰ ਨਵੇਂ ਧਰਮ ਤੇ ਕਾਬਜ਼ ਲੋਕਾਂ ਨੇ ਉਹਨਾਂ ਨੂੰ ਧਰਮ ਵਿਚ ਮਿਲੀ ਖੁੱਲ੍ਹ ਦਾ ਆਨੰਦ ਨਾ ਮਾਨਣ ਦਿੱਤਾ।

ਇਸ ਸਮੇਂ ਸਾਡੇ ਸਾਹਮਣੇ ਡਾ. ਅੰਬੇਡਕਰ, ਜੋ ਧਰਮ ਪ੍ਰੀਵਰਤਨ ਦੇ ਸਖਤ ਮੁਦਈ ਹੀ ਨਹੀਂ ਸਨ ਸਗੋਂ ਧਰਮ ਪ੍ਰੀਵਰਤਨ ਵੀ ਕੀਤਾ, ਦਾ ਅਛੂਤਾਂ ਦੀ ਪੂਨਾ ਵਿਖੇ 12-13 ਜਨਵਰੀ 1936 ਦੀ ਕਾਨਫਰੰਸ ਵਿਚ ਕੀਤਾ ਭਾਸ਼ਣ ਰਾਹ ਦਰਸਾਉਂਦਾ ਹੈ। ਉਹਨਾਂ ਨੇ ਕਿਹਾ, "ਅਸੀਂ ਇਸ ਹਕੀਕਤ ਬਾਰੇ ਪੂਰੀ ਤਰ੍ਹਾਂ ਜਾਣੂ ਹਾਂ ਕਿ ਅਸੀਂ ਜਿਸ ਮਰਜ਼ੀ ਧਰਮ ਵਿਚ ਜਾਈਏ, ਸਾਨੂੰ ਆਪਣੀ ਭਲਾਈ ਲਈ ਲੜਨਾ ਪੈਣਾ ਹੈ, ਚਾਹੇ ਇਸਾਈ ਧਰਮ, ਇਸਲਾਮ ਚਾਹੇ ਸਿੱਖ ਧਰਮ ਵਿਚ ਹੀ ਕਿਉਂ ਨਾ ਜਾਈਏ। ਇਹ ਸੋਚਣਾ ਮੂਰਖਤਾ ਹੋਵੇਗੀ ਕਿ ਜੇ ਅਸੀਂ ਇਸਲਾਮ ਅਪਣਾ ਲਈਏ ਤਾਂ ਸਾਡੇ ਵਿਚੋਂ ਹਰ ਕੋਈ ਨਵਾਬ ਬਣ ਜਾਏਗਾ ਜਾਂ ਇਸਾਈ ਧਰਮ ਅਪਣਾਉਣ ਤੇ ਪੌਪ ਬਣ ਜਾਏਗਾ। ਅਸੀਂ ਚਾਹੇ ਜਿਸ ਵੀ ਧਰਮ ਵਿਚ ਜਾਈਏ, ਸੰਘਰਸ਼ ਕਰਨਾ ਸਾਡੇ ਹਿੱਸੇ ਲਾਜ਼ਮੀ ਹੀ ਹੈ। ਹੁਣ ਸਵਾਲ ਉੱਠਦਾ ਹੈ ਕਿ ਜੇ ਧਰਮ ਪ੍ਰੀਵਰਤਨ ਕਰਕੇ ਵੀ ਉਹਨਾਂ ਧਰਮਾਂ ਵਿਚ ਆਪਣੇ ਸਵੈਮਾਣ ਲਈ ਸੰਘਰਸ਼ ਕਰਨਾ ਪੈਂਦਾ ਹੈ ਤਾਂ ਫਿਰ ਆਪਣੇ ਅਛੂਤ ਧਾਰਮਿਕ ਆਗੂਆਂ ਅਤੇ ਰਾਜਨੀਤਿਕ ਆਗੂਆਂ ਨੂੰ ਸਾਵੇਂ ਰੱਖ ਕੇ ਹੀ ਸੰਘਰਸ਼ ਕਿਉਂ ਨਾ ਕੀਤਾ ਜਾਵੇ। ਇਸ ਸਵਾਲ ਦਾ ਜੁਆਬ ਹੀ ਅਛੂਤਾਂ ਦੀ ਰਾਜਨੀਤੀ ਦੀ ਦਿਸ਼ਾ ਅਤੇ ਰਫ਼ਤਾਰ ਨਿਰਧਾਰਿਤ ਕਰੇਗਾ।

ਇੱਥੇ ਇਸ ਗੱਲ ਦਾ ਨਿਤਾਰਾ ਵੀ ਕਰ ਲੈਣਾ ਚਾਹੀਦਾ ਹੈ ਕਿ ਕੀ ਧਰਮ ਪਰਿਵਰਤਨ ਨਾਲ 'ਜਾਤ ਪਰਿਵਰਤਨ' ਵੀ ਹੋ ਜਾਂਦਾ ਹੈ। ਇਸ ਦਾ ਜੁਆਬ ਸਾਨੂੰ ਭਾਰਤ ਦੇ ਸਾਰੇ ਧਰਮਾਂ ਵਿਚਲੀ ਜਾਤ ਪਾਤ ਦੇਖ ਕੇ ਮਿਲ ਜਾਂਦਾ ਹੈ। ਤਾਂ ਫਿਰ ਧਰਮ ਪ੍ਰੀਵਰਤਨ ਦਾ ਅਸਲ ਮਕਸਦ ਤਾਂ ਪੂਰਾ ਹੀ ਨਾ ਹੋਇਆ। ਧਰਮ ਪ੍ਰੀਵਰਤਨ ਨਾਲ ਸਾਡੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਇਹ ਤਾਂ ਡਾ. ਅੰਬੇਡਕਰ ਦੇ ਕਹਿਣ ਅਨੁਸਾਰ ਆਪਣੇ ਯਤਨਾਂ ਨਾਲ ਹੀ ਸਮੱਸਿਆਵਾਂ ਦਾ ਹੱਲ ਹੋਵੇਗਾ। ਜਾਤੀਵਾਦ ਹਰ ਧਰਮ ਵਿਚ ਹੈ। ਗੱਲ ਕੀ ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ! ਇਸ ਦੀ ਇਕ ਉੱਘੀ ਮਿਸਾਲ ਪੇਸ਼ ਕਰਨੀ ਚਾਹਾਂਗੇ ਕਿ ਕਿਵੇਂ ਚੰਗੇ-ਚੰਗੇ ਲੋਕ ਜਾਤ ਪਾਤ ਦਾ ਨਜਾਇਜ਼ ਫਾਇਦਾ ਲੈਂਦੇ ਹਨ। ਸ੍ਰੀ ਲਹੌਰੀ ਰਾਮ ਬਾਲੀ ਡਾ. ਅੰਬੇਡਕਰ ਜੀ ਦੇ ਸਾਹਿਤ ਨੂੰ ਭਾਰਤ ਵਿਚ ਪ੍ਰਚਾਰਨ ਲਈ ਮਸ਼ਹੂਰ ਹਨ। ਉਹਨਾਂ ਦੀ ਇਕ 16 ਸਫਿਆਂ ਦੀ 'ਕਾਂਸ਼ੀ ਔਰ ਉਸ ਕੀ ਰਾਜਨੀਤੀ' ਲਿਖਤ ਦੇ ਸਫਾ 9 ਤੇ ਲਿਖਿਆ ਹੈ, "ਜੋ ਕੋਈ ਮਹਾਰ ਕਾਂਸ਼ੀ ਰਾਮ ਦੇ ਨਾਲ ਹਨ, ਉਹਨਾਂ ਨੂੰ ਉਹ ਕਿਸ ਸ਼੍ਰੇਣੀ ਵਿਚ ਵੰਡਦਾ ਹੈ, ਇਹ ਉਸ ਦੇ ਸਾਥੀ ਉਸਨੂੰ ਜ਼ਰੂਰ ਪੁੱਛਣ।' ਇਸ ਤੋਂ ਪਹਿਲੇ ਇਸ ਦੇ ਸਫਾ 3 ਤੇ ਲਿਖਿਆ ਹੈ, "ਉਹ (ਕਾਂਸ਼ੀ ਰਾਮ) ਹਿੰਦੂ ਧਰਮੀ ਹੈ ਅਤੇ ਚਮਾਰ ਜਾਤੀ ਨਾਲ ਸਬੰਧ ਰੱਖਦਾ ਹੈ।'' ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਮਹਾਰਾਸ਼ਟਰ ਵਿਚ ਮਹਾਰਾਂ ਅਤੇ ਚਮਾਰਾਂ ਵਿਚਲੀ ਕੁੜੱਤਣ ਦਾ ਨਜਾਇਜ਼ ਫਾਇਦਾ ਲੈ ਕੇ ਚਮਾਰ ਜਤੀ ਦੇ ਬਾਬੂ ਕਾਂਸ਼ੀ ਰਾਮ ਖਿਲਾਫ ਮਹਾਰਾਸ਼ਟਰ ਦੇ ਮਹਾਰਾਂ ਨੂੰ ਭੜਕਾਉਣਾ। ਕੱਲ੍ਹ ਨੂੰ ਕੋਈ ਇਹ ਨਾ ਕਹਿ ਦੇਵੇ ਕਿ ਡਾ. ਅੰਬੇਡਕਰ ਤਾਂ ਮਹਾਰ ਸਨ ਤ ਫਿਰ ਚਮਾਰਾਂ ਜਾਂ ਹੋਰ ਜਾਤੀਆਂ ਨੂੰ ਡਾ. ਅੰਬੇਡਕਰ ਦੇ ਮਿਸ਼ਨ ਨੂੰ ਨਹੀਂ ਮੰਨਣਾ ਚਾਹੀਦਾ! ਜਦੋਂ ਕਿ ਮਹਾਰਾਸ਼ਟਰ ਤੋਂ ਬਾਹਰ ਡਾ. ਅੰਬੇਡਕਰ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਾਲੇ ਜ਼ਿਆਦਾਤਰ ਚਮਾਰ ਹੀ ਹਨ। ਜੇ ਅਜਿਹੀ ਸੋਚ ਬਾਬੂ ਮੰਗੂ ਰਾਮ ਮੁੱਗੋਵਲਆ ਵਿਚ ਹੁੰਦੀ ਤਾਂ ਉਹ ਡਾ. ਅੰਬੇਡਕਰ ਦੇ ਮੁਕਾਬਲੇ ਤੇ ਮਦਰਾਸ ਦੇ ਚਮਾਰ ਲੀਡਰ ਐਮ. ਸੀ. ਰਾਜਾ ਨੂੰ ਤਰਜੀਹ ਦਿੰਦੇ। ਪਰ ਬਾਬੂ ਮੁੱਗੋਵਾਲੀਆ ਨੇ ਜੇ ਅਜਿਹਾ ਕੀਤਾ ਹੁੰਦਾ ਤਾਂ ਡਾ. ਅੰਬੇਡਕਰ ਗੋਲਮੇਜ਼ ਕਾਨਫਰੰਸ ਵਿਚ ਹੀ ਗਾਂਧੀ ਹੱਥੋਂ ਮਾਤ ਖਾ ਸਕੇ ਭਾਰਤ ਪੱਧਰ ਦੇ ਲੀਡਰ ਨਾ ਬਣ ਪਾਉਂਦੇ। ਅਜਿਹਾ ਕੁਝ ਵਿਚਾਰਨ ਤੋਂ ਬਾਅਦ ਧਰਮ ਸਬੰਧੀ ਤੀਜਾ ਰਸਤਾ ਹੀ ਅਛੂਤਾਂ ਦੀ ਨਿੱਗਰ ਅਤੇ ਨਿਰੋਲ ਰਾਜਨੀਤੀ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਜਦੋਂ ਵੀ ਵੱਖ-ਵੱਖ ਧਰਮਾਂ 'ਚ ਗਏ ਸ਼ੂਦਰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਏ ਤਾਂ ਉਹਨਾਂ ਧਰਮਾਂ ਤੇ ਕਾਬਜ ਸ਼ੂਦਰ-ਵਿਰੋਧੀ ਲੋਕ ਇਕੱਠੇ ਹੋ ਕੇ ਸ਼ੂਦਰਾਂ ਨੂੰ ਦਬਾਉਣਗੇ, ਜਿਸ ਦੇ ਪ੍ਰਤੀਕਰਮ ਵਜੋਂ ਸਭ ਧਰਮਾਂ ਦੇ ਸ਼ੂਦਰ ਇਕੱਠੇ ਹੋ ਜਾਣਗੇ। ਸ਼ੂਦਰਾਂ ਦੀ ਖੁਸ਼ਹਾਲੀ ਅਤੇ ਸਵੈਮਾਣ ਦੀ ਲੜਾਈ ਦੀ ਸਭ ਤੋਂ ਵੱਡੀ ਰੁਕਾਵਟ ਗੈਰ ਹਿੰਦੂ ਧਰਮਾਂ ਤੇ ਕਾਬਜ਼ ਗੈਰ-ਸ਼ੂਦਰ ਹਨ। 1980 ਦੀਆਂ ਚੋਣਾਂ ਤੋਂ ਬਾਅਦ ਜਦੋਂ ਬਾਬੂ ਜਗਜੀਵਨ ਰਾਮ ਨੇ ਅਨੁਸੂਚਿਤ ਜਾਤੀਆਂ ਅਤੇ ਮੁਸਲਮਾਨਾਂ ਦਾ ਰਾਜਨੀਤਿਕ ਗੱਠਜੋੜ ਕਰਨਾ ਸ਼ੁਰੂ ਕੀਤਾ ਤਾਂ ਉਚ ਜਾਤੀ ਮੁਸਲਮਾਨਾਂ ਨੇ ਇਸ ਦੀ ਸਖਤ ਵਿਰੋਧਤਾ ਕੀਤੀ। ਜੇ ਵੱਖ ਵੱਖ ਧਰਮਾਂ ਦੇ ਸ਼ੂਦਰ ਇਕ ਦੂਜੇ ਦੇ ਰਾਜਨੀਤਿਕ ਤੌਰ 'ਤੇ ਵੀ ਨੇੜੇ ਆ ਗਏ ਤਾਂ ਇਹ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਵੱਡੀ ਕ੍ਰਾਂਤੀ ਦਾ ਆਗਾਜ਼ ਹੋਵੇਗਾ।

ਬਾਬੂ ਜਗਜੀਵਨ ਰਮ ਨੇ ਬਾਹੇਰੀ ਤੌਰ ਚਾਹੇ ਕੋਈ ਅਜਿਹਾ ਅੰਦੋਲਨ ਨਹੀਂ ਚਲਾਇਆ, ਜਿਸ ਨਾਲ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਸਿੱਖ, ਮੁਸਲਮਾਨ, ਇਸਾਈ ਨੇੜੇ ਆਉਣ ਪਰ ਅੰਦਰੋਂ ਅੰਦਰੀ ਉਹਨਾਂ ਨੇ ਪਾਰਲੀਮੈਂਟ ਦੇ ਮੈਂਬਰਾਂ ਅਤੇ ਐਮ. ਐਲ. ਏਜ਼ ਰਾਹੀਂ ਇਹਨਾਂ ਨਾਲ ਨੇੜਤਾ ਕੀਤੀ ਹੋਈ ਸੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਗਲੇ ਸਾਲ ਰਾਸ਼ਟਰਪਤੀ ਦੀ ਚੋਣ ਬਾਬੂ ਜੀ ਆਜ਼ਾਦਾਨਾ ਤੌਰ 'ਤੇ ਲੜਨ ਦਾ ਇਰਾਦਾ ਰੱਖਦੇ ਸਨ। ਨਾ ਤਾਂ ਆਪੋਜ਼ੀਸ਼ਨ ਅਤੇ ਨਾ ਹੀ ਕਾਂਗਰਸ ਬਾਬੂ ਜੀ ਦੀ ਵਿਰੋਧਤਾ ਕਰਕੇ ਅਨੁਸੂਚਿਤ ਜਾਤੀਆਂ ਦੀ ਹਮਦਰਦੀ ਗੁਆਉਣ ਦਾ ਖ਼ਤਰਾ ਮੁੱਲ ਲੈਂਦੀਆਂ। ਜੇ ਕਾਂਗਰਸ ਬਾਬੂ ਜੀ ਦੀ ਵਿਰੋਧਤਾ ਕਰਦੀ ਤਾਂ 1969 ਵੇਲੇ ਸੰਜੀਵਾ ਰੈਡੀ ਦੀ ਚੋਣ ਸਮੇਂ ਵਾਂਗ ਕਾਂਗਰਸ ਫੁੱਟ ਦਾ ਸ਼ਿਕਾਰ ਹੁੰਦੀ। ਕਾਂਗਰਸ ਵੱਲੋਂ ਇਹ ਪ੍ਰਚਾਰਨਾ ਕਿ ਅਗਲਾ ਰਾਸ਼ਟਰਪਤੀ ਬਾਬੂ ਜਗਜੀਵਨ ਰਾਮ ਹੋਣਗੇ, ਸਿਰਫ ਅਨੁਸੂਚਿਤ ਜਾਤੀਆਂ ਦੇ ਵੋਟਰਾਂ ਦੀ ਹਮਦਰਦੀ ਜਿੱਤਣ ਤੋਂ ਸਿਵਾ ਕੁਝ ਨਹੀਂ ਸੀ।

ਬਾਬੂ ਜਗਜੀਵਨ ਰਾਮ ਪ੍ਰਤੀ ਆਰੀਆ ਪ੍ਰੈਸ ਨੇ ਬਹੁਤ ਘਟੀਆ ਰੋਲ ਨਿਭਾਇਆ। ਬਲਿਟਜ਼ ਵਰਗਾ ਸਪਤਾਹਿਕ ਬਾਬੂ ਜੀ ਨੂੰ ਰੱਖਿਆ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਹੁੰਦਿਆਂ ਵੀ 'ਜੱਗੂ' ਲਿਖਦਾ ਰਿਹਾ। ਬਾਕੀ ਦੀ ਆਰੀਆ-ਪ੍ਰੈਸ ਬਾਬੂ ਜੀ ਨੂੰ ਭਾਵੇਂ ਨਾ ਲਿਖਦੀ ਹੋਵੇ ਪਰ ਉਸ ਦੀ ਲਿਖਤ ਬਾਬੂ ਜਗਜੀਵਨ ਰਾਮ ਬਾਰੇ ਘੱਟ ਜੱਗੂ ਚਮਾਰ ਬਾਰੇ ਜ਼ਿਆਦਾ ਸੀ। ਦਰਅਸਲ ਬਾਬੂ ਜਗਜੀਵਨ ਰਾਮ 1969 ਤੋਂ 1979 ਤੱਕ ਬ੍ਰਾਹਮਣਵਾਦ ਲਈ ਏਡਾ ਵੱਡਾ ਖ਼ਤਰਾ ਬਣ ਗਏ ਸਨ ਕਿ ਆਰੀਆ ਪ੍ਰੈਸ ਬੁਖਲਾ ਗਈ। ਆਰੀਆ ਪ੍ਰੈਸ ਅਛੂਤਾਂ ਵਿਚੋਂ ਉਭਰ ਰਹੇ ਆਗੂਆਂ ਵਿਰੁੱਧ ਖਾਸ ਕਰਕੇ ਜ਼ਹਿਰੀਲਾ ਪ੍ਰਚਾਰ ਕਰਕੇ ਉਹਨਾਂ ਦਾ ਅਕਸ ਵਿਗਾੜਦੀਆਂ ਹਨ। ਜਨਤਾ ਪਾਰਟੀ ਦੇ ਰਾਜ ਵੇਲੇ ਬਾਬੂ ਜੀ ਦੇ ਸਪੁੱਤਰ ਸੁਰੇਸ਼ ਦੇ ਸੈਕਸ ਕਾਂਡ ਵਰਗੀ ਸਾਜਿਸ਼ ਰਚ ਕੇ ਉਸ ਨੂੰ ਖੂਬ ਪ੍ਰਚਾਰਿਆ ਜਿਵੇਂ ਇਹ ਸੈਕਸ ਕਾਂਡ ਸੁਰੇਸ਼ ਦਾ ਨਾਂ ਹੋ ਕੇ ਬਾਬੂ ਜਗਜੀਵਨ ਰਾਮ ਦਾ ਹੋਵੇ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਇਸ ਨੂੰ ਉਛਾਲਣ ਵਾਲੇ ਆਪਣੀ ਧੀ ਨਾਲ ਖੇਹ ਖਾਣ ਵਾਲੇ ਬ੍ਰਹਮਾ ਨੂੰ ਦੇਵਤਾ ਮੰਨਦੇ ਹਨ। ਸੁਰੇਸ਼ ਸੈਕਸ ਕਾਂਡ ਬਾਬੂ ਜੀ ਦੀ ਸਾਖ ਨੂੰ ਗਿਰਾਉਣ ਲਈ ਬਹੁਤ ਵੱਡੀ ਸਾਜਿਸ਼ ਸੀ, ਜਿਵੇਂ ਆਰੀਆ ਦਾ ਯੋਧਾ ਇੰਦਰ ਵਿਰੋਧੀਆਂ ਨੂੰ ਕਮਜ਼ੋਰ ਕਰਨ ਲਈ ਸੁੰਦਰ ਔਰਤਾਂ ਦੀ ਮਦਦ ਲੈਂਦਾ ਸੀ। ਡਾ. ਅੰਬੇਡਕਰ ਜੀ ਦਾ ਇਕ ਬ੍ਰਾਹਮਣੀ ਨਾਲ ਵਿਆਹ ਕਰਵਾਉਣਾ ਵੀ ਆਰੀਆ ਦੀ ਇਕ ਬਹੁਤ ਵੱਡੀ ਸਾਜਿਸ਼ ਸੀ, ਜਿਸਨੇ ਡਾ. ਸਾਹਿਬ ਨੂੰ ਸਰੀਰਕ ਅਤੇ ਰਾਜਨੀਤਿਕ ਤੌਰ 'ਤੇ ਕਮਜ਼ੋਰ ਕੀਤਾ। ਆਰੀਆ ਨੇ ਅਕਬਰ ਨੂੰ ਧੀਆਂ ਦੇ ਡੋਲੇ ਦਿੱਤੇ, ਉਹਨਾਂ ਲਈ ਰਾਜਨੀਤਿਕ ਸੱਤਾ ਹੀ ਸਭ ਕੁਝ ਹੈ। ਔਰਤ ਚਾਹੇ ਉਹ ਉਹਨਾਂ ਦੀ ਮਾਂ ਹੋਵੇ, ਭੈਣ ਜਾਂ ਧੀ ਹੋਵੇ, ਉਹਨਾਂ ਲਈ ਕੋਈ ਮਹੱਤਤਾ ਨਹੀਂ ਰੱਖਦੀ! ਹਿੰਦੂ ਪੁਸਤਕਾਂ ਗਵਾਹ ਹਨ। ਅਛੂਤ ਰਾਜਨੀਤੀਵਾਨਾਂ ਨੂੰ ਇਸ ਮਨੁੱਖੀ ਕਮਜ਼ੋਰੀ ਤੋਂ ਬਚ ਕੇ ਚੱਲਣਾ ਹੋਵੇਗਾ। ਆਰੀਆ ਨੇ ਅਛੂਤਾਂ 'ਚੋਂ ਬਣੇ ਆਈ. ਏ. ਐਸ., ਆਈ. ਪੀ. ਐਸ. ਆਦਿ ਉੱਚ ਅਫਸਰਾਂ ਨੂੰ ਆਪਣੀਆਂ ਧੀਆਂ ਵਰ ਕੇ ਅਛੂਤਾਂ ਦੀਆਂ ਆਸ਼ਾਵਾਂ ਤੇ ਪਾਣੀ ਫੇਰ ਦਿੱਤਾ ਹੈ। ਹੋਰ ਤਾਂ ਹੋਰ ਬਾਬੂ ਜਗਜੀਵਨ ਰਾਮ ਦੇ ਦੋਵੇਂ ਪੁੱਤਰ ਧੀ ਵੀ ਉਚ ਜਾਤੀਆਂ ਦੇ ਘਰ ਵਿਆਹੇ। ਇਸ ਗਲਤ ਪ੍ਰਥਾ ਨੇ ਅਛੂਤਾਂ ਦੀ ਖੁਸ਼ਹਾਲੀ ਅਤੇ ਸਵੈਮਾਣ ਦੀ ਲੜਾਈ ਨੂੰ ਧੀਮਾ ਕੀਤਾ ਹੈ। ਅਨੁਸੂਚਿਤ ਜਾਤੀਆਂ ਦੇ ਆਪਸ ਵਿਚ ਵਿਆਹ ਸਲਾਹੁਣਯੋਗ ਹਨ ਕਿਉਂਕਿ ਇਕ ਤਾਂ ਉਹਨਾਂ ਦੇ ਦੁੱਖ ਸਾਂਝੇ ਹਨ ਅਤੇ ਦੂਜਾ ਉਹਨਾਂ ਵਿਚਲੇ ਇਸ ਖੂਨ ਦੇ ਰਿਸ਼ਤੇ ਸਦਕੇ ਉਹਨਾਂ ਵਿਚ ਸਰਵਪੱਖੀ ਨੇੜਤਾ ਹੋ ਕੇ ਪੀਡੀ ਹੋਵੇਗੀ। ਕੁਝ ਸਮਾਂ ਪਾ ਕੇ ਜਦੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਬਰਾਬਰੀ ਤੇ ਹੋ ਜਾਣ ਫਿਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿਚ ਵਿਆਹ ਹੋਣੇ ਸਲਾਹੁਣ ਯੋਗ ਹੋਣਗੇ।

ਇਸ ਤੋਂ ਬਾਅਦ ਬਾਬੂ ਜਗਜੀਵਨ ਰਾਮ ਦੀ ਜਾਇਦਾਦ ਨੂੰ ਵੀ ਲੈ ਕੇ ਆਰੀਆ ਪ੍ਰੈਸ ਨੇ ਬੜਾ ਰੌਲਾ ਪਾਇਆ ਹੈ। ਗੈਰ ਕਾਨੂੰਨੀ ਅਤੇ ਗੈਰ-ਇਖਲਾਕੀ ਤਰੀਕਿਆਂ ਨਾਲ ਕੋਈ ਜਾਇਦਾਦ ਪ੍ਰਾਪਤ ਕਰਨਾ ਨਿੰਦਣਯੋਗ ਹੈ। ਪਰ ਬਾਬੂ ਜੀ ਦੀ ਜਾਇਦਾਦ ਨੂੰ ਲੈ ਕੇ ਆਰੀਆ ਪ੍ਰੈਸ ਜੋ ਰੌਲਾ ਪਾ ਰਹੀ ਹੈ, ਕੀ ਬਾਬੂ ਜੀ ਦੀ ਜਾਇਦਾਦ ਜਹਾਨੋਂ ਬਾਹਰੀ ਹੈ? ਜੇ ਬਾਬੂ ਜੀ ਉਪ ਪ੍ਰਧਾਨ ਬਣਨ ਤੱਕ ਇੰਨੀ ਜਾਇਦਾਦ ਬਣਾ ਗਏ ਤਾਂ ਜਿਸ ਖਾਨਦਾਨ ਦੀਆਂ ਤਿੰਨ ਪੀੜ੍ਹੀਆਂ ਪ੍ਰਧਾਨ ਮੰਤਰੀ ਬਣੀਆਂ ਹੋਣ, ਉਹਨਾਂ ਨੇ ਕਿੰਨੀ ਜਾਇਦਾਦ ਬਣਾਈ ਹੋਵੇਗੀ? ਆਰੀਆ ਪ੍ਰੈਸ ਇਸ ਬਾਰੇ ਕਿਉਂ ਚੁੱਪ ਹੈ? ਦਰਅਸਲ ਆਰੀਆ ਪ੍ਰੈਸ ਦੀ ਸੋਚਣੀ ਮਨੂੰ ਸਿਮ੍ਰਤੀ ਵਰਗੀ ਹੈ। ਮਨੂੰ-ਸਿਮ੍ਰਤੀ 'ਚ ਲਿਖਿਆ ਹੈ ਕਿ ਸ਼ੂਦਰ ਜੇ ਸਮਰੱਥ ਹੋਵੇ ਤਾਂ ਵੀ ਉਸ ਕੋਲ ਦੌਲਤ ਇਕੱਠੀ ਨਹੀਂ ਹੋਣ ਦੇਣੀ ਚਾਹੀਦੀ। ਜੇ ਸ਼ੂਦਰ ਦੇ ਕੋਲ ਦੌਲਤ ਹੋ ਜਾਵੇ ਤਾਂ ਉਹ ਸ਼ੂਦਰ ਬ੍ਰਾਹਮਣਾਂ ਨੂੰ ਹੀ ਦੁਖੀ ਕਰਦਾ ਹੈ। ਸੋ, ਆਰੀਆ ਸ਼ੂਦਰਾਂ ਨੂੰ ਖੁਸ਼ਹਾਲ ਹੋਇਆ ਦੇਖਣਾ ਨਹੀਂ ਚਾਹੁੰਦਾ ਕਿਉਂਕਿ ਅਮੀਰ ਆਦਮੀ ਨੂੰ ਚਾਹੇ ਚੂਹੜਾ ਚਾਹੇ ਚਮਾਰ ਕਹਿ ਵੀ ਦਿਓ, ਉਸ 'ਤੇ ਇੰਨਾ ਅਸਰ ਨਹੀਂ ਹੁੰਦਾ। ਕਬੀਰ ਸਾਹਿਬ ਨੇ ਤਾਂ ਰੱਬ ਨੂੰ ਵੀ ਕਹਿ ਦਿੱਤਾ ਸੀ ਕਿ ਆਹ ਲੈ ਆਪਣੀ ਮਾਲਾ, ਮੇਰੇ ਕੋਲੋਂ ਭੁੱਖਿਆਂ ਭਗਤੀ ਨਹੀਂ ਹੁੰਦੀ!। ਦੁਨੀਆਂ ਵਿਚ ਆਰਥਿਕ ਮਸਲਿਆਂ ਦੀ ਲੜਾਈ ਹੈ ਪਰ ਭਾਰਤ ਦੇ ਸ਼ੂਦਰ ਆਰਥਿਕਤਾ ਦੇ ਨਾਲ ਸਵੈਮਾਣਤਾ ਦੀ ਲੜਾਈ ਵੀ ਲੜ ਰਹੇ ਹਨ। ਭਾਰਤ ਦੇ ਫਿਰਕਾਪ੍ਰਸਤ ਕਮਿਊਨਿਸਟਾਂ ਦੀ ਬੁਰਜੂਆ ਅਤੇ ਪ੍ਰੋਲੋਤਾਰੀ ਦੀ ਪਰਖ ਕਰਨ ਵਿਚ ਅਸਫਲ ਰਹਿਣ ਵਿਚ ਹੀ ਉਹਨਾਂ ਹੀ ਅਸਫਲਤਾ ਛੁਪੀ ਹੈ! ਅਛੂਤਾਂ ਨੂੰ ਸਭ ਤੋਂ ਪਹਿਲੋਂ ਆਪਣੀ ਆਰਥਿਕ ਦਸ਼ਾ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਆਰਥਿਕ ਮੰਦਹਾਲੀ ਉਹਨਾਂ ਦੀ ਸਾਰੀ ਕਬਲੀਅਤ ਨੂੰ ਧੁੰਦਲਾ ਦਿੰਦੀ ਹੈ। ਆਰੀਆਂ ਨੇ ਦੂਜਿਆਂ ਨੂੰ ਮਾਇਆ (ਦੌਲਤ) ਨਾਗਣੀ ਕਹਿ ਕੇ ਸ਼ੂਦਰਾਂ ਨੂੰ ਦੌਲਤ ਪ੍ਰਤੀ ਉਪਰਾਮ ਕਰੀ ਰੱਖਿਆ। ਆਰੀਆ ਵੱਲੋਂ ਸ਼ੂਦਰਾਂ ਦੀਆਂ ਅਗਾਂਹ ਵਧੂ ਸੰਸਥਾਵਾਂ ਤੇ ਵਿਦੇਸ਼ੋਂ ਧਨ ਮਿਲਣ ਦੇ ਇਲਜ਼ਾਮ ਲਾਉਣ ਵਿਚ ਕੋਈ ਤੁਕ ਨਹੀਂ। ਸੁਆਲ ਵਿਦੇਸ਼ੀ ਧਨ ਅਤੇ ਦੇਸੀ ਧਨ ਦਾ ਨਹੀਂ, ਸੁਆਲ ਉਸਦੀ ਦੁਰਵਰਤੋਂ ਦਾ ਹੈ? ਕੀ ਆਰੀਆ ਦੌਲਤ ਦੇ ਸਿਰ ਤੇ ਭਾਰਤ ਦੇ ਲੋਕਤੰਤਰ ਨੂੰ ਪ੍ਰਲੋਕ ਤੰਤਰ ਨਹੀਂ ਬਣਾਈ ਬੈਠੇ? ਸੋ ਸ਼ੂਦਰਾਂ ਨੂੰ ਵੱਧ ਤੋਂ ਵੱਧ ਆਪਣੀਆਂ ਗੈਰ ਰਾਜਨੀਤਿਕ ਜੜ੍ਹਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਆਮ ਕਰਕੇ ਬਾਬੂ ਜਗਜੀਵਨ ਰਾਮ ਤੇ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹਨਾਂ ਨੇ ਅਛੂਤਾਂ ਲਈ ਕੁਝ ਨਹੀਂ ਕੀਤਾ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਉਹ ਕੁਝ ਨਹੀਂ ਕੀਤਾ ਜੋ ਉਹ ਕਰ ਸਕਦੇ ਸਨ। ਦਰਅਸਲ ਬਾਬੂ ਜਗਜੀਵਨ ਰਾਮ ਦਾ ਦੁਖਾਂਤ ਇਹ ਰਿਹਾ ਹੈ ਕਿ ਉਹਨਾਂ ਨੇ ਜੋ ਵੀ ਅਛੂਤਾਂ ਲਈ ਕੀਤਾ, ਉਸਦਾ ਸਿਹਰਾ ਜਾਂ ਤਾਂ ਡਾ. ਅੰਬੇਡਕਰ ਲੈ ਗਏ ਜਾਂ ਸ਼੍ਰੀਮਤੀ ਇੰਦਰਾ ਗਾਂਧੀ ਲੈ ਗਏ। ਬਾਬੂ ਜਗਜੀਵਨ ਰਾਮ ਜਿਸ ਵੀ ਮਹਿਕਮੇ ਵਿਚ ਗਏ, ਉਹਨਾਂ ਨੇ ਉਥੇ ਰਿਜ਼ਰਵੇਸ਼ਨ ਪੂਰੀ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਬਹੁਤ ਹੱਦ ਤੱਕ ਸਫਲ ਵੀ ਰਹੇ। 1948 ਵਿਚ ਉਹਨਾਂ ਨੇ ਕਿਰਤ ਮੰਤਰੀ ਹੁੰਦਿਆਂ ਘੱਟੋ ਘੱਟ ਦਿਹਾੜੀ ਮਨਜ਼ੂਰ ਕਰਵਾਈ। ਉਹਨਾਂ ਨੇ ਰਾਇਲ ਕਮਿਸ਼ਨ 1931 ਅਤੇ ਕਿਰਤ ਅਨੁਸੰਧਾਨ ਸਮਿਤੀ 1946 ਦੀਆਂ ਸਿਫਾਰਸ਼ਾਂ ਨੂੰ ਪੂਰਾ ਕਰਕੇ ਵੱਖੋ ਵੱਖ ਕਾਨੂੰਨਾਂ ਰਾਹੀਂ ਮਜ਼ਦੂਰਾਂ ਦੇ ਲਈ ਹੱਕ ਅਤੇ ਸੁਵਿਧਾਵਾਂ ਰੱਖੀਆਂ।

ਮਜ਼ਦੂਰ ਵਰਗ, ਜੋ ਮੁੱਖ ਤੌਰ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ 'ਚੋਂ ਹੀ ਹਨ, ਦੀ ਬਿਹਤਰੀ ਲਈ ਬਾਬੂ ਜਗਜੀਵਨ ਰਾਮ ਨੇ 1946 ਤੋਂ ਸਤੰਬਰ 1952 ਤੱਕ ਕਿਰਤ ਮੰਤਰੀ ਹੋਣ ਸਮੇਂ ਅਨੇਕਾਂ ਕਾਨੂੰਨ ਬਣਾਏ ਜਿਹਨਾਂ ਵਿਚੋਂ ਮੁੱਖ ਸਨ- ਇੰਡਸਟਰੀਅਲ ਇੰਪਲਾਇਮੈਂਟ ਐਕਟ 1946, ਮਾਈਕਾ ਮਾਈਨਸ ਲੇਬਰ ਵੈਲਫੇਅਰ ਫੰਡ ਐਕਟ 1947, ਇੰਡਸਟਰੀਅਲ ਡਿਸਪਿਊਟ ਐਕਟ 1947, ਡਾਕ ਵਰਕਰਸ ਐਕਟ 1948, ਫੈਕਟਰੀਜ਼ ਐਕਟ 1948, ਮਿਨੀਮਮ ਵੇਜਸ ਐਕਟ 1948, ਇੰਪਲਾਈਜ਼ ਸਟੇਟ ਇੰਸ਼ੋਰੈਂਸ ਐਕਟ 1948, ਕੋਲਮਾਈਨਜ਼ ਪ੍ਰਾਵੀਡੈਂਟ ਫੰਡ ਐਂਡ ਬੋਨਸਸਕੀਸ ਐਕਟ 1948, ਇੰਡਸਟਰੀਅਲ ਡਿਸਪਿਊਟਸ (ਏਪੋਲੇਟ ਟ੍ਰਿਬਿਊਨਲ) ਐਕਟ 1950, ਪਲੇਂਟੇਸ਼ਨ ਲੇਬਰ ਐਕਟ 1951, ਇੰਪਲਾਈਜ਼ ਪ੍ਰਾਵੀਡੈਂਟ ਫੰਡ ਐਕਟ 1952, ਕੋਲ ਮਾਈਨਜ਼ (ਕੰਜਰਵੇਸ਼ਨ ਐਂਡ ਸੇਫਟੀ) ਐਕਟ 1952। ਬਾਬੂ ਜਗਜੀਵਨ ਰਾਮ ਦੇ ਇਹਨਾਂ ਕਾਨੂੰਨਾਂ ਨੇ ਜਿੱਥੇ ਮਜ਼ਦੂਰਾਂ ਨੂੰ ਫਾਇਦਾ ਪਹੁੰਚਾਇਆ, ਉਥੇ ਆਰੀਆ ਪ੍ਰੈਸ ਨੇ ਬਾਬੂ ਜੀ ਦੀ ਜੀਅ ਭਰ ਕੇ ਆਲੋਚਨਾ ਕੀਤੀ।

ਬਾਬੂ ਜੀ ਨੇ ਸੰਚਾਰ ਮੰਤਰੀ ਹੁੰਦਿਆਂ ਗੈਰ-ਸਰਕਾਰੀ ਹਵਾਈ ਕੰਪਨੀਆਂ ਦਾ ਰਾਸ਼ਟਰੀਕਰਨ ਕਰਕੇ ਭਾਰਤ ਵਿਚ ਰਾਸ਼ਟਰੀਕਰਨ ਦੀ ਨੀਂਹ ਰੱਖੀ। ਇਸ ਤੋਂ ਬਾਅਦ ਹੀ 1956 ਵਿਚ ਜੀਵਨ ਬੀਮਾ ਦਾ ਕੌਮੀਕਰਨ ਕਰਕੇ ਜੀਵਨ ਬੀਮਾ ਕਾਰਪੋਰੇਸ਼ਨ ਅਤੇ 1969 ਅਤੇ 1980 ਵਿਚ ਕ੍ਰਮਵਾਰ 14 ਅਤੇ 6 ਬੈਂਕਾਂ ਦਾ ਕੌਮੀਕਰਨ ਹੋਇਆ। ਸ਼ੂਦਰਾਂ ਨੂੰ, ਜੋ ਆਰੀਆ ਸਾਮਰਾਜਵਾਦੀਆਂ ਦੇ ਮਨੂੰ-ਸਿਮ੍ਰਤੀ ਸੰਵਿਧਾਨ ਤਹਿਤ ਹਰ ਤਰ੍ਹਾਂ ਦੇ ਮੌਲਿਕ ਅਧਿਕਾਰਾਂ ਤੋਂ ਬਿਲਕੁਲ ਵਾਂਝੇ ਰੱਖੇ ਗਏ ਸਨ, ਉਹਨਾਂ ਨੂੰ ਦੇਸ਼ ਦੀ ਹਰ ਸ਼ੈਅ ਦੇ ਕੌਮੀਕਰਨ ਦੀ ਮੰਗ ਕਰਨੀ ਅਤੇ ਮਨਵਾਉਣੀ ਚਾਹੀਦੀ ਹੈ। ਇਸ ਨਾਲ ਉਹਨਾਂ ਦੇ ਵਿਰੋਧੀ ਆਰਥਿਕ ਪੱਖੋਂ ਕਮਜ਼ੋਰ ਅਤੇ ਉਹ ਆਰਥਿਕ ਪੱਖੋਂ ਨਿੱਗਰ ਹੋਣਗੇ। ਬੈਂਕਾਂ ਦਾ ਕੌਮੀਕਰਨ ਇਕ ਉਘੀ ਮਿਸਾਲ ਹੈ। ਉਸ ਤੋਂ ਪਹਿਲੋਂ ਬੈਂਕਾਂ ਵਿਚ ਅਛੂਤਾਂ ਦੀ ਮੁਲਾਜ਼ਮਤ ਜ਼ੀਰੋ ਬਰਾਬਰ ਸੀ ਪਰ ਬੈਂਕਾਂ ਦੇ ਕੌਮੀਕਰਨ ਨਾਲ ਉਹਨਾਂ ਨੂੰ ਬੈਂਕਾਂ ਵਿਚ ਨੌਕਰੀਆਂ ਮਿਲੀਆਂ। ਸ਼ੂਦਰਾਂ ਨੂੰ ਦੂਜਿਆਂ ਤੇ ਵਿਸ਼ਵਾਸ ਕਰਨ ਨਾਲੋਂ ਆਪਣੇ ਡੌਲਿਆਂ ਅਤੇ ਦਿਮਾਗ 'ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਪੰਜਾਬ ਐਂਡ ਸਿੰਧ ਬੈਂਕ ਵਿਚ ਕੌਮੀਕਰਨ ਤੋਂ ਪਹਿਲੋਂ ਅਛੂਤਾਂ 'ਚੋਂ ਸਜੇ ਸਿੱਖਾਂ ਨਾਲ ਜਿਸ ਤਰ੍ਹਾਂ ਵਿਤਕਰਾ ਕੀਤਾ ਜਾਂਦਾ ਰਿਹਾ ਉਹ ਸਭ ਜਾਣਦੇ ਹਨ। ਸਿੱਖੀ ਦੇ ਨਾਂ ਤੇ ਭਾਪਿਆਂ ਨੂੰ ਥੋਕ ਦੇ ਭਾਅ ਪੰਜਾਬ ਐਂਡ ਸਿੰਧ ਬੈਂਕ ਵਿਚ ਭਰਤੀ ਕੀਤਾ ਗਿਆ।

ਬਾਬੂ ਜੀ ਤੋਂ ਪਹਿਲੋਂ ਜੋ ਡਾਕਖਾਨਾ ਘਾਟੇ ਵਿਚ ਜਾਂਦਾ ਸੀ, ਉਸ ਨੂੰ ਬੰਦ ਕਰ ਦਿੱਤਾ ਜਾਂਦਾ ਸੀ ਪਰ ਬਾਬੂ ਜੀ ਨੇ ਇਸ ਨਿਯਮ ਨੂੰ ਬੰਦ ਕਰਕੇ ਆਮ ਲੋਕਾਂ ਤੱਕ ਡਾਕ ਸਹੂਲਤਾਂ ਪਹੁੰਚਾਈਆਂ। ਇਹ ਸਹੂਲਤ ਸਦੀਓਂ ਦੱਬੇ ਲੋਕਾਂ ਲਈ ਬੇਹੱਦ ਲਾਭਦਾਇਕ ਸਿੱਧ ਹੋਈ ਜਿਸ ਨਾਲ ਉਹਨਾਂ ਨੂੰ ਆਪਣੇ ਵਿਚਾਰ ਲਿਖਤੀ ਤੌਰ ਤੇ ਪ੍ਰਗਟ ਕਰਨ, ਚਾਹੇ ਉਹ ਰਿਸ਼ਤੇਦਾਰਾਂ ਵਿਚ ਹੀ ਸਹੀ, ਦੀ ਸਹੂਲਤ ਮਿਲੀ।

ਆਵਾਜਾਈ ਅਤੇ ਰੇਲ ਮੰਤਰੀ (ਦਸੰਬਰ 1956 ਤੋਂ 9 ਅਪ੍ਰੈਲ 1962) ਵਜੋਂ ਬਾਬੂ ਜੀ ਭਾਰਤੀ ਰੇਲ ਨੂੰ ਗੱਡੀ ਯੁੱਗ ਤੋਂ ਤੇਜ਼ ਰਫ਼ਤਾਰ ਰੇਲ-ਯੁੱਗ 'ਚ ਲੈ ਗਏ। ਤੀਸਰੇ ਦਰਜੇ ਦੇ ਰੇਲ ਡੱਬਿਆਂ 'ਚ ਪੱਖੇ ਲੁਆਏ, ਰੇਲਵੇ ਦੇ ਕਰਮਚਾਰੀਆਂ ਨੂੰ ਪੈਨਸ਼ਨ ਯੋਜਨਾ ਲਾਗੂ ਕੀਤੀ, ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਵਿਸ਼ੇਸ਼ ਸਹੂਲਤਾਂ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ-ਜਾਤੀਆਂ ਦੇ ਕਰਮਚਾਰੀਆਂ ਲਈ ਤਰੱਕੀ ਵਿਚ

**(ਬਾਕੀ ਅਗਲੇ ਸਫੇ 'ਤੇ)**

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ




ਜਾਮਨਗਰ (ਗੁਜਰਾਤ) ਵਿਖੇ ਜਲ ਸੈਨਾ ਦੇ ਸਿੱਖਿਆਰਥੀਆਂ ਵੱਲੋਂ ਜੇਤੂ ਰੱਖਿਆ ਮੰਤਰੀ ਬਾਬੂ ਜਗਜੀਵਨ ਰਾਮ ਜੀ ਨੂੰ ਸਲੂਟ।



ਆਦਮਪੁਰ ਦੁਆਬਾ ਵਿਖੇ 22 ਫਰਵਰੀ 1972 ਨੂੰ ਬੰਗਲਾਦੇਸ਼ ਯੁੱਧ ਦੇ ਜੇਤੂ ਰੱਖਿਆ ਮੰਤਰੀ ਬਾਬੂ ਜੀ ਨੂੰ ਤਲਵਾਰ ਭੇਂਟ ਕਰਦੇ ਹੋਏ। ਨਾਲ ਖੜ੍ਹੇ ਹਨ ਮਰਹੂਮ ਗੁਰਦਿਆਲ ਸੈਣੀ (ਉਸ ਵਕਤ ਦੇ ਵਿਧਾਇਕ)।



ਬਾਬੂ ਜਗਜੀਵਨ ਰਾਮ ਨਾਲ ਉਸ ਵਕਤ ਦੇ ਜਨਤਾ ਪਾਰਟੀ ਦੇ ਹੋਰ ਲੀਡਰ, ਸੱਜਿਉਂ ਸ੍ਰੀ ਅਟਲ ਬਿਹਾਰੀ ਵਾਜਪਾਈ, ਸ੍ਰੀ ਚੰਦਰਸ਼ੇਖਰ, ਮੋਰਾਰਜੀ ਦੇਸਾਈ ਆਦਿ।

ਰਿਜ਼ਰਵੇਸ਼ਨ ਕਰਵਾ ਕੇ ਸਖਤੀ ਨਾਲ ਲਾਗੂ ਕਰਵਾਇਆ। ਬਾਬੂ ਜੀ ਦੇ ਰੇਲ ਮੰਤਰੀ ਹੋਣ ਸਮੇਂ 2500 ਰੇਲ ਇੰਜਣ, 78000 ਯਾਤਰੀ ਡੱਬੇ ਅਤੇ 99000 ਮਾਲ ਡੱਬੇ ਹੋਰ ਸ਼ਾਮਲ ਕੀਤੇ। ਆਵਾਜਾਈ ਦੇ ਸਾਧਨਾਂ ਦੀ ਬਹੁਲਤਾ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦੀ ਹੈ। ਇਸੇ ਕਰਕੇ ਬਾਬੂ ਜੀ ਨੇ ਰੇਲਾਂ 'ਚ ਸੁਧਾਰ ਕਰਕੇ ਅਤੇ ਰੇਲ ਮੰਤਰੀ ਹੁੰਦਿਆਂ ਪੰਜ ਬਜਟ ਪੇਸ਼ ਕੀਤੇ ਪਰ ਇਕ ਵੇਰਾਂ ਵੀ ਕਿਰਾਇਆ ਨਾ ਵਧਾ ਕੇ ਆਮ ਲੋਕਾਂ ਨੂੰ ਇਕ ਦੂਜੇ ਨੂੰ ਆਵਾਜਾਈ ਰਾਹੀਂ ਨੇੜੇ ਆ ਕੇ ਵਿਚਾਰਾਂ ਦੇ ਆਦਾਨ ਪ੍ਰਦਾਨ ਨੂੰ ਉਤਸ਼ਾਹਿਤ ਕੀਤਾ! ਰੇਲਾਂ ਨੇ ਛੂਆ ਛਾਤ ਨੂੰ ਘਟਾਉਣ ਵਿਚ ਕਿੰਨਾ ਰੋਲ ਅਦਾ ਕੀਤਾ, ਇਸ ਬਾਰੇ ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ ਸ੍ਰੀ ਗਾਂਧੀ ਨਾਲੋਂ ਵੱਧ ਰੇਲਾਂ ਵਿਚ ਵੱਖ-ਵੱਖ ਜਾਤਾਂ ਦੇ ਲੋਕਾਂ ਵੱਲੋਂ ਸਫਰ ਕਰਨ ਨਾਲ ਰੇਲਾਂ ਨੇ ਛੂਆਛਾਤ ਨੂੰ ਘਟਾਇਆ ਹੈ। ਹੋਰ ਤਾਂ ਹੋਰ ਬਾਬੂ ਜੀ ਨੇ ਛੂਆਛਾਤ ਤੇ ਕਿਰਿਆਤਮਕ ਚੋਟ ਕਰਨ ਲਈ ਰੇਲਵੇ ਵਿਚ ਪਾਣੀ ਪਿਲਾਉਣ ਵਾਲੇ ਮੁਲਾਜ਼ਮ ਵੀ ਅਛੂਤ ਹੀ ਭਰਤੀ ਕੀਤੇ। ਪੋਸਟ ਐਂਡ ਟੈਲੀਗਰਾਫ ਮਹਿਕਮੇ ਵਿਚ ਅਨੁਸੂਚਤਿ ਜਾਤੀਆਂ ਦੇ ਮੁਲਾਜ਼ਮਾਂ ਦੀ ਬਹੁਲਤਾ ਬਾਬੂ ਜੀ ਦਾ ਆਪਣੇ ਲੋਕਾਂ ਪ੍ਰਤੀ ਪਿਆਰ ਦਾ ਸਬੂਤ ਹੈ।

ਇਹਨਾਂ ਕ੍ਰਾਂਤੀਕਾਰੀ ਕੰਮਾਂ ਨੇ ਬਾਬੂ ਜੀ ਨੂੰ ਭਾਰਤੀਆਂ ਖਾਸ ਕਰਕੇ ਆਮ ਵੋਟਰਾਂ ਵਿਚ ਹਰਮਨ ਪਿਆਰੇ ਬਣਾ ਦਿੱਤਾ। ਉਹਨਾਂ ਦੀ ਲੋਕ ਪ੍ਰਿਅਤਾ ਸ੍ਰੀ ਨਹਿਰੂ ਨੇ ਖ਼ਤਰਾ ਮਹਿਸੂਸ ਕਰਕੇ ਕਾਮਰਾਜ ਯੋਜਨਾ ਬਣਾਈ। ਇਸ ਯੋਜਨਾ ਦਾ ਮੁੱਖ ਨਿਸ਼ਾਨਾ ਬਾਬੂ ਜੀ ਅਤੇ ਸ੍ਰੀ ਦਿਸਾਈ ਨੂੰ ਮੰਤਰੀ ਮੰਡਲ ਤੋਂ ਵੱਖ ਕਰਨਾ ਸੀ। ਸ੍ਰੀ ਨਹਿਰੂ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਹ ਸਮਝਦੇ ਸਨ ਕਿ ਇਹ ਦੋਵੇਂ ਨੇਤਾ ਉਹਨਾਂ ਤੋਂ ਬਾਅਦ ਉਸਦੀ ਪੁੱਤਰੀ ਸ੍ਰੀਮਤੀ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਚ ਸਭ ਤੋਂ ਵੱਡੀ ਰੁਕਾਵਟ ਬਣਨਗੇ। ਪਰ ਬਾਬੂ ਜੀ ਨੂੰ 'ਕੱਬੇ ਦੇ ਲੱਤ ਮਾਰਨ ਵਾਂਗ' ਕਾਂਗਰਸ ਸੰਗਠਨ ਦਾ 19 ਮਹੀਨੇ (ਪਹਿਲੀ ਸਤੰਬਰ ਤੋਂ 23 ਜਨਵਰੀ 1966) ਕੰਮ ਕਰਕੇ ਪਾਰਟੀ ਵਿਚ ਆਪਣੀ ਪੁਜੀਸ਼ਨ ਮਜ਼ਬੂਤ ਕਰ ਲਈ। ਜਿਸ ਦੇ ਸਦਕੇ ਉਹ ਤਿੰਨ ਸਾਲਾਂ ਬਾਅਦ ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਦੇ ਫੈਸਲੇ ਵਿਚ ਨਿਰਣਾਇਕ ਭੂਮਿਕਾ ਅਦਾ ਕਰਨ 'ਚ ਸਫਲ ਰਹੇ। ਬਾਬੂ ਜੀ ਦਾ ਕਿਸਾਨਾਂ ਪ੍ਰਤੀ ਵੀ ਅਥਾਹ ਪਿਆਰ ਸੀ। ਦੋ ਵਾਰ ਉਹ ਖੁਰਾਕ, ਖੇਤੀਬਾੜੀ ਮੰਤਰੀ ਬਣੇ ਤਾਂ ਦੇਸ਼ ਵਿਚ ਅਕਾਲ ਵਰਗੀ ਹਾਲਤ ਸੀ। ਪਰ ਬਾਬੂ ਜੀ ਨੇ 'ਹਰੀ ਕ੍ਰਾਂਤੀ' ਦਾ ਨਾਹਰਾ ਦਿੱਤਾ, ਜਿਸ ਨੂੰ ਸਫਲ ਕਰਨ ਲਈ ਛੇ ਸੂਤਰੀ ਪ੍ਰੋਗਰਾਮ ਬਣਾਇਆ;

1. ਯੋਜਨਾਬੱਧ ਭੂਮੀ ਕਾਨੂੰਨ
2. ਸਾਰੇ ਕਿਸਾਨਾਂ ਲਈ ਅਪਣਾਈ ਜਾਣ ਵਾਲੀ ਸਮਾਨ ਨੀਤੀ।
3. ਜੋ ਜ਼ਮੀਨ 'ਚ ਹਲ ਚਲਾਵੇ, ਜ਼ਮੀਨ ਉਸੇ ਦੀ ਮਲਕੀਅਤ।
4. ਜ਼ਮੀਨ ਦਾ ਇਲਾਕੇਵਾਰ ਵਿਕਸ।
5. ਸਾਰੇ ਕਿਸਾਨ ਵਰਗ ਨੂੰ ਕਰਜ਼ਾ ਸਹੂਲਤਾਂ।
6. ਕਿਸਾਨਾਂ ਦੁਆਰਾ ਪੈਦਾਵਾਰ ਨੂੰ ਉਤਸ਼ਾਹਿਤ ਕਰਨ ਲਈ 'ਕੀਮਤ ਮਿੱਥਣਾ।

ਇਸ ਨਾਲ ਕਿਸਾਨਾਂ ਦਾ ਡਰ ਦੂਰ ਹੋ ਗਿਆ ਕਿ ਜੋ ਜ਼ਮੀਨ 'ਚ ਅੱਜ ਹ.ਲ ਵਾਹ ਰਹੇ ਹਾਂ ਕਲ੍ਹ ਵੀ ਉਸ ਕੋਲ ਰਹੇਗੀ ਅਤੇ ਉਸ ਨੂੰ ਆਪਣੀ ਪੈਦਾਵਾਰ ਦਾ ਠੀਕ ਮੁੱਲ ਮਿਲਣ ਨਾਲ ਉਸ ਨੇ ਖੇਤੀਬਾੜੀ ਵੱਲ ਉਤਸ਼ਾਹਿਤ ਹੋ ਕੇ ਕੰਮ ਕੀਤਾ, ਜਿਸ ਦੇ ਸਿੱਟੇ ਵਜੋਂ ਭਾਰਤ ਹਰਿਆਲੀ ਨਾਲ ਲਹਿਰਾ ਉਠਿਆ। ਇਸ ਹਰੀ ਕ੍ਰਾਂਤੀ ਦਾ ਸਭ ਤੋਂ ਵੱਧ ਲਾਭ ਪੰਜਾਬ ਦੇ ਕਿਸਾਨ ਨੂੰ ਹੋਇਆ। ਬਾਬੂ ਜੀ ਨੇ ਖੇਤੀਬਾੜੀ ਮੰਤਰੀ ਵਜੋਂ ਸ਼ੂਦਰ ਕਿਸਾਨ ਨੂੰ ਹਰੀ ਕ੍ਰਾਂਤੀ ਰਾਹੀਂ ਖੁਸ਼ਹਾਲ ਕਰਕੇ ਕਿਸਾਨਾਂ ਨੂੰ ਬ੍ਰਾਹਮਣਵਾਦ ਦੇ ਮੁਕਾਬਲੇ ਲਿਆ ਖੜ੍ਹਾ ਕੀਤਾ। ਪੰਜਾਬ ਸਮੱਸਿਆ ਨੂੰ ਹੱਲ ਕਰਨ ਸਬੰਧੀ ਬਣਾਈ ਸੰਮਤੀ ਦਾ ਚੇਅਰਮੈਨ ਬਾਬੂ ਜੀ ਨੂੰ ਬਣਾਉਣ ਪਿੱਛੋਂ ਇਹ ਵੀ ਰਾਜ ਸੀ ਕਿ ਬਾਬੂ ਜੀ ਖੇਤੀਬਾੜੀ ਮੰਤਰੀ, ਦੋ ਵਾਰ ਰੱਖਿਆ ਮੰਤਰੀ ਬਣਨ ਅਤੇ 1977 ਵਿਚ ਜਨਤਾ ਪਾਰਟੀ ਰਾਜ ਵੇਲੇ ਸਿੱਖਾਂ ਦੇ ਬਹੁਤ ਨੇੜੇ ਅਤੇ ਸਤਿਕਾਰੇ ਜਾਂਦੇ ਸਨ। ਇਕ ਤਰ੍ਹਾਂ ਬਾਬੂ ਜੀ ਨੇ ਹਰੀ ਕ੍ਰਾਂਤੀ ਰਾਹੀਂ ਸਿੱਖੀ ਦੀ ਰੀੜ੍ਹ ਦੀ ਹੱਡੀ ਕਿਸਾਨੀ ਨੂੰ ਖੁਸ਼ਹਾਲ ਕਰਕੇ ਸਿੱਖ ਧਰਮ ਨੂੰ ਬ੍ਰਾਹਮਣਵਾਦ ਦੇ ਮੁਕਾਬਲੇ ਲਿਆ ਖੜ੍ਹਾ ਕੀਤਾ। ਬਾਬੂ ਜੀ ਦੋ ਵਾਰ ਰੱਖਿਆ ਮੰਤਰੀ ਬਣੇ। ਜਿਹਨਾਂ ਲੋਕਾਂ ਨੂੰ ਸਦੀਆਂ ਤੋਂ ਲਤਾੜਿਆ ਗਿਆ ਹੋਵੇ, ਉਹਨਾਂ ਵਿਚੋਂ ਪੈਦਾ ਹੋਇਆ ਸਖਸ਼ ਦੇਸ਼ ਦਾ ਰੱਖਿਆ ਮੰਤਰੀ ਬਣ ਕੇ ਬੰਗਲਾਦੇਸ਼ ਵਰਗਾ ਨਵਾਂ ਮੁਲਕ ਬਣਾ ਦਏ, 95000 ਫੌਜੀਆਂ ਤੋਂ ਹਥਿਆਰ ਸੁਟਵਾ ਦਏ, ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆਂ ਦੇ ਇਤਿਹਾਸ ਵਿਚ ਮਿਲੇ। ਇਸ ਯੁੱਧ ਵਿਚ ਬਾਬੂ ਜੀ ਦੀ ਯੋਗ ਅਗਵਾਈ 'ਚ ਭਾਰਤੀ ਫੌਜ ਨੇ ਉਹ ਕ੍ਰਿਸ਼ਮੇ ਦਿਖਾਏ ਕਿ ਭਾਰਤ ਇਕ ਵੱਡੀ ਸ਼ਕਤੀ ਵਜੋਂ ਉਭਰਿਆ।

ਇਸ ਯੁੱਧ ਵਿਚ ਜਿੱਤ ਦੀ ਮਹੱਤਤਾ ਉਦੋਂ ਹੋਰ ਵੀ ਵੱਧ ਜਾਂਦੀ ਹੈ, ਜਦੋਂ ਨਾਨ-ਮਾਰਸ਼ਲ ਕੌਮ ਦੇ ਰੱਖਿਆ ਮੰਤਰੀ ਨੇ ਮਾਰਸ਼ਲ, ਨਾਨ-ਮਾਰਸ਼ਲ ਦਾ ਸਿਧਾਂਤ ਹੁਣ ਦੇ ਆਧੁਨਿਕ ਹਥਿਆਰਾਂ ਦੀ ਵਰਤੋਂ ਵਾਲੇ ਸਮੇਂ 'ਚ ਬੇਲੋੜਾ ਸਮਝ ਕੇ ਖਤਮ ਕਰ ਦਿੱਤਾ ਅਤੇ ਸਾਰੀਆਂ ਜਾਤਾਂ ਲਈ ਫੌਜ ਵਿਚ ਭਰਤੀ ਦੇ ਦਰਵਾਜ਼ੇ ਖੋਲ੍ਹੇ।



ਬਾਬੂ ਜਗਜੀਵਨ ਰਾਮ ਨੂੰ ਅੰਤਿਮ ਵਿਦਾਇਗੀ ਦੀ ਇਕ ਤਸਵੀਰ

ਬਾਬੂ ਜੀ ਦਾ ਇਹ ਕਦਮ ਬੜੀ ਦਲੇਰੀ ਅਤੇ ਸੂਝ ਭਰਿਆ ਸੀ। ਸ਼ੂਦਰਾਂ ਨੂੰ ਫੌਜ ਵਿਚ ਭਰਤੀ ਹੋਣ ਦੀ ਵਧੇਰੇ ਖੁੱਲ੍ਹ ਨੇ ਹਿੰਦੂ ਧਰਮ ਦੀ ਵਰਣ ਵਿਵਸਥਾ ਤੇ ਕਰਾਰੀ ਚੋਟ ਕੀਤੀ।

ਬਾਬੂ ਜਗਜੀਵਨ ਰਾਮ ਤੇ ਇਕ ਇਲਜ਼ਾਮ ਕੁਝ ਲੋਕਾਂ ਵੱਲੋਂ ਇਹ ਲਾਇਆ ਜਾਂਦਾ ਹੈ ਕਿ ਉਹ 'ਭਵੀਸ਼ਨ' ਸਨ। ਪਰ ਸੁਆਲ ਉਠਦਾ ਹੈ ਕਿ ਉਹ ਅਛੂਤਾਂ ਦੇ 'ਭਵੀਸ਼ਨ' ਸਨ ਜਾਂ ਬ੍ਰਾਹਮਣਵਾਦਆਂ ਦੇ 'ਭਵੀਸ਼ਨ' ਸਨ? ਤੇ 'ਭਵੀਸ਼ਨ' ਦੀ ਪਰਿਭਾਸ਼ਾ ਕੀ ਹੈ? ਅਜਿਹਾ ਦੋਸ਼ ਲਾਉਣ ਵਾਲੇ ਲੋਕ ਉਹਨੇ ਜੋ ਅਛੂਤਾਂ ਦੀ ਹੋਂਦ ਨਾ ਤਾਂ ਸ਼ਾਸਕ ਦਲ ਅਤੇ ਨਾ ਹੀ ਵਿਰੋਧੀ ਦਲਾਂ ਵਿਚ ਪਸੰਦ ਕਰਦੇ ਹਨ। ਜੇ ਅਜਿਹਾ ਦੋਸ਼ ਲਾਉਣ ਵਾਲੇ ਬਾਬੂ ਜੀ ਦੇ ਕਾਂਗਰਸ ਵਿਚ ਰਹਿਣ ਕਰਕੇ ਹੈ ਤਾਂ ਇਹ ਉਸ ਸਮੇਂ ਦੀ ਅਛੂਤਾਂ ਦੀ ਰਾਜਨੀਤੀ ਦੀ 'ਮਜ਼ਬੂਰੀ' ਸੀ। ਡਾ. ਅੰਬੇਡਕਰ ਅਤੇ ਬਾਬੂ ਜਗਜੀਵਨ ਰਾਮ ਦੋਵੇਂ ਨਹਿਰੂ ਮੰਤਰੀ ਮੰਡਲ ਵਿਚ ਸ਼ਾਮਲ ਹੋਏ। ਡਾ. ਅੰਬੇਡਕਰ ਨੇ ਕਾਂਗਰਸ ਵਿਚ ਆਪਣੇ ਆਪ ਨੂੰ 'ਅਛੂਤ' ਸਮਝਦਿਆਂ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ। ਬਾਬੂ ਜਗਜੀਵਨ ਰਾਮ ਨੇ 1977 ਵਿਚ ਕਾਂਗਰਸ ਨੂੰ ਉਸ ਸਮੇਂ ਛੱਡਿਆ ਜਦੋਂ ਉਹਨਾਂ ਦੇ ਕਾਂਗਰਸ ਛੱਡਣ ਨਾਲ ਕਾਂਗਰਸ ਅਰਸ਼ ਤੋਂ ਫਰਸ਼ ਤੇ ਆ ਡਿੱਗੀ। ਉਸ ਤੋਂ ਬਾਅਦ ਉਹ ਅੰਤ ਤੱਕ ਕਾਂਗਰਸ 'ਚ ਨਹੀਂ ਗਏ। ਜਦੋਂ ਉਹਨਾਂ ਦੀ ਪੁੱਤਰੀ ਮੀਰਾਂ ਕੁਮਾਰ ਨੇ ਬਿਜਨੌਰ (ਯੂ. ਪੀ.) ਤੋਂ ਕਾਂਗਰਸ ਦੀ ਟਿਕਟ ਤੋਂ ਲੋਕ ਸਭਾ ਚੋਣ ਲੜੀ ਤਾਂ ਉਹਨਾਂ ਨੇ ਕਿਹਾ ਸੀ, "ਮੈਂ ਪਿਤਾ ਹੋਣ ਦੇ ਨਾਤੇ ਮੀਰਾਂ ਨੂੰ ਅਸ਼ੀਰਵਾਦ ਜ਼ਰੂਰ ਦਿੱਤਾ ਹੈ, ਪਰ ਕੰਨ ਖੋਲ੍ਹ ਕੇ ਸੁਣ ਲਓ, ਮੈਂ ਕਾਂਗਰਸ ਵਿਚ ਸ਼ਾਮਲ ਨਹੀਂ ਹੋ ਰਿਹਾ ਹਾਂ, ਹੋਵਾਂਗਾ ਵੀ ਨਹੀਂ।

ਬਾਬੂ ਜੀ ਤੇ ਅਜਿਹਾ ਦੋਸ਼ ਲਾਉਣ ਵਾਲਿਆਂ ਦਾ ਜੇ ਇਹ ਭਾਵ ਹੈ ਕਿ ਕਾਂਗਰਸ ਵਿਚ ਜਾਣ ਵਾਲਾ 'ਭਵੀਸ਼ਨ' ਹੈ ਤਾਂ ਉਹ ਬਹੁਜਨ ਸਮਾਜ ਪਾਰਟੀ ਨੂੰ ਵੀ ਭਵੀਸ਼ਣਾਂ ਦੀ ਪਾਰਟੀ ਹੀ ਸਮਝਦੇ ਹਨ। ਬੀਤੇ ਦਿਨੀਂ ਉਹਨਾਂ ਨੇ ਬਾਮਸੇਫ, ਡੀ. ਐਫ. ਫੋਰ ਅਤੇ ਬਹੁਜਨ ਸਮਾਜ ਪਾਰਟੀ ਤਿੰਨਾਂ ਨੂੰ ਰਾਜਨੀਤਿਕ ਪਾਰਟੀਆਂ ਅਤੇ ਇਹਨਾਂ ਨੂੰ ਵਿਦੇਸ਼ੀ ਧਨ ਮਿਲਣ ਦਾ ਇਲਜ਼ਾਮ ਲਾਇਆ। ਹੁਣ ਫੈਸਲਾ ਲੋਕ ਹੀ ਕਰਨ ਕਿ ਬਹੁਜਨ ਸਮਾਜ ਪਾਰਟੀ ਦੇ ਸਿਰਲੱਥ ਆਗੂ ਤੇ ਵਰਕਰ 'ਭਵੀਸ਼ਨ' ਹਨ ਜਾਂ ਅਜਿਹਾ ਦੋਸ਼ ਲਾਉਣ ਵਾਲੇ 'ਭਵੀਸ਼ਨ' ਹਨ? ਬਹੁਜਨ ਸਮਾਜ ਪਾਰਟੀ ਨੂੰ ਵਿਦੇਸ਼ੋਂ ਧਨ ਮਿਲਣ ਦਾ ਦੋਸ਼ ਲਾਉਣ ਵਾਲਿਆਂ ਨੂੰ ਕਮਿਊਨਿਸਟ ਪਾਰਟੀਆਂ ਨੂੰ ਵਿਦੇਸ਼ੋਂ ਮਿਲਦਾ ਧਨ ਨਹੀਂ ਦਿਸਦਾ? ਦਰਅਸਲ ਅਜਿਹਾ ਦੇਸ਼ ਲਾਉਣ ਵਾਲੇ ਆਪ ਹੀ ਭਵੀਸ਼ਨ ਤਾਂ ਕੀ ਬ੍ਰਾਹਮਣਵਾਦੀਆਂ ਦੇ 'ਹਨੂਮਾਨ' ਬਣ ਗਏ ਹਨ"। ਬਾਬੂ ਜੀ ਨੇ ਅਛੂਤਾਂ ਨੂੰ ਕਦੇ ਵੀ ਹੱਕ ਮੰਗਣੋਂ ਨਹੀਂ ਵਰਜਿਆ ਸਗੋਂ ਉਹਨਾਂ ਅਛੂਤਾਂ ਨੂੰ ਕਿਹਾ, "ਹਿੰਦੂਆਂ ਵੱਲੋਂ ਧਰਤੀ ਅਤੇ ਜੋ ਹੱਕ ਸਾਡੇ ਤੋਂ ਖੋਹੇ ਹਨ, ਸਾਨੂੰ ਉਹਨਾਂ ਨਾਲ ਲੜ ਕੇ ਵਾਪਸ ਲੈਣਾ ਹੈ, ਸਾਨੂੰ ਹੱਕਾਂ ਲਈ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ, ਇਸ ਵਿਚ ਕੁਝ ਜਾਨਾਂ ਵੀ ਜਾ ਸਕਦੀਆਂਹ ਨ ਪਰ ਇਸ ਨਾਲ ਘਬਰਾ ਕੇ ਉਹਨਾਂ ਦੇ ਪੈਰਾਂ ਥੱਲੇ ਕੁਚਲਣ ਲਈ ਮਜਬੂਰ ਨਹੀਂ ਹੋਣਾ। ਦੇਸ਼ ਵਿਚ ਸਾਡੀ ਇੰਨੀ ਤਾਦਾਦ ਹੈ ਕਿ ਜੇ ਚਾਹੀਏ ਤਾਂ ਅਸੀਂ ਇਕ ਵੱਖਰਾ ਦੇਸ਼ ਬਣਾ ਸਕਦੇ ਹਾਂ। ਭਾਵੇਂ ਡਾ. ਰਾਜਿੰਦਰ ਪ੍ਰਸ਼ਾਦ, ਬਾਬੂ ਜਗਜੀਵਨ ਰਾਮ ਦੇ ਰਾਜਨੀਤਿਕ ਗੁਰੂ ਸਨ ਪਰ ਬਾਬੂ ਜੀ ਨੇ ਉਹਨਾਂ ਨੂੰ ਬੜੀ ਦਲੇਰੀ ਨਾਲ ਅੰਧ-ਵਿਸ਼ਵਾਸੀ ਕਿਹਾ। ਭਵੀਸ਼ਨ ਕਦੇ ਵੀ ਸ੍ਰੀ ਰਾਮ ਚੰਦਰ ਖਿਲਾਫ ਬੋਲਦਾ ਨਹੀਂ ਪਰ ਬਾਬੂ ਜਗਜੀਵਨ ਰਾਮ ਨੇ ਕਾਂਗਰਸ ਤੋਂ ਵਿਦਰੋਹ ਕਰਕੇ ਅਛੂਤ ਰਾਜਨੀਤੀਵਾਨਾਂ ਨੂੰ ਬਾਗੀ ਹੋਣਾ ਸਿਖਾਇਆ। ਰਾਮ ਧੰਨ ਅਤੇ ਚਾਂਦੀ ਰਾਮ ਵਰਗੇ ਇਕੱਲੇ ਹੀ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਿਚ ਹੋ ਕੇ ਸ਼ਰੇਆਮ ਉਸਦੀਆਂ ਅਛੂਤ ਵਿਰੋਧੀ ਕੰਮਾਂ ਨੂੰ ਨਿੰਦਣ ਲਈ ਬਾਬੂ ਜੀ ਤੋਂ ਉਤਸ਼ਾਹਿਤ ਹੋਏ।

ਉਪਰੋਕਤ ਵਿਸਥਾਰ ਪੂਰਵਕ ਵਰਣਨ ਤੋਂ ਇਹੀ ਸਿੱਧ ਹੁੰਦਾ ਹੈ ਕਿ ਬਾਬੂ ਜਗਜੀਵਨ ਰਾਮ ਨੇ ਰਾਜਨੀਤੀ ਰਾਹੀਂ ਸ਼ੂਦਰਾਂ ਖਾਸ ਕਰਕੇ ਅਛੂਤ ਦਾ ਸੁਧਾਰ ਕੀਤਾ। ਬਾਬੂ ਜਗਜੀਵਨ ਰਾਮ ਦ ਮੁਲਾਂਕਣ ਕਰਨ ਵੇਲੇ ਉਹਨਾਂ ਨੂੰ ਰਾਜਨੀਤੀਵਾਨ ਵਜੋਂ ਦੇਖਿਆਂ ਸਹੀ ਤਸਵੀਰ ਪੇਸ਼ ਹੁੰਦੀ ਹੈ।

ਅਛੂਤਾਂ ਦੀ ਅਜੋਕੀ ਸਿਆਸਤ ਜ਼ਬਾਨੀ ਜਮ੍ਹਾ ਖਰਚ ਬਣ ਕੇ ਰਹਿ ਗਈ ਹੈ। ਬ੍ਰਾਹਮਣਵਾਦ ਨੂੰ ਕੌਣ ਕਿੰਨਾ ਭੰਡਦਾ ਉਹੀ ਉਨਾ ਵੱਡਾ ਲੀਡਰ। ਬ੍ਰਾਹਮਣਵਾਦ ਨੂੰ ਕਮਜ਼ੋਰ ਕਰਨ ਲਈ ਸਭ ਤੋਂ ਵੱਧ ਸਵੈ-ਸੁਧਾਰ ਜ਼ਰੂਰੀ ਹੈ। ਅੱਜ ਇਹ ਚਰਚਾ ਕਰਨ ਦੀ ਲੋੜ ਨਹੀਂ ਕਿ ਡਾਕਟਰ ਅੰਬੇਡਕਰ ਜੀ ਵੱਲੋਂ ਔਰਤਾਂ ਨੂੰ ਵੋਟ ਦਾ ਹੱਕ ਸੰਵਿਧਾਨ 'ਚ ਅੰਕਿਤ ਕਰਨ ਨਾਲ ਹੀ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਰਤੀ ਬਣੀ, ਅੱਜ ਇਹ ਸੋਚਣ ਦਾ ਸਮਾਂ: ਹੈ ਕਿ ਅਛੂਤ ਔਰਤ ਪ੍ਰਧਾਨ ਮੰਤਰੀ ਤਾਂ ਕੀ, ਉਸ ਕੋਲੋਂ ਇੰਨੇ ਸਾਲਾਂ ਬਾਅਦ ਵੀ ਦਾਤੀ ਰੰਬਾ ਕਿਉਂ ਨਹੀਂ ਛੁੱਟਾ? ਅੱਜ ਲੋੜ ਹੈ ਸੋਚਣ ਦੀ ਕਿ ਖੇਤਾਂ ਵਿਚ ਕੰਮ ਕਰਦਾ ਮਜ਼ਦੂਰ ਕਿਉਂ ਨਿਤਾਣਾ, ਨਿਮਾਣਾ ਅਤੇ ਨਿਆਸਰਾ ਹੈ? ਅੱਜ ਲੋੜ ਹੈ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੀ ਆਵਾਜ਼ ਖੇਤਾਂ, ਫੈਕਟਰੀਆਂ ਵਿਚ ਲਿਜਾਣ ਦੀ।

ਜਿਉਂ-ਜਿਉਂ ਸਮਾਂ ਬੀਤਦਾ ਜਾਏਗਾ ਬਾਬੂ ਜਗਜੀਵਨ ਰਾਮ ਦੀਆਂ ਪ੍ਰਾਪਤੀਆਂ ਲੋਕਾਂ ਸਾਹਵੇਂ ਆਉਂਦੀਆਂ ਜਾਣਗੀਆਂ। ਅਛੂਤਾਂ 'ਚੋਂ ਜੋ ਲੋਕ ਰਾਜਨੀਤੀ ਵਿਚ ਰੁਚੀ ਰੱਖਦੇ ਹਨ, ਉਹਨਾਂ ਨੂੰ ਬਾਬੂ ਜਗਜੀਵਨ ਰਾਮ ਬਾਰੇ ਗਹਿਨ ਅਧਿਐਨ ਕੀਤਿਆਂ ਪਤਾ ਲੱਗੇਗਾ ਕਿ ਕਿਵੇਂ ਇਕ ਆਮ ਆਦਮੀ ਤੋਂ ਉਠ ਕੇ ਉਹ ਭਾਰਤ ਵਰਗੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਨੇੜੇ ਤੇੜੇ ਪੁੱਜ ਗਏ। ਬਾਬੂ ਜਗਜੀਵਨ ਰਾਮ ਅਛੂਤਾਂ ਦੇ 'ਚਾਣਕਿਆ' ਸਨ। ਬਾਬੂ ਜੀ ਦੇ ਸਦੀਵੀ ਚਲਾਣੇ ਨਾਲ ਇਕ ਯੁੱਗ ਸਮਾਪਤ ਹੋ ਗਿਆ ਹੈ। ਜਿੱਥੇ ਅਛੂਤ ਆਪਦੇ ਨਵੇਂ ਆਗੂ ਦੀ ਤਲਾਸ਼ ਵਿਚ ਹਨ, ਉਥੇ ਕਾਂਗਰਸ ਨੂੰ ਅਛੂਤਾਂ ਦੀਆਂ ਵੋਟਾਂ ਦਿਵਾਉਣ ਵਾਲੇ ਦੀ ਤਲਾਸ਼ ਹੈ। ਅਛੂਤਾਂ ਦੀਆਂ ਨਜ਼ਰਾਂ ਵਿਚ ਕਾਂਗਰਸ ਮੀਰਾ ਕੁਮਾਰ, ਜੋਗਿੰਦਰ ਮਕਵਾਨਾ, ਬੂਟਾ ਸਿੰਘ, ਰਾਮ ਧਨ, ਚਾਂਦ ਰਾਮ ਅਤੇ ਆਪੋਜ਼ੀਸ਼ਨ ਪਾਰਟੀਆਂ ਵਿਚ ਬਾਬੂ ਕਾਂਸ਼ੀ ਰਾਮ ਅਤੇ ਰਾਮ ਬਿਲਾਸ ਪਾਸਵਾਨ ਵਿਚੋਂ ਆਪਣਾ ਲੀਡਰ ਭਾਲ ਰਹੀਆਂ ਹਨ। ਅਛੂਤਾਂ ਦੀ ਰਾਜਨੀਤੀ ਦੀ ਹਾਲਤ ਠੀਕ 60 ਸਾਲ ਪਹਿਲਾਂ ਡਾ. ਅੰਬੇਡਕਰ ਜੀ ਦੇ ਸਦੀਵੀ ਵਿਛੋੜੇ ਵੇਲੇ ਵਰਗੀ ਹੋ ਗਈ ਹੈ।

ਭਾਰਤ ਵਿਚ ਸਿੰਧੂ ਘਾਟੀ ਦੇ ਵਾਸੀਆਂ ਦੀ ਫੌਜ ਦਾ ਹਾਥੀ, ਆਰੀਆਂ ਦੀ ਫੌਜ ਦੇ ਘੋੜੇ ਤੋਂ ਹਾਰ ਗਿਆ। ਹਾਥੀ ਤਾਕਤ ਵਿਚ ਬੇਜੋੜ ਹੁੰਦਾ ਹੈ ਪਰ ਚੁਸਤ ਅਤੇ ਚਲਾਕ ਨਹੀਂ ਹੁੰਦਾ। ਘੋੜਾ ਤਾਕਤ ਵਿਚ ਹਾਥੀ ਤੋਂ ਬਹੁਤ ਪਿੱਛੇ ਹੁੰਦਾ ਹੈ ਪਰ ਚੁਸਤੀ ਅਤੇ ਚਲਾਕੀ ਵਿਚ ਹਾਥੀ ਨੂੰ ਮਾਤ ਪਾ ਜਾਂਦਾ ਹੈ। ਅੱਜ ਵੀ ਭਾਰਤ ਦੇ ਆਦਿਵਾਸੀਆਂ ਦੀ ਰਾਜਨੀਤਿਕ ਲੜਾਈ ਵਿਚ ਚੋਣ ਨਿਸ਼ਾਨ ਹਾਥੀ ਹੀ ਹੈ। ਆਦਿਵਾਸੀਆਂ ਨੂੰ ਆਪਣੇ ਹਾਥੀ ਦੀ ਤਾਕਤ 'ਤੇ ਮਾਣ ਕਰਨ ਦੇ ਨਾਲ ਨਾਲ ਹਾਥੀ ਨੂੰ ਆਰੀਆ ਦੇ ਘੋੜੇ ਦੀ ਚਲਾਕੀ ਅਤੇ ਚੁਸਤੀ ਦੇ ਮੁਕਾਬਲੇ 'ਤੇ ਵੀ ਲਿਆਉਣਾ ਹੋਵੇਗਾ। ਆਦਿਵਾਸੀਆਂ ਆਪਣੇ ਲੜਾਈ ਦੇ ਤੌਰ ਤਰੀਕਿਆਂ ਵਿਚ ਸਮੇਂ-ਸਮੇਂ ਲੋੜ ਅਨੁਸਾਰ ਤਬਦੀਲੀ ਕਰਦੇ ਰਹਿਣ ਚਾਹੀਦਾ ਹੈ।

ਉਪਰੋਕਤ ਚਰਚਾ ਕਰਨ ਤੋਂ ਸਾਡਾ ਭਾਵ ਹੈ ਕਿ ਸਾਨੂੰ ਆਪਣੇ ਦੁਸ਼ਮਣਾਂ ਤੇ ਇਤਬਾਰ ਨਹੀਂ ਕਰਨਾ ਚਾਹੀਦਾ ਅਤੇ ਦੁਸ਼ਮਣ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਸਾਡਾ ਦੁਸ਼ਮਣ ਧੋਖੇ ਨਾਲ ਅਤੇ ਘਰ ਵਿਚ ਫੁੱਟ ਪਾ ਕੇ ਬਾਲੀ, ਰਾਵਣ, ਕੁੰਭਕਰਨ, ਮੇਘਨਾਥ, ਰਾਜਾ ਹਰਨਾਖਸ਼, ਰਾਜਾ ਜਲੰਧਰ, ਗੁਰੂ ਰਵਿਦਾਸ ਨੂੰ ਕਤਲ ਕਰਨ ਵਾਲਾ ਹੈ। ਸਾਡਾ ਦੁਸ਼ਮਣ ਸਾਡੇ ਨਾਲ ਮੁਕਾਬਲਾ ਕਰਨ ਦੀ ਜੁਰਅਤ ਨਹੀਂ ਰੱਖਦਾ ਅਤੇ ਅਸੀਂ ਉਸ ਵਾਂਗ ਮਕਾਰੀ ਕਰਨ ਦਾ ਦਿਲ ਨਹੀਂ ਰੱਖਦੇ। ਸਾਡਾ ਦੁਸ਼ਮਣ ਆਟੇ ਦੀਆਂ ਗਊਆਂ ਦੀਆਂ ਸਹੁੰਆਂ ਖਾ ਕੇ ਮੁੱਕਰ ਜਾਂਦਾਹੈਂ। ਸਾਡਾ ਦੁਸ਼ਮਣ ਅਕਬਰਾਂ ਨੂੰ ਆਪਣੀਆਂ ਧੀਆਂ ਪੇਸ਼ ਕਰਕੇ ਰਾਜ 'ਚ ਭਾਈਵਾਲ ਬਣ ਕੇ ਸਾਡੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਵੱਲ ਕੈਰੀ ਅੱਖ ਨਾਲ ਦੇਖਦਾ ਹੈ। ਸਾਡਾ ਦੁਸ਼ਮਣ ਗਾਂਧੀ ਦੇ ਰੂਪ ਵਿਚ ਪੂਨਾ ਪੈਕਟ ਦੀ ਤਲਵਾਰ ਨਾਲ ਸਾਡਾ ਮਲੀਆਮੇਟ ਕਰਨਾ ਚਾਹੁੰਦਾ ਹੈ। ਸਾਡਾ ਦੁਸ਼ਮਣ ਮਰਨ ਵੇਲੇ ਆਪਣੀ ਔਲਾਦ ਨੂੰ ਆਪਣੇ ਦੁਸ਼ਮਣਾਂ ਦਾ ਨਾਂ ਪਤਾ ਦੱਸ ਜਾਂਦਾ ਹੈ ਪਰ ਇਕ ਅਸੀਂ ਹਾਂ ਜੋ ਸਵੇਰੇ ਦੀ ਬੇਇਜ਼ਤੀ ਸ਼ਾਮ ਨੂੰ ਭੁੱਲ ਜਾਂਦੇ ਹਾਂ।

ਸਾਡਾ ਦੁਸ਼ਮਣ ਵੀਹਵੀਂ ਸਦੀ ਵਿਚ ਵੀ ਸਾਨੂੰ, ਸਾਡੇ ਆਗੂਆਂ ਨੂੰ ਖਤਮ ਕਰਨ ਦੀਆਂ ਵਿਉਂਤਾਂ ਘੜਦਾ ਰਹਿੰਦਾ ਹੈ। ਸਾਡੇ ਦੁਸ਼ਮਣ ਆਰੀਆ ਲਈ ਸਾਡਾ (ਸ਼ੂਦਰ) ਦਾ ਕਤਲ ਕੁੱਤੇ ਬਿੱਲੀ ਤੋਂ ਵੱਧ ਨਹੀਂ। ਜਿਹਾ ਕੁੱਤਾ ਮਾਰ ਲਿਆ, ਤੇਹਾ ਸ਼ੂਦਰ ਮਾਰ ਲਿਆ। ਸਾਡਾ ਦੁਸ਼ਮਣ ਆਰੀਆ ਸਾਡੇ ਰਹਿਬਰ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਭਵੀਸ਼ਨ ਸ਼ੂਦਰਾਨੰਦ ਦੇ ਰਾਹੀਂ ਜ਼ਹਿਰ ਦਿਵਾਉਂਦਾ ਹੈ। ਸਾਡਾ ਦੁਸ਼ਮਣ ਆਰੀਆ ਸਾਡੇ ਰਹਿਬਰ ਡਾ. ਅੰਬੇਡਕਰ ਨੂੰ ਹਿੰਦੂ ਮਹਾਂ ਸਭਾ ਦੇ ਆਗੂ ਵੀਰ ਸਾਵਰਕਰ ਦੇ ਭਰਾ ਬਾਬਾ ਸਾਵਰਕਰ ਰਾਹੀਂ ਭੋਜਨ ਵਿਚ ਜ਼ਹਿਰ ਦੇ ਕੇ ਮਾਰਨਾ ਚਾਹੁੰਦਾ ਹੈ। ਸਾਡਾ ਦੁਸ਼ਮਣ ਆਰੀਆ ਸਾਡੇ ਬਾਬੂ ਜਗਜੀਵਨ ਰਾਮ ਨੂੰ ਮਾਰਚ 1977 ਵਿਚ ਰਾਮ ਮਨੋਹਰ ਲੋਹੀਆ ਹਸਪਤਾਲ, ਦਿੱਲੀ ਵਿਚ ਡਾਕਟਰਾਂ ਦੀ ਮਦਦ ਨਾਲ ਕਤਲ ਕਰਨਾ ਚਾਹੁੰਦਾ ਸੀ। ਅੰਤ ਬਾਬੂ ਜਗਜੀਵਨ ਰਾਮ ਉਸੇ ਹਸਪਤਾਲ ਵਿਚ ਸਦੀਵੀ ਵਿਛੋੜਾ ਦੇ ਗਏ। ਪਤਾ ਨਹੀਂ ਸਭ ਕੁਝ ਇਤਿਹਾਸ ਫਰੋਲਦਿਆਂ ਮੇਰੇ ਜਿਹਨ ਵਿਚ ਕਿਉਂ ਰਹਿ ਰਹਿ ਕੇ ਇਹ ਖਿਆਲ ਆਉਂਦਾ ਹੈ ਕਿ ਬਾਬ ਜਗਜੀਵਨ ਰਾਮ ਨੂੰ ਕਿਧਰੇ ਆਰੀਆ ਨੇ ਕਤਲ ਨਾ ਕਰ ਦਿੱਤਾ ਹੋਵੇ। ਇਸੇ ਹਸਪਤਾਲ ਵਿਚ ਕੁਝ ਆਰੀਆ ਡਾਕਟਰ ਅਜਿਹੇ ਹਨ ਜਿਹਨਾਂ ਕਰਕੇ ਬਹੁਤ ਲੋਕ ਇਸ ਹਸਪਤਾਲ ਨੂੰ ਵਿਰੋਧੀਆਂ ਨੂੰ ਜਿਬਾਹ ਕਰਨ ਵਾਲਾ ਹਸਪਤਾਲ ਕਹਿੰਦੇ ਹਨ। ਡਾ. ਰਾਮ ਮਨੋਹਰ ਲੋਹੀਆ ਵਰਗੇ ਵਿਰੋਧੀ ਰਾਜਨੀਤਾਵਾਨ ਦੀ ਮੌਤ ਵੀ ਸ਼ੱਕੀ ਹਾਲਤਾਂ ਵਿਚ ਇਸੇ ਹਸਪਤਾਲ ਵਿਚ ਉਸੇ ਕਮਰੇ ਵਿਚ ਹੋਈ ਜਿੱਥੇ ਬਾਬੂ ਜਗਜੀਵਨ ਰਾਮ ਦੀ ਹੋਈ। ਬਾਬੂ ਜੀ ਦੇ ਸਦੀਵੀ ਵਿਛੋੜੇ ਦੀ ਤਰੀਕ ਬਾਰੇ ਚਰਚਾ ਵੀ ਕੁਝ ਸ਼ੰਕਿਆਂ ਨੂੰ ਬਲ ਦਿੰਦੀ ਹੈ। ਬਾਬੂ ਜੀ ਨੂੰ ਡਾਕਟਰੀ ਇਲਾਜ ਲਈ ਇੰਗਲੈਂਡ, ਜਿੱਥੇ ਉਹ ਪਹਿਲੋਂ ਇਲਾਜ ਕਰਵਾਉਂਦੇ ਸੀ ਕਿਉਂ ਨਹੀਂ ਲਿਜਾਇਆ ਗਿਆ ਜਾਂ ਇੰਗਲੈਂਡ ਦੇ ਡਾਕਟਰਾਂ ਨੂੰ ਭਾਰਤ ਕਿਉਂ ਨਹੀਂ ਬੁਲਾਇਆ ਗਿਆ?

ਕਾਂਗਰਸ ਵਿਚ ਅਛੂਤਾਂ ਦੀ ਉਹੀ ਨੁਮਾਇੰਦਗੀ ਕਰਦਾ ਦਿਸੇਗਾ ਜੋ ਹਾਲ ਦੀ ਘੜੀ ਕਾਂਗਰਸ ਹਾਈ ਕਮਾਂਡ ਦੀ ਨਿਗਾਹ ਵਿਚ ਸਭ ਤੋਂ ਵੱਧ ਆਗਿਆਕਾਰ ਅਤੇ ਅਛੂਤਾਂ ਦੀਆਂ ਵੋਟਾਂ ਥੋਕ ਦੇ ਭਾਅ ਕਾਂਗਰਸ ਨੂੰ ਪੁਆ ਸਕਣ ਦਾ ਦਮ ਰੱਖ ਸਕਦਾ ਹੋਵੇ। ਕਾਂਗਰਸ ਕਿੜ ਕੇ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਹਰਿਆਣਾ ਤੱਕ ਰਹਿ ਗਈ ਹੈ। ਇਹਨਾਂ ਸੂਬਿਆਂ ਵਿਚੋਂ ਬਿਹਾਰ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਸੂਬੇ ਕਾਂਗਰਸ ਦੀ ਰੀੜ੍ਹ ਦੀ ਹੱਡੀ ਹਨ। ਸੋ ਫੈਸਲਾ ਇਹਨਾਂ ਸੂਬਿਆਂ ਦੇ ਅਛੂਤ ਲੀਡਰ ਦੇ ਹੱਕ ਵਿਚ ਹੀ ਹੋਵੇਗਾ। ਜਿਸ ਵਿਚ ਮੀਰਾ ਕੁਮਾਰ ਅਤੇ ਰਾਮ ਧਨ ਵਿਚਕਾਰ ਟੱਕਰ ਹੋਵੇਗੀ। 25 ਅਗਸਤ 1986 ਨੂੰ ਸ੍ਰੀਮਤੀ ਇੰਦਰਾਣੀ ਜਗਜੀਵਨ ਰਾਮ ਵਾਲੀ ਕਾਂਗਰਸ (ਜੇ) ਦੇ ਕਾਂਗਰਸ ਵਿਚ ਮਿਲਣ ਨਾਲ ਸ੍ਰੀਮਤੀ ਮੀਰਾ ਕੁਮਾਰ ਦੀ ਕਾਂਗਰਸ ਵਿਚ ਪੁਜੀਸ਼ਨ ਹੋਰ ਮਜ਼ਬੂਤ ਹੋ ਗਈ ਹੈ। ਸ੍ਰੀਮਤੀ ਮੀਰਾ ਕੁਮਾਰ ਦੇ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਨਾਲ ਉਹ ਸ੍ਰੀ ਰਾਮ ਧਨ ਨੂੰ ਕਾਂਗਰਸ ਵਿਚ ਬਹੁਤ ਪਿੱਛੇ ਛੱਡ ਗਏ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop